
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 20
August 26, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਨ ਕ੍ਰਾਂਤੀਕਾਰੀ ਸ਼ਹੀਦ ਸ਼ਿਵਰਾਮ ਰਾਜਗੁਰੂ ਜੀ ਦੇ ਜਨਮ ਦਿਨ ਤੇ ਅਦਾਰਾ 'ਦੇਸ਼ ਦੁਆਬਾ' ਉਹਨਾਂ ਦੀ ਮਹਾਨਤਾ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। ਪ੍ਰੋ. ਐਚ. ਐਲ. ਕਪੂਰ ਦਾ ਵਿਸੇਸ ਲੇਖ ਦੇਖੋ ਸਫਾ 24 'ਤੇ)




ਸਾਡੇ ਬਹੁਤ ਹੀ ਮਾਣਯੋਗ, ਨਾਮਵਰ ਵਿਦਵਾਨ ਡਾ. ਰੌਣਕੀ ਰਾਮ ਜੀ ਸਬੰਧਤ ਡਾ. ਅਵਤਾਰ ਸਿੰਘ ਮਚਾਕੀ ਦਾ ਵਿਸ਼ੇਸ਼ ਲੇਖ ਦੇਖੋ 'ਅੰਬੇਦਕਰ ਟਾਈਮਜ਼' ਹਫਤਾਵਾਰੀ ਅਖਬਾਰ ਵਿਚ। ਕਲਿਕ ਕਰੋ- www.ambedkartimes.com

# ਰਾਸ਼ਟਰਪਤੀ ਅਹੁਦੇ ਲਈ ਟਰੰਪ ਅਤੇ ਬਿਡੇਨ ਦੇ ਨਾਂ 'ਤੇ ਮੋਹਰ ਲੱਗੀ

**ਵਾਸ਼ਿੰਗਟਨ (ਬਿਊਰੋ)–** ਰਿਪਬਲਿਕਨ ਪਾਰਟੀ ਨੇ ਸ੍ਰੀ ਟਰੰਪ ਦੇ ਨਾਂ ਤੇ ਮੋਹਰ ਲਗਾ ਦਿੱਤੀ ਹੈ। ਜੋ ਬਿਡੇਨ ਨੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਵੱਲੋਂ



ਰਸਮੀ ਤੌਰ 'ਤੇ ਨਾਮਜ਼ਦਗੀ ਸਵੀਕਾਰ ਕਰ ਲਈ ਹੈ। ਇਸ ਦੌਰਾਨ ਉਨ੍ਹਾਂ ਨੇ ਵੋਟਰਾਂ ਨੂੰ ਅਮਰੀਕਾ ਵਿਚ ਲੰਬੇ ਸਮੇਂ ਤੋਂ ਛਾਏ ਹਨੇਰੇ ਨੂੰ ਦੂਰ ਕਰਨ ਲਈ ਨਾਲ ਆਉਣ ਦੀ ਅਪੀਲ ਕੀਤੀ। ਬਿਡੇਨ ਨੇ ਟਰੰਪ 'ਤੇ ਨਿਸ਼ਾਨਾ ਕੱਸਦੇ ਹੋਏ ਕਿਹਾ ਕਿ ਮੌਜੂਦਾ ਰਾਸ਼ਟਰਪਤੀ ਨੇ ਲੋਕਾਂ ਨੂੰ ਹਨੇਰੇ ਵਿਚ ਰੱਖਿਆ। ਦੱਸਣਯੋਗ ਹੈ ਕਿ ਅਮਰੀਕਾ ਵਿਚ ਤਿੰਨ ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਰਿਪਬਲਿਕਨ ਪਾਰਟੀ ਵੱਲੋਂ ਬਿਡੇਨ ਨੂੰ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਚੁਣੌਤੀ ਦੇ ਰਹੇ ਹਨ।

ਸਮਾਰੋਹ ਵਿਚ ਬਿਡੇਨ ਦੇ ਕਰੀਅਰ ਦੇ ਬਾਰੇ ਵਿਚ ਇਕ ਵੀਡੀਓ ਦੇ



ਮਾਧਿਅਮ ਰਾਹੀਂ ਜਾਣਕਾਰੀ ਦਿੱਤੀ ਗਈ। ਬਿਡੇਨ ਦੇ ਨਾਮਜ਼ਦਗੀ ਸਵੀਕਾਰ ਕਰਨ ਤੋਂ ਪਹਿਲੇ ਉਨ੍ਹਾਂ ਦੀ ਧੀ ਐਸ਼ਲੇ ਅਤੇ ਪੁੱਤਰ ਹੰਟਰ ਨੇ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਅਸੀ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਸਾਡੇ ਪਿਤਾ ਕਿਸ ਤਰ੍ਹਾਂ ਦੇ ਰਾਸ਼ਟਰ-ਪਤੀ ਹੋਣਗੇ। ਉਹ ਨਾ ਕੇਵਲ ਸਖ਼ਤ ਹੋਣਗੇ ਸਗੋਂ ਈਮਾਨਦਾਰ ਹੋਣ ਦੇ ਨਾਲ ਹੀ ਸਭ

(ਬਾਕੀ ਸਫਾ 5 'ਤੇ)

# ਭਾਰਤੀ-ਅਮਰੀਕੀਆਂ ਨੂੰ ਲੁਭਾਉਣ 'ਚ ਜੁਟੇ ਟਰੰਪ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੀ ਦੋਵੇਂ ਮੁੱਖ ਪਾਰਟੀਆਂ ਭਾਰਤੀ ਮੂਲ ਦੇ ਮਤਦਾਤਾਵਾਂ ਨੂੰ ਲੁਭਾਉਣ ਲਈ ਕੋਈ ਮੌਕਾ ਨਹੀਂ ਛੱਡਣਾ ਚਾਹੁੰਦੀਆਂ। ਡੈਮੋਕ੍ਰੇਟਿਕ ਪਾਰਟੀ ਨੇ ਜਿੱਥੇ ਉਪਰਾਸ਼ਟਰਪਤੀ ਪਦ ਲਈ ਕਮਲਾ ਹੈਰਿਸ ਨੂੰ ਉਮੀਦਵਾਰ ਬਣਾ ਕੇ ਮਾਸਟਰ ਸਟ੍ਰੋਕ ਚਲਿਆ ਹੈ ਉਧਰ ਟਰੰਪ ਕੈਂਪੇਨ ਨੇ ਸ਼ਨਿੱਚਰਵਾਰ ਨੂੰ ਜਾਰੀ ਕੀਤੇ ਗਏ ਪਹਿਲੇ ਵੀਡੀਓ ਇਸ਼ਤਿਹਾਰ 'ਚ ਪੀਐੱਮ ਮੋਦੀ ਦੀ ਲੋਕਪ੍ਰਿਯਤਾ ਦਾ ਫਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ।



ਇਸ਼ਤਿਹਾਰ 'ਚ ਇਸੇ ਸਾਲ ਫਰਵਰੀ 'ਚ ਅਹਿਮਦਾਬਾਦ 'ਚ ਹੋਏ 'ਨਮਸਤੇ ਟਰੰਪ' ਪ੍ਰੋਗਰਾਮ ਨਾਲ ਜੁੜੀ ਇਕ ਕਲਿੱਪ ਸ਼ਾਮਲ ਹੈ ਜਿਸ 'ਚ ਮੋਦੀ ਤੇ ਟਰੰਪ ਲੋਕਾਂ ਸੰਬੋਧਿਤ ਕਰਦੇ ਦਿਖ ਰਹੇ ਹਨ। ਆਪਣੀ ਪਹਿਲੀ ਭਾਰਤ ਯਾਤਰਾ 'ਤੇ ਆਏ ਰਾਸ਼ਟਰਪਤੀ ਟਰੰਪ ਨਾਲ ਉਨ੍ਹਾਂ ਦੀ ਪਤਨੀ ਮੇਲਾਨਿਆ, ਬੇਟੀ ਇਵਾਂਕਾ, ਦਾਮਾਦ ਜੇਡ ਕੁਸ਼ਨਰ ਤੇ ਟਰੰਪ ਪ੍ਰਸ਼ਾਸਨ ਨਾਲ ਜੁੜੇ ਸੀਨੀਅਰ ਅਧਿਕਾਰੀ ਵੀ ਸੀ।

ਟਰੰਪ ਵਿਕਟਰੀ ਫਾਈਨੈਂਸ ਕਮੇਟੀ ਦੀ ਰਾਸ਼ਟਰੀ ਪ੍ਰਧਾਨ ਕਿੰਬਲੀ ਗੁਇਲਫਾਓ ਨੇ ਵੀਡੀਓ ਜਾਰੀ ਕਰਦੇ ਹੋਏ ਆਪਣੇ ਟਵੀਟ 'ਚ ਕਿਹਾ ਅਮਰੀਕਾ ਭਾਰਤ ਨਾਲ ਬਹੁਤ ਚੰਗੇ ਸਬੰਧ ਰੱਖਦਾ ਹੈ ਤੇ ਸਾਡੇ ਮੁਹਿੰਮ ਨੂੰ ਭਾਰਤੀ ਮੂਲ ਦੇ ਅਮਰੀਕੀਆਂ ਦਾ ਚੰਗਾ ਸਮਰਥਨ ਮਿਲ ਰਿਹਾ ਹੈ। ਭਾਰਤਵੰਸ਼ੀਆਂ ਨਾਲ ਲਗਾਤਾਰ ਸੰਪਰਕ 'ਚ ਰਹਿਣ ਵਾਲੇ ਤੇ ਕੈਂਪੇਨ ਦੀ ਅਗਵਾਈ ਕਰ ਰਹੇ ਰਾਸ਼ਟਰਪਤੀ ਦੇ ਬੇਟੇ ਡੋਨਾਲਡ ਟਰੰਪ ਜੂਨੀਅਰ ਨੇ ਗੁਇਲਫਾਓ ਦੇ ਟਵੀਟ ਨੂੰ ਰੀਟਵੀਟ ਵੀ ਕੀਤਾ। ਵੀਡੀਓ ਜਾਰੀ ਕੀਤੇ ਜਾਣ ਦੇ ਕੁਝ ਘੰਟਿਆਂ ਦੇ ਅੰਦਰ ਹੀ ਇਸ ਨੂੰ ਟਵਿੱਟਰ 'ਤੇ 66 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਦੇਖਿਆ।

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
rajasweetsandcatering
follow us on Twitter
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਬੌਬੀ ਸਿੰਘ ਐਲਨ ਐਲਕ ਗਰੋਵ ਦੀ ਮੇਅਰ ਵਜੋਂ ਉਮੀਦਵਾਰ, ਪੰਜਾਬੀ ਭਾਈਚਾਰੇ ਵਲੋਂ ਹਰ ਸੰਭਵ ਮੱਦਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਐਲਕ ਗਰੋਵ ਦੀ ਸਕੂਲ ਟਰੱਸਟੀ ਬੌਬੀ ਸਿੰਘ ਐਲਨ ਐਤਕਾਂ ਮੇਅਰ ਦੀ ਚੋਣ ਲਈ ਖੜੀ ਹੈ ਜਿਸਦਾ ਪੰਜਾਬੀ ਭਾਈਚਾਰੇ ਨਾਲ ਗਹਿਰਾ ਤੁਆਲਕ ਹੈ ਉਸਦੇ ਪਿਤਾ ਭਾਈਚਾਰੇ ਵਿੱਚ ਵਿਚਰਣ ਵਾਲੇ ਲਖਵਿੰਦਰ ਸਿੰਘ ਉਰਫ ਲੱਖੀ ਸਿੰਘ ਜਲੰਧਰ ਸ਼ਹਿਰ ਨਾਲ ਸਬੰਧ ਰੱਖਦੇ ਹਨ। ਬੌਬੀ ਸਿੰਘ ਹੋਟਲ ਮੋਟਲ ਐਸੋਸੀਏਸ਼ਨ ਦੀ ਵਾਇਸ ਪ੍ਰੈਜੀਡੈਂਟ ਵੀ ਹੈ ਤੇ ਲਾਅ ਡਿਗਰੀ ਹੋਲਡਰ ਹੈ। ਇਸ ਵਾਰ ਉਸਦਾ ਸਿੱਧਾ ਮੁਕਾਬਲਾ ਪੁਰਾਣੇ ਮੇਅਰ ਸਟੀਵ ਲੀ ਨਾਲ ਹੈ ਭਾਵੇਂ ਕੁਲ ਛੇ ਓਮੀਦਵਾਰ ਮੇਅਰ ਦੀ ਚੋਣ ਲੜ ਰਹੇ ਸਨ ਪਰ ਤਿਨਾਂ ਨੇ ਬੌਬੀ ਸਿੰਘ ਐਲਨ ਦੇ ਪੱਖ ਚ ਬੈਠਣ ਦਾ ਐਲਾਨ ਵੀ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਈ ਸੰਸਥਾਂਵਾਂ ਤੇ ਸਥਾਨਿਕ ਤੇ ਕੇਂਦਰੀ ਆਗੂਆਂ ਤੋਂ ਵੀ ਇਨਡੋਰਸਮੈਂਟ ਮਿਲ ਗਈ ਹੈ, ਜਿਨਾਂ ਚ ਸੈਨੇਟਰ ਰਿਚਰਡ ਪੈਨ, ਕਾਂਗਰਸਮੈਨ ਐਮੀ ਬੇਰਾ, ਅਸੈਂਬਲੀਮੈਂਨ ਜਿੰਮ ਕੂਪਰ, ਅਸੈਂਬਲੀਮੈਂਨ ਐਸ਼ ਕਾਲੜਾ, ਸੈਕਰਾਮੈਂਟੋ ਮੇਅਰ ਡੈਰਲ



ਸਟੀਨਬਰਗ, ਟੀਚਰ ਅਸੋਸੀਏਸ਼ਨ, ਐਲਕ ਗਰੋਵ ਪੁਲੀਸ ਡਿਪਾਰਟਮੈਂਟ ਆਦਿ ਬੌਬੀ ਸਿੰਘ ਦੀ ਮੱਦਦ ਲਈ ਅੱਗੇ ਆਏ ਹਨ। ਬੌਬੀ ਸਿੰਘ ਨੇ ਮੌਜੂਦਾ ਮੇਅਰ ਸਟੀਵ ਲੀ ਉਪਰ ਗੰਭੀਰ ਦੋਸ਼ ਲਗਾਉਦਿਆਂ ਕਿਹਾ ਕਿ ਹਿਰਾਸਮੈਂਟ ਤੇ ਹੋਰ ਕੇਸਾਂ ਦਾ ਸਾਹਮਣਾ ਕਰ ਰਹੇ ਸਟੀਵ ਲੀ ਉਹ ਤੀਜੀ ਵਾਰ ਮੇਅਰ ਦੇ ਓਮੀਦਵਾਰ ਕਿਵੇਂ ਹੋ ਸਕਦੇ ਹਨ। ਪੰਜਾਬੀ ਭਾਈਚਾਰੇ ਨੇ ਬੌਬੀ ਸਿੰਘ ਲਈ ਫੰਡ ਰੇਜਿੰਗ ਦਾ ਵੀ ਪ੍ਰਬੰਧ ਕੀਤਾ ਹੈ। ਉਸਨੇ ਕਿਹਾ ਕਿ ਉਹ ਐਲਕ ਗਰੋਵ ਦੀ ਤਰੱਕੀ ਚ ਆਈ ਖੜੋਤ ਅਤੇ ਸਕੂਲਾਂ ਦੀ ਸਥਿਤੀ ਦੇ ਨਾਲ ਨਾਲ ਸਿਟੀ ਹਾਲ ਵਿੱਚ ਚੰਗੀ ਗਵਰਨੈਂਸ ਨੂੰ ਮੁੜ ਬਹਾਲ ਕਰੇਗੀ। ਦੂਸਰੇ ਪਾਸੇ ਉਨਾਂ ਸੋਸਲ ਮੀਡੀਏ ਤੇ ਉਨਾਂ ਦੇ ਵਿਰੋਧੀਆਂ ਵਲੋਂ ਭਾਈਚਾਰੇ ਪ੍ਰਤੀ ਉਨਾਂ ਦੇ ਕੜੱਤਣ ਭਰੇ ਸ਼ਬਦਾਂ ਦੀ ਨਿਖੇਧੀ ਕੀਤੀ ਤੇ ਉਨਾਂ ਕਿਹਾ ਕਿ ਉਹ ਹਮੇਸ਼ਾਂ ਭਾਈਚਾਰੇ ਨਾਲ ਖੜੀ ਹੈ ਜਿਸ ਭਾਈਚਾਰੇ ਵਿੱਚ ਉਸਨੇ ਜਨਮ ਲਿਆ। ਉਨਾਂ ਅੱਜ ਇੱਕ ਇੰਟਰਵੀਓ ਵਿੱਚ 1984 ਵਿੱਚ ਸਿਖਾਂ ਦੀ ਹੋਈ ਨਸਲਕੁਸ਼ੀ ਦੀ ਪੁਰਜੋਰ ਨਿਖੇਧੀ ਕੀਤੀ ਤੇ ਕਿਹਾ ਅਜੇ ਤੱਕ ਦੋਸ਼ੀਆਂ ਨੂੰ ਸਜਾਵਾਂ ਨਹੀਂ ਮਿਲੀਆਂ।

# ਜੇ ਵਿਗਿਆਨੀ ਸਿਫ਼ਾਰਸ਼ ਕਰਨ ਤਾਂ ਲੌਕਡਾਊਨ ਕਰਾਂਗਾ- ਬਾਇਡਨ

**ਅਟਲਾਂਟਾ (ਬਿਊਰੋ)–** ਡੈਮੋਕ੍ਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਊਮੀਦਵਾਰ ਜੋਅ ਬਾਇਡਨ ਨੇ ਕਿਹਾ ਕਿ ਜੇਕਰ ਊਨ੍ਹਾਂ ਦੇ ਰਾਸ਼ਟਰਪਤੀ ਬਣਨ ਤੱਕ ਕਰੋਨਾਵਾਇਰਸ ਦਾ ਕਹਿਰ ਨਾ ਘਟਿਆ ਤਾਂ ਊਹ ਸਿਹਤ ਵਿਗਿਆਨੀਆਂ ਦੀ ਸਿਫਾਰਸ਼ ਮੰਨਣਗੇ ਅਤੇ ਦੇਸ਼ ਭਰ ਨੂੰ ਬੰਦ ਕਰਨ ਤੋਂ ਨਹੀਂ ਝਿਜਕਣਗੇ। ਬਾਇਡਨ ਨੇ ਕਿਹਾ, ''ਮੈਂ ਬੰਦ ਦੀ ਆਗਿਆ ਦੇਵਾਂਗਾ।'' ਦੱਸਣਯੋਗ ਹੈ ਕਿ ਸਾਬਕਾ ਊਪ ਰਾਸ਼ਟਰਪਤੀ ਪਹਿਲਾਂ ਦੇਸ਼ ਦੇ ਗਵਰਨਰਾਂ ਨੂੰ ਆਪਣੇ ਸੂਬਿਆਂ ਵਿੱਚ ਮਾਸਕ ਲਾਜ਼ਮੀ ਕਰਨ ਲਈ ਆਖ ਚੁੱਕੇ ਹਨ। ਊਨ੍ਹਾਂ ਦੀ ਇਸ ਮੁਲਾਕਾਤ ਮੌਕੇ ਉਪ-ਰਾਸ਼ਟਰਪਤੀ ਅਹੁਦੇ ਲਈ ਨਾਮਜ਼ਦ ਕਮਲਾ ਹੈਰਿਸ ਵੀ



ਪੱਤਰਕਾਰਾਂ ਨਾਲ ਮੁਲਾਕਾਤ ਮੌਕੇ ਬਾਇਡਨ ਨੇ ਕਿਹਾ, "ਜਾਨਾਂ ਬਚਾਊਣ ਲਈ ਮੈਂ ਕੁਝ ਵੀ ਕਰਨ ਲਈ ਤਿਆਰ ਹੋਵਾਂਗਾ। ਅਸੀਂ ਊਦੋਂ ਤੱਕ ਦੇਸ਼ ਨਹੀਂ ਚਲਾ ਸਕਦੇ ਜਦੋਂ ਤੱਕ ਅਸੀਂ ਵਾਇਰਸ 'ਤੇ ਕਾਬੂ ਨਹੀਂ ਪਾ ਲੈਂਦੇ।"

ਇਹ ਪੁੱਛੇ ਜਾਣ 'ਤੇ ਕਿ ਜੇਕਰ ਵਿਗਿਆਨੀ ਸਲਾਹ ਦੇਣ ਤਾਂ ਕੀ ਊਹ ਕੌਮੀ ਪੱਧਰ 'ਤੇ ਬੰਦ ਲਈ ਜ਼ੋਰ ਪਾਊਣਗੇ, ਮੌਜੂਦ ਸਨ। ਟਰੰਪ ਵਲੋਂ ਕੀਤੇ ਦਾਅਵੇ ਕਿ ਊਹ ਕੇਵਲ ਚੋਣਾਂ ਵਿੱਚ ਧਾਂਦਲੀਆਂ ਹੋਣ ਦੀ ਸੂਰਤ ਵਿੱਚ ਹਾਰ ਸਕਦੇ ਹਨ, ਬਾਰੇ ਪੁੱਛੇ ਜਾਣ 'ਤੇ ਬਾਇਡਨ ਹੱਸ ਪਏ। ਊਨ੍ਹਾਂ ਅਜਿਹੀਆਂ ਧਾਰਨਾਵਾਂ ਨੂੰ ਰੱਦ ਕੀਤਾ ਕਿ ਹਾਰਨ ਦੀ ਸੂਰਤ ਵਿੱਚ ਟਰੰਪ ਆਪਣੇ-ਆਪ ਵਾਈਟ ਹਾਊਸ ਨਹੀਂ ਛੱਡਣਗੇ। ਊਨ੍ਹਾਂ ਕਿਹਾ, ''ਅਮਰੀਕਾ ਵਾਸੀ ਅਜਿਹਾ ਨਹੀਂ ਹੋਣ ਦੇਣਗੇ।''

# ਚੋਣਾਂ 'ਚ ਰੂਸੀ ਦਖਲਅੰਦਾਜ਼ੀ ਦੇ ਮਾਮਲੇ 'ਚ ਸੀਆਈਏ ਦੇ ਸਾਬਕਾ ਡਾਇਰੈਕਟਰ ਜਾਨ ਬ੍ਰੇਨਨ ਤੋਂ ਅੱਠ ਘੰਟੇ ਤਕ ਪੁੱਛ ਪੜਤਾਲ

**ਵਾਸ਼ਿੰਗਟਨ–** ਅਮਰੀਕੀ ਅਟਾਰਨੀ ਜੋਹਨ ਡਰਹਮ ਦੀ ਟੀਮ ਨੇ ਸ਼ੁੱਕਰਵਾਰ ਨੂੰ ਸੀਆਈਏ ਦੇ ਸਾਬਕਾ ਡਾਇਰੈਕਟਰ ਜੋਹਨ ਬ੍ਰੇਨਨ ਤੋਂ ਪੁੱਛਗਿੱਛ ਕੀਤੀ। ਇਹ ਪੁੱਛਗਿੱਛ 2016 ਵਿਚ ਰੂਸ ਵੱਲੋਂ ਚੋਣ ਵਿਚ ਦਿੱਤੇ ਗਏ ਦਖਲ ਦੀ ਜਾਂਚ ਦੇ ਪਿੱਛੇ ਜਾਂਚਕਰਤਾਵਾਂ ਅਤੇ ਖ਼ੁਫ਼ੀਆ ਅਧਿਕਾਰੀਆਂ ਦੀ ਭੂਮਿਕਾ ਪਤਾ ਲਗਾਉਣ ਦੇ ਸਿਲਸਿਲੇ ਵਿਚ ਕੀਤੀ ਗਈ ਸੀ।

ਬ੍ਰੇਨਨ ਦੇ ਸਾਬਕਾ ਡਿਪਟੀ ਚੀਫ ਆਫ ਸਟਾਫ ਅਤੇ ਸੀਨੀਅਰ ਸਲਾਹਕਾਰ ਨਿਕ ਸ਼ਪੀਰੋ ਨੇ ਦੱਸਿਆ ਕਿ ਇਹ ਪੁੱਛਗਿੱਛ ਸੀਆਈਏ ਹੈੱਡਕੁਆਰਟਰ ਵਿਚ ਕੀਤੀ ਗਈ ਅਤੇ ਲਗਪਗ ਅੱਠ ਘੰਟੇ ਤਕ ਚੱਲੀ। ਸ਼ਪੀਰੋ ਨੇ ਦੱਸਿਆ ਕਿ ਪੁੱਛਗਿੱਛ ਤੋਂ ਪਹਿਲੇ ਹੀ ਡਰਹਮ ਨੇ ਬ੍ਰੇਨਨ ਨੂੰ ਸੂਚਿਤ ਕਰ ਦਿੱਤਾ ਸੀ ਕਿ ਉਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਸ਼ੱਕ ਨਹੀਂ ਹੈ। ਉਹ ਸਿਰਫ਼ ਉਸ ਬਾਰੇ ਵਿਚ ਜਾਣਕਾਰੀ ਚਾਹੁੰਦੇ ਹਨ ਜੋ ਘਟਨਾਵਾਂ ਉਸ ਸਮੇਂ ਦੌਰਾਨ ਘਟੀਆਂ ਹਨ ਅਤੇ ਜਿਨ੍ਹਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸ਼ਾਸਨ ਕਾਲ ਦੌਰਾਨ ਬ੍ਰੇਨਨ ਸੀਆਈਏ ਦੇ ਡਾਇਰੈਕਟਰ ਸਨ ਅਤੇ ਦੂਜੀਆਂ ਖ਼ੁਫ਼ੀਆ ਏਜੰਸੀਆਂ ਵਾਂਗ ਸੀਆਈਏ ਵੀ ਇਸ ਸਿੱਟੇ 'ਤੇ ਪੁੱਜੀ ਸੀ ਕਿ ਰੂਸ ਨੇ 2016 ਦੀ ਰਾਸ਼ਟਰਪਤੀ ਚੋਣ ਵਿਚ ਦਖ਼ਲ ਦਿੱਤਾ ਸੀ। ਖ਼ਾਸ ਗੱਲ ਇਹ ਹੈ ਕਿ ਬ੍ਰੇਨਨ ਨੇ ਖ਼ੁਦ ਹੀ ਪੁੱਛਗਿੱਛ ਲਈ ਮੌਜੂਦ ਹੋਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਕੋਲ ਲੁਕਾਉਣ ਲਈ ਕੁਝ ਵੀ ਨਹੀਂ ਹੈ। ਅਮਰੀਕਾ ਦੀ ਸਭ ਤੋਂ ਬਿਹਤਰੀਨ ਯੂਨਿਟ ਵਿੱਚੋਂ ਇਕ 'ਗ੍ਰੀਨ ਬੈਰੇਟ' ਦੇ ਇਕ ਸਾਬਕਾ ਕਰਮਚਾਰੀ ਨੂੰ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉੱਤਰੀ ਵਰਜੀਨੀਆ ਵਿਚ ਰਹਿਣ ਵਾਲੇ ਇਸ ਸ਼ਖ਼ਸ 'ਤੇ ਰੂਸੀ ਖ਼ੁਫ਼ੀਆ ਏਜੰਸੀ ਲਈ ਜਾਸੂਸੀ ਕਰਨ ਦਾ ਦੋਸ਼ ਹੈ।

# ਲੱਦਾਖ਼ ਅਤੇ ਡਰਚਾ ਵਿਚਾਲੇ ਸੜਕ ਦਾ ਨਿਰਮਾਣ ਜਾਰੀ

**ਨਵੀਂ ਦਿੱਲੀ–** ਚੀਨ ਨਾਲ ਲੱਗਦੀ ਸਰਹੱਦ 'ਤੇ ਭਾਰਤ ਹਿਮਾਚਲ ਪ੍ਰਦੇਸ਼ ਨੂੰ ਡਰਚਾ ਨਾਲ ਜੋੜਨ ਲਈ ਸੜਕ ਦਾ ਨਿਰਮਾਣ ਕਰ ਰਿਹਾ ਹੈ। ਇਸ 290 ਕਿਲੋਮੀਟਰ ਸੜਕ ਦੇ ਬਣਨ ਨਾਲ ਫੌਜੀ ਸਾਜੋ-ਸਾਮਾਨ ਸਰਹੱਦ ਤਕ ਪਹੁੰਚਾਉਣ ਅਤੇ ਸੁਰੱਖਿਆ ਬਲਾਂ ਦੇ ਲੱਦਾਖ਼



'ਚ ਆਉਣ ਜਾਣ ਦੀ ਵੱਡੀ ਸਹੂਲਤ ਮਿਲੇਗੀ ਅਤੇ ਇਹ ਮਾਰਗ ਕਾਰਗਿਲ ਇਲਾਕੇ ਤਕ ਜਾਣ ਲਈ ਵੀ ਸਹਾਈ ਹੋਵੇਗਾ। ਲੱਦਾਖ਼ ਨੂੰ ਮਿਲਾਉਣ ਵਾਲੀ ਇਹ ਤੀਜੀ ਸੜਕ ਹੋਵੇਗੀ। ਇਸ ਤੋਂ ਪਹਿਲਾਂ ਦੋ ਸੜਕਾਂ ਮਨਾਲੀ-ਲੇਹ ਸੜਕ ਅਤੇ ਸ੍ਰੀਨਗਰ-ਲੇਹ ਰਾਜ ਮਾਰਗ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE.

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ 'ਚ ਅਨੇਕਾਂ ਘਰ ਸੜਕੇ ਸਵਾਹ

## ਕੋਰੋਨਾ ਦੀ ਮਾਰ ਝਲ ਰਹੇ ਲੋਕਾਂ ਦੀਆਂ ਮੁਸੀਬਤਾਂ ਵਧੀਆਂ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੋਰੋਨਾ ਮਹਾਮਾਰੀ ਦਰਮਿਆਨ ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਨੇ ਲੋਕਾਂ ਦੀਆਂ ਮੁਸੀਬਤਾਂ ਵਿਚ ਵਾਧਾ ਕਰ ਦਿੱਤਾ ਹੈ। ਅੱਗ ਕਾਰਨ ਗਰਮੀ ਵਧ ਗਈ ਹੈ ਤੇ ਲੋਕ ਆਪਣੇ ਘਰ-ਬਾਰ ਛੱਡਣ ਲਈ ਮਜ਼ਬੂਰ ਹਨ। ਅਨੇਕਾਂ ਘਰ ਅੱਗ ਦੀ ਲਪੇਟ ਵਿਚ ਆ ਕੇ ਤਬਾਹ ਹੋ ਗਏ ਹਨ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨੇ ਦਸਿਆ ਕਿ ਰੋਡ ਟਾਪੂ ਦੇ 5 ਲੱਖ ਏਕੜ ਤੋਂ ਵਧ ਰਕਬੇ ਵਿਚ ਜੰਗਲ ਸੜਕੇ ਸਵਾਹ ਹੋ ਗਿਆ ਹੈ। ਇਹ ਰਕਬਾ ਟਾਪੂ ਦੇ ਕੁਲ ਰਕਬੇ ਦਾ 80% ਬਣਦਾ ਹੈ। ਅੱਗ ਪ੍ਰਭਾਵਿਤ ਖੇਤਰ ਵਿਚੋਂ ਬਚਾਏ ਗਏ 69 ਸਾਲਾ ਚੈਰਿਲ ਜਾਵਿਸ ਨੇ ਕਿਹਾ ਕਿ ਸਾਨੂੰ ਕੋਰੋਨਾ ਮਹਾਮਾਰੀ ਤੇ ਅੱਗ ਨਾਲ ਵਧੀ ਤਪਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਫਿਕਰਮੰਦੀ ਜਾਹਿਰ ਕਰਦਿਆਂ ਕਿਹਾ ਕਿ ਪਤਾ ਨਹੀਂ ਉਨਾਂ ਦਾ ਘਰ ਬਚਿਆ ਹੋਵੇਗਾ ਜਾਂ ਨਹੀਂ। ਉਸ ਨੇ ਤੇ ਕਈ ਹੋਰਨਾਂ ਨੂੰ ਵਾਕਾਵਿਲੇ ਵਿਚ ਉਲਾਟਿਸ ਕਮਿਊਨਿਟੀ ਸੈਂਟਰ ਵਿਚ ਲਿਆਂਦਾ ਗਿਆ ਪਰ ਕੋਰੋਨਾ ਦੇ ਡਰ ਕਾਰਨ ਉਨਾਂ ਨੇ ਸੈਂਟਰ ਦੇ ਅੰਦਰ ਜਾਣ ਤੋਂ ਇਨਕਾਰ ਕਰ ਦਿੱਤਾ। ਉਨਾਂ ਕਿਹਾ ਕਿ ਪਹਿਲਾਂ ਹੀ ਉਥੇ ਬਹੁਤ ਸਾਰੇ ਲੋਕ ਮੌਜੂਦ ਹਨ। ਅੱਗ ਤੇ ਧੂੰਏਂ ਕਾਰਨ ਖੇਤਰ ਵਿਚ ਹਵਾ ਦੀ ਗੁਣਵਤਾ ਖ਼ਰਾਬ ਹੋ ਗਈ ਹੈ। ਕੈਲੀਫੋਰਨੀਆ ਦੇ ਬੇ ਏਰੀਆ ਵਿਚ ਸਥਿਤੀ ਬਹੁਤ ਹੀ ਖ਼ਰਾਬ ਹੈ। ਉਥੇ ਭਾਰਤ ਤੇ ਪੂਰਬੀ ਚੀਨ ਦੇ ਕਈ ਖੇਤਰਾਂ ਵਾਂਗ ਹਵਾ ਵਿਚ ਪ੍ਰਦੂਸ਼ਣ ਪੈਦਾ ਹੋ ਗਿਆ ਹੈ। ਲੋਕਾਂ ਨੂੰ ਸਾਹ ਲੈਣ ਵਿਚ ਤਕਲੀਫ ਹੋ ਰਹੀ ਹੈ।





ਉਤਰੀ ਕੈਲੀਫੋਰਨੀਆ ਦੇ ਐਲ ਐਨ ਯੂ ਲਾਈਟਨਿੰਗ ਕੰਪਲੈਕਸ ਵਿਚ ਅੱਗ ਬੁਝਾਉਣ 'ਚ ਮੱਦਦ ਕਰ ਰਹੇ ਇਕ ਪੈਸੀਫਿਕ ਗੈਸ ਤੇ ਇਲੈਕਟ੍ਰਿਕ ਵਰਕਰ ਦੀ ਮੌਤ ਹੋਣ ਦੀ ਵੀ ਰਿਪੋਰਟ ਹੈ। ਐਲ ਐਨ ਯੂ ਲਾਈਟਨਿੰਗ ਕੰਪਲੈਕਸ ਵਿਚ 105 ਘਰ ਅੱਗ ਦੀ ਭੇਟ ਚੜ ਗਏ। ਅੱਗ ਨੇ ਘੱਟੋ ਘੱਟ 1,31,100 ਏਕੜ ਵਿਚ ਨੁਕਸਾਨ ਪਹੁੰਚਾਇਆ ਹੈ। ਲੇਕ ਬੈਰੀਏਸਾ ਨੇੜੇ ਅਨੇਕਾਂ ਘਰ ਅੱਗ ਵਿਚ ਸੜਕੇ ਸਵਾਹ ਹੋ ਗਏ। ਕੈਲੀਫੋਰਨੀਆ ਅੱਗ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਫਰਿਜਨੋ ਕਾਊਂਟੀ ਵਿਚ ਇਕ ਹੈਲੀਕਾਪਟਰ ਉਸ ਵੇਲੇ ਹਾਦਸਾ ਗ੍ਰਸਤ ਹੋ ਗਿਆ ਜਦੋਂ ਉਹ ਪਹਾੜੀਆਂ ਉਪਰ ਅੱਗ ਬੁਝਾਉਣ ਲਈ ਪਾਣੀ ਦਾ ਛਿੜਕਾਅ ਕਰ ਰਿਹਾ ਸੀ। ਹੈਲੀਕਾਪਟਰ ਵਿਚ ਇਕੱਲਾ ਪਾਈਲਟ ਹੀ ਸੀ ਜਿਸ ਦੀ ਮੌਤ ਹੋ ਗਈ। ਪੱਛਮੀ ਕੈਲੀਫੋਰਨੀਆ ਵਿਚ 70 ਲੱਖ ਤੋਂ ਵਧ ਲੋਕਾਂ ਨੂੰ ਸੁਚੇਤ ਕਰ ਦਿੱਤਾ ਗਿਆ ਹੈ। ਸੈਨ ਮੈਟੀਓ ਤੇ ਸਾਂਟਾ ਕਰੂਜ਼ ਕਾਊਂਟੀਆਂ ਵਿਚੋਂ 28000 ਤੋਂ ਵਧ ਲੋਕਾਂ ਨੂੰ ਸੁਰੱਖਿਅਤ ਜਗਾ 'ਤੇ ਲਿਆਂਦਾ ਗਿਆ ਹੈ। ਕੈਲੀਫੋਰਨੀਆ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਜਰਮੀ ਰਾਹਨ ਅਨੁਸਾਰ ਰਾਜ ਵਿਚ ਕੁਲ 367 ਥਾਵਾਂ 'ਤੇ ਅੱਗ ਲੱਗੀ ਹੈ ਜਿਨਾਂ ਵਿਚੋਂ 26 ਬਹੁਤ ਖਤਰਨਾਕ ਸਮਝੀਆਂ ਜਾਂਦੀਆਂ ਹਨ।

## ਵੋਟਾਂ 'ਤੇ ਨਿਗਰਾਨੀ ਰੱਖਣ ਲਈ ਪੋਲਿੰਗ ਸਟੇਸ਼ਨਾਂ 'ਚ ਪੁਲਿਸ ਤਾਇਨਾਤ ਹੋਵੇਗੀ-ਟਰੰਪ


**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਵੋਟਾਂ ਉਪਰ ਨਿਗਰਾਨੀ ਰੱਖਣ ਲਈ ਪੋਲਿੰਗ ਸਟੇਸ਼ਨ 'ਚ ਪੁਲਿਸ ਤਾਇਨਾਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼ੈਰਿਫ, ਲਾਅ ਇਨਫੋਰਸਮੈਂਟ ਅਧਿਕਾਰੀ ਤੇ ਵਕੀਲ ਨਜਰ ਰੱਖਣਗੇ ਤਾਂ ਜੋ ਕਿਸੇ ਤਰਾਂ ਦੀ ਧਾਂਦਲੀ ਨਾ ਹੋਵੇ। ਇਕ ਖਬਰ ਏਜੰਸੀ ਨਾਲ ਫੋਨ ਉਪਰ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਚੋਣਾਂ ਉਪਰ ਨਿਗਰਾਨੀ ਲਈ ਲਾਅ ਇਨਫੋਰਸਮੈਂਟ ਅਮਲੇ ਦੀ ਪੂਰੀ ਤਾਕਤ ਝੋਕ ਦਿੱਤੀ ਜਾਵੇਗੀ।

ਰਾਸ਼ਟਰਪਤੀ ਨੇ ਵੱਡੀ ਪੱਧਰ ਉਪਰ ਡਾਕ ਰਾਹੀਂ ਵੋਟਾਂ ਪੈਣ ਦੀ ਸੰਭਾਵਨਾ ਬਾਰੇ ਚਰਚਾ ਕਰਦਿਆਂ ਇਕ ਵਾਰ ਫਿਰ ਦਾਅਵਾ ਕੀਤਾ ਕਿ ਡੈਮੋਕਰੈਟਸ ਚੋਣਾਂ ਧੋਖੇ ਨਾਲ ਜਿੱਤਣਾ ਚਹੁੰਦੇ ਹਨ। ਉਨਾਂ ਕਿਹਾ '' ਇਹ ਛਲਕਪਟ ਵਾਲੀਆਂ ਚੋਣਾਂ ਹਨ। ਅੰਧਾਧੁੰਦ ਤਰੀਕੇ ਨਾਲ 5.10 ਕਰੋੜ ਵੋਟਾਂ ਉਨਾਂਲੋਕਾਂ ਨੂੰ ਭੇਜੀਆਂ ਜਾ ਰਹੀਆਂ ਹਨ ਜਿਨਾਂ ਨੇ ਇਸ ਦੀ ਮੰਗ ਵੀ ਨਹੀ ਕੀਤੀ। ਇਹ ਲੋਕ ਵੋਟਾਂ ਮਿਲਣ 'ਤੇ ਖੁਸ਼ ਹੋ ਜਾਣਗੇ ਤੇ ਵੋਟ ਪਾਉਣ ਲਈ ਤਿਆਰ ਹੋ ਜਾਣਗੇ। ਇਹ ਬਹੁਤ ਭਿਆਨਕ ਵਰਤਾਰਾ ਹੈ।'' ਉਨਾਂਕਿਹਾ ਕਿ ਚੋਣਾਂ ਉਪਰ ਨਜਰ ਰੱਖਣਾ ਬਹੁਤ ਸਖਤ ਕੰਮ ਹੈ ਪਰ ਉਹ ਨਜਰ ਰੱਖਣਗੇ। ਮਾਨਵੀ ਹੱਕਾਂ ਬਾਰੇ ਯੁਨੀਅਨ ਦਾ ਕਹਿਣਾ ਹੈ ਕਿ ਪੁਲਿਸ ਨੂੰ ਪੋਲਿੰਗ ਸਟੇਸ਼ਨਾਂ ਦੇ ਅੰਦਰ ਜਾਣ ਦੀ ਇਜਾਜ਼ਤ ਹੈ।

ਪੁਲਿਸ ਦਾ ਕੰਮ ਗੈਰ ਕਾਨੂੰਨੀ ਵੋਟਾਂ ਨੂੰ ਭੁਗਣਤ ਤੋਂ ਰੋਕਣ ਵਿਚ ਮੱਦਦ ਕਰਨਾ ਹੈ। ਜੇਕਰ ਪੁਲਿਸ ਧੱਕੇਸ਼ਾਹੀ ਕਰਦੀ ਹੈ ਤਾਂ ਉਸ ਵਿਰੁੱਧ ਵੀ ਕਾਨੂੰਨ ਅਨੁਸਾਰ ਕਾਰਵਾਈ ਹੋ ਸਕਦੀ ਹੈ। ਰਿਪਬਲਿਕਨ ਪਾਰਟੀ ਨੇ ਪ੍ਰਮੁੱਖ ਰਾਜਾਂ ਵਿਚ ਹਜਾਰਾਂ ਵਾਲੰਟੀਅਰ ਭਰਤੀ ਕੀਤੇ ਹਨ ਜਿਨਾਂ ਦਾ ਕੰਮ ਸ਼ੱਕੀ ਵੋਟਾਂ ਨੂੰ ਲੱਭਣਾ ਤੇ ਇਸ ਸਬੰਧੀ ਕਾਨੂੰਨੀ ਕਾਰਵਾਈ ਕਰਨਾ ਹੈ।

## ਕੋਰੋਨਾ ਨਾਲ ਚਿੱਟੇ ਲੋਕਾਂ ਦੀ ਤੁਲਨਾ ਵਿਚ ਭਾਰਤੀ ਮੂਲ ਦੇ ਲੋਕ ਜਿਆਦਾ ਪ੍ਰਭਾਵਿਤ-ਸੀਡੀਸੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਕੋਰੋਨਾ ਵਾਇਰਸ ਨੇ ਅਮਰੀਕਾ ਵਿਚ ਵੱਸਦੇ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਇਕਸਾਰ ਪ੍ਰਭਾਵਿਤ ਨਹੀਂ ਕੀਤਾ। ਕੁਝ ਭਾਈਚਾਰਿਆਂ ਦੇ ਲੋਕ ਵਧ ਪ੍ਰਭਾਵਿਤ ਹੋਏ ਹਨ ਤੇ ਕੁਝ ਦੇ ਘੱਟ। ਯੂ.ਐਸ ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਵਾਇਟ ਲੋਕਾਂ ਦੀ ਤੁਲਨਾ ਵਿਚ ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਉਪਰ ਕੋਰੋਨਾ ਵਾਇਰਸ ਦਾ ਅਸਰ 3.5 ਗੁਣਾਂ ਜਿਆਦਾ ਹੈ। ਰਿਪੋਰਟ ਅਨੁਸਾਰ 22 ਜਨਵਰੀ ਤੋਂ 3 ਜੁਲਾਈ ਤੱਕ 23 ਰਾਜਾਂ ਵਿਚ 3,40,059 ਕੋਰੋਨਾ ਮਾਮਲਿਆਂ ਦੀ ਪੁਸ਼ਟੀ ਹੋਈ। ਸੀ ਡੀ ਸੀ ਤੇ ਅਮਰੀਕਾ ਦੀਆਂ ਹੋਰ ਸੰਸਥਾਵਾਂ ਦੇ ਮਾਹਿਰਾਂ ਨੇ ਇਨਾਂ ਅੰਕੜਿਆਂ ਦੀ ਨਸਲ ਤੇ ਜਾਤ ਦੇ ਨਜਰੀਏ ਤੋਂ ਡੂੰਘਾਈ ਨਾਲ ਪੜਤਾਲ ਕੀਤੀ। ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਵਿਚ 1 ਲੱਖ ਲੋਕਾਂ ਪਿੱਛੇ 594 ਕੋਵਿਡ ਮਾਮਲੇ ਪਾਏ ਗਏ ਜਦ ਕਿ ਵਾਈਟ ਲੋਕਾਂ ਵਿਚ 1 ਲੱਖ ਵਿਅਕਤੀਆਂ ਪਿੱਛੇ 169 ਲੋਕ ਪ੍ਰਭਾਵਿਤ ਹੋਏ। ਇਸ ਅਧਿਅਨ ਵਿਚ ਭਾਰਤੀ ਮੂਲ ਦੇ ਅਮਰੀਕੀਆਂ , ਅਲਾਸਕਾ ਵਾਸੀਆਂ ਤੇ ਵਾਇਟ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਸੀ ਜਦ ਕਿ ਕੋਰੋਨਾ ਨਾਲ ਕਾਲੇ ਤੇ ਹਿਸਪੈਨਿਕ ਭਾਈਚਾਰਿਆਂ ਦੇ ਲੋਕ ਵੀ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਸੀ ਡੀ ਸੀ ਨੇ ਕਿਹਾ ਹੈ ਕਿ ਭਾਰਤੀ ਮੂਲ ਦੇ ਅਮਰੀਕੀਆਂ ਤੇ ਅਲਾਸਕਾ ਵਾਸੀਆਂ ਲਈ ਕੋਰੋਨਾ ਮਹਾਮਾਰੀ ਦੀ ਰੋਕਥਾਮ ਵਾਸਤੇ 20 ਕਰੋੜ ਡਾਲਰ ਤੋਂ ਵਧ ਰਕਮ ਦਿੱਤੀ ਜਾ ਜਾ ਚੁੱਕੀ ਹੈ।




# ਪ੍ਰਤੀਨਿੱਧ ਸਦਨ ਵੱਲੋਂ ਡਾਕ ਸੇਵਾ ਵਿਚ ਕਿਸੇ ਕਿਸਮ ਦੀ ਤਬਦੀਲੀ ਵਿਰੁੱਧ ਬਿੱਲ ਪਾਸ

### ਦੋ ਦਰਜ਼ਨ ਤੋਂ ਵਧ ਰਿਪਬਲੀਕਨ ਮੈਂਬਰ ਵੀ ਬਿੱਲ ਦੇ ਹੱਕ ਵਿਚ ਭੁਗਤੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਡੈਮੋਕਰੈਟਸ ਦੀ ਬਹੁਮਤ ਵਾਲੇ ਪ੍ਰਤੀਨਿੱਧ ਸਦਨ ਨੇ ਦੇਸ਼ ਦੀ ਡਾਕ ਸੇਵਾ ਵਿਚ ਕਿਸੇ ਵੀ ਤਰਾਂ ਦੀ ਹੋਰ ਤਬਦੀਲੀ ਰੋਕਣ ਲਈ ਬਿੱਲ ਪਾਸ ਕਰ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਕ ਟਵੀਟ ਦੁਆਰਾ ਡਾਕ ਰਾਹੀਂ ਵੋਟਾਂ ਨੂੰ ਧੋਖਾ ਕਰਾਰ ਦਿੰਦਿਆਂ ਬਿੱਲ ਵਿਰੁੱਧ ਵੋਟ ਪਾਉਣ ਦੀ ਕੀਤੀ ਗਈ ਅਪੀਲ ਦੀ ਪਰਵਾਹ ਨਾ ਕਰਦਿਆਂ 2 ਦਰਜ਼ਨ ਤੋਂ ਵਧ ਰਿਪਬਲੀਕਨ ਮੈਂਬਰਾਂ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ। ਬਿੱਲ ਦੇ ਹੱਕ ਵਿਚ 257 ਤੇ ਵਿਰੁੱਧ 150 ਵੋਟਾਂ ਪਈਆਂ। ਇਸ ਦੇ ਨਾਲ ਹੀ ਸਦਨ ਨੇ ਨਵੰਬਰ ਚੋਣਾਂ ਦੌਰਾਨ ਵੱਡੀ ਗਿਣਤੀ ਵਿਚ ਡਾਕ ਰਾਹੀਂ ਵੋਟਾਂ ਪੈਣ ਦੀ ਸੰਭਾਵਨਾ ਨੂੰ ਮੁੱਖ ਰਖਦਿਆਂ ਡਾਕ ਸੇਵਾਵਾਂ ਲਈ 25 ਅਰਬ ਡਾਲਰ ਫੰਡ ਦੇਣ ਦੀ ਪ੍ਰਵਾਨਗੀ ਵੀ ਦੇ ਦਿੱਤੀ। ਸੈਨੇਟ ਵਿਚ ਰਿਪਬਲੀਕਨ ਪਾਰਟੀ ਦੀ ਬਹੁਮਤ ਕਾਰਨ ਬਿਲ ਬਾਰੇ ਅਜੇ ਬੇਯਕੀਨੀ ਬਣੀ ਹੋਈ ਹੈ।

ਸੈਨੇਟ ਵਿਚ ਮੇਜੋਰਟੀ ਆਗੂ ਮਿਚ ਮੈਕਕੋਨਲ ਨੇ ਕਿਹਾ ਹੈ ਕਿ ਉਸ ਨੂੰ ਸੰਦੇਹ ਹੈ ਕਿ ਕੇਵਲ ਡਾਕ ਸੇਵਾ ਨਾਲ ਸਬੰਧਤ ਬਿੱਲ ਸੈਨੇਟ ਪਾਸ ਕਰ ਸਕਦੀ ਹੈ।

ਡੈਮੋਕਰੈਟਸ ਅਨੁਸਾਰ ਫੰਡਾਂ ਦੀ ਘਾਟ ਕਾਰਨ ਡਾਕ ਸੇਵਾ ਅਧਿਕਾਰੀਆਂ ਨੇ ਡਾਕ ਛਾਂਟਣ ਵਾਲੀਆਂ ਮਸ਼ੀਨਾਂ ਹਟਾਉਣ ਦੇ ਨਿਰਦੇਸ਼ ਦਿੱਤੇ ਹਨ, ਡਾਕ ਲਿਜਾਣ ਵਾਲੇ ਮੁਲਾਜ਼ਮਾਂ ਦੇ ਓਵਰ ਟਾਈਮ ਵਿਚ ਕਟੌਤੀ ਕੀਤੀ ਹੈ ਤੇ ਹੋਰ ਕਈ ਵਿਵਾਦਗ੍ਰਸਤ ਤਬਦੀਲੀਆਂ ਕੀਤੀਆਂ ਹਨ। ਉਨਾਂ ਦਾ ਕਹਿਣਾ ਹੈ ਕਿ 'ਇਸ ਨਾਲ ਬਜ਼ੁਰਗਾਂ ਤੇ ਹੋਰ ਅਮਰੀਕਨਾਂ, ਜੋ ਮੁਕੰਮਲ ਤੌਰ 'ਤੇ ਡਾਕ ਸੇਵਾ ਉਪਰ ਨਿਰਭਰ ਹਨ, ਨੂੰ ਦਵਾਈਆਂ ਤੇ ਹੋਰ ਸਮਾਨ ਮਿਲਣ ਵਿਚ ਦੇਰੀ ਹੋ ਰਹੀ ਹੈ। ਡਾਕ ਸੇਵਾ ਬਹੁਤ ਬੁਰੇ ਹਾਲਾਤ ਵਿਚੋਂ ਗੁਜਰ ਰਹੀ ਹੈ। ਇਸ ਅਹਿਮ ਸੇਵਾ ਨੂੰ ਜਾਰੀ ਰਖਣ ਪ੍ਰਤੀ ਡੈਮੋਕਰੈਟਸ ਵਚਨਬੱਧ ਹਨ।' ਇਥੇ ਵਰਣਨਯੋਗ ਹੈ ਕਿ ਪ੍ਰਤੀਨਿੱਧ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਡਾਕ ਸੇਵਾ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਤੇ ਇਸ ਅਹਿਮ ਵਿਭਾਗ ਨੂੰ ਫੰਡ ਰੋਕਣ ਦਾ ਵਿਰੋਧ ਕਰਦਿਆਂ ਸਦਨ ਦਾ ਵਿਸ਼ੇਸ਼ ਇਜਲਾਸ ਸੱਦਿਆ ਸੀ। ਬਿੱਲ ਉਪਰ ਹੋਈ ਬਹਿਸ ਦੌਰਾਨ ਡੈਮੋਕਰੈਟਸ ਨੇ ਰਾਸ਼ਟਰਪਤੀ ਟਰੰਪ ਵੱਲੋਂ ਆਪਣੀ ਮਨਮਰਜੀ ਨਾਲ ਡਾਕ ਸੇਵਾ ਵਿਚ ਕੀਤੀਆਂ ਤਬਦੀਲੀਆਂ ਦਾ ਵਿਰੋਧ ਕੀਤਾ।

## ਕੋਰੋਨਾ ਮਹਾਮਾਰੀ ਉਪਰ ਕਾਬੂ ਪਾਉਣ 'ਚ ਟਰੰਪ ਪ੍ਰਸ਼ਾਸਨ ਫੇਲ- ਬਿਡੇਨ


**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਨਵੰਬਰ ਚੋਣਾਂ ਲਈ ਡੈਮੋਕਰੈਟਸ ਉਮੀਦਵਾਰ ਜੋਅ ਬਿਡੇਨ ਨੇ ਕਿਹਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਵਿਗਿਆਨੀਆਂ ਦੀ ਸਲਾਹ 'ਤੇ ਪੂਰੇ ਅਮਰੀਕਾ ਵਿਚ ਮੁਕੰਮਲ ਤਾਲਾਬੰਦੀ ਲਾਗੂ ਕਰ ਦਿੱਤੀ ਜਾਵੇਗੀ।



ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਸਾਬਕਾ ਉਪ ਰਾਸ਼ਟਰਪਤੀ ਬਿਡੇਨ ਨੇ ਕਿਹਾ ਕਿ ਅਮਰੀਕਾ ਵਿਚ ਕੋਰੋਨਾ ਦਾ ਦੂਸਰਾ ਦੌਰ ਸ਼ੁਰੂ ਹੋ ਸਕਦਾ ਹੈ। ਮੈਂ ਵਿਗਿਆਨੀਆਂ ਦੀ ਸੁਣਾਂਗਾ ਤੇ ਉਨਾਂ ਦੇ ਕਹਿਣ 'ਤੇ ਪੂਰੇ ਦੇਸ਼ ਵਿਚ ਫਿਰ ਤੋਂ ਤਾਲਾਬੰਦੀ ਕੀਤੀ ਜਾਵੇਗੀ। ਬਿਡੇਨ ਨੇ ਕਿਹਾ ਕਿ ਅਮਰੀਕੀਆਂ ਦੀਆਂ ਜਾਨਾਂ ਬਚਾਉਣ ਲਈ ਜੋ ਵੀ ਸੰਭਵ ਹੋਇਆ ਉਹ ਕਰੇਗਾ ਕਿਉਂਕਿ ਜਦੋਂ ਤੱਕ ਅਸੀਂ ਵਾਇਰਸ ਨੂੰ ਕਾਬੂ ਵਿਚ ਨਹੀਂ ਕਰ ਲੈਂਦੇ , ਦੇਸ਼ ਨੂੰ ਅੱਗੇ ਨਹੀਂ ਲਿਜਾਇਆ ਜਾ ਸਕਦਾ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਕੋਰੋਨਾ ਮਹਾਮਾਰੀ ਨਾਲ ਨਜਿੱਠਣ 'ਚ ਅਸਫਲ ਰਿਹਾ ਹੈ ਜੋ ਹੁਣ ਤੱਕ 1,80,000 ਤੋਂ ਵਧ ਜਾਨਾਂ ਲੈ ਚੁੱਕੀ ਹੈ। ਟਰੰਪ ਪ੍ਰਸ਼ਾਸਨ ਦੀਆਂ ਤਰੁੱਟੀਆਂ ਨੇ ਕੋਰੋਨਾ ਨੂੰ ਫੈਲਣ ਦਾ ਮੌਕਾ ਦਿੱਤਾ। ਬਿਡੇਨ ਨੇ ਕਿਹਾ ਕਿ ਦੇਸ਼ ਦੀ ਅਰਥਵਿਵਸਥਾ ਅੱਗੇ ਵਧੇ ਤੇ ਲੋਕਾਂ ਨੂੰ ਰੁਜ਼ਗਾਰ ਮਿਲੇ ਇਸ ਵਾਸਤੇ ਜਰੂਰੀ ਹੈ ਕਿ ਪਹਿਲਾਂ ਕੋਰੋਨਾ ਵਾਇਰਸ ਨੂੰ ਨੱਥ ਪਾਈ ਜਾਵੇ। ਇਸ ਮੌਕੇ ਉਪ ਰਾਸ਼ਟਰਪਤੀ ਦੇ ਅਹੁੱਦੇ ਲਈ ਡੈਮੋਕਰੈਟਸ ਉਮੀਦਵਾਰ ਕਮਲਾ ਹੈਰਿਸ ਵੀ ਹਾਜਰ ਸਨ।

## ਜੋਗਿੰਦਰ ਸਿੰਘ ਪ੍ਰਦੇਸੀ ਚੀਮਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸੈਕਰਾਮੈਂਟੋ-** ਜੋਗਿੰਦਰ ਸਿੰਘ ਪ੍ਰਦੇਸੀ ਚੀਮਾ, ਜਿਹਨਾਂ ਦਾ ਜਨਮ 5 ਮਈ 1941 ਨੂੰ ਪਿੰਡ ਭਾਰਦੁਆਜੀਆ ਜ਼ਿਲ੍ਹਾ ਜਲੰਧਰ ਵਿਚ ਹੋਇਆ। ਮੁਢਲੀ ਵਿੱਦਿਆ ਬੜਾਲਾ ਹਾਈ ਸਕੂਲ ਤੋਂ ਹਾਸਲ ਕੀਤੀ। ਇਸੇ ਦੌਰਾਨ ਜੋ ਦਿਹਾਤੀ ਪ੍ਰੋਗਰਾਮ ਦੂਰਦਰਸ਼ਨ ਜਲੰਧਰ ਤੇ ਢੱਡੂ ਰਾਮ ਜੀ ਹੁਰਾਂ ਦਾ ਆਉਂਦਾ ਸੀ, ਉਸ ਵਿਚ ਵੀ ਭਾਗ ਲੈਂਦੇ ਰਹੇ। ਫਿਰ ਕਰਤਾਰ ਬੱਸ ਵਿਚ ਬਹੁਤ ਸਾਲ ਸਰਵਿਸ ਕੀਤੀ, ਕੰਡਕਟਰ ਤੋਂ ਲੈ ਕੇ ਚੈਕਰ ਤੱਕ ਰਹੇ। ਫਿਰ 1982 ਵਿਚ ਯੂਬਾ ਸਿਟੀ, ਕੈਲੇਫੋਰਨੀਆ ਯੂ. ਐਸ. ਏ. ਪਰਿਵਾਰ ਸਮੇਤ ਪਹੁੰਚੇ। ਇਥੇ ਆ ਕੇ ਉਹਨਾਂ ਨੇ ਆਪਣੀ ਪੰਜਾਬੀ ਕਮਿਊਨਿਟੀ ਲਈ ਬਹੁਤ ਕੰਮ ਕੀਤੇ, ਜਿਵੇਂ ਕਿ ਯੂਬਾ ਸਟਰ ਲਾਇਬ੍ਰੇਰੀ ਵਿਚ ਸਿਟੀਜ਼ਨਸ਼ਿਪ ਦੀਆਂ ਕਲਾਸਾਂ ਲਗਾਉਣ ਵਿਚ ਮਦਦ ਕੀਤੀ ਅਤੇ ਬਾਅਦ ਵਿਚ ਸਿਟੀਜ਼ਨਸ਼ਿਪ ਲੈਣ ਤੋਂ ਬਾਅਦ ਸਹੁੰ ਚੁੱਕਣ ਲਈ ਇੱਕੋ ਹੀ ਪ੍ਰਬੰਧ ਕਰਵਾਉਣ ਵਿਚ ਮਦਦ ਕੀਤੀ।



ਗੁਰਦੁਆਰਾ ਬੋਗ ਰੋਡ ਨੂੰ ਸਿਟੀ ਬੱਸ ਲਗਵਾਉਣ ਵਿਚ ਬਹੁਤ ਮਦਦ ਕੀਤੀ। ਹੋਰ ਜੋ ਬੱਸ ਸਟੈਂਡ ਉਤੇ ਬੈਂਚ ਲਗਵਾਉਣ ਵਿਚ ਮਦਦ ਕੀਤੀ। ਹੋਰ ਕਮਿਊਨਿਟੀ ਦਾ ਕੋਈ ਵੀ ਕੰਮ ਹੁੰਦਾ ਸੀ, ਹਰ ਇਕ ਦੀ ਮੂਹਰੇ ਹੋ ਕੇ ਮਦਦ ਕਰਦੇ ਸਨ। ਆਪਣੀ ਪੰਜਾਬੀ ਭਾਈਚਾਰੇ ਨੂੰ ਬਹੁਤ ਵੱਡੀ ਘਾਟ ਪਈ ਹੈ। ਉਹ ਪਿੱਛੇ ਪਰਿਵਾਰ ਵਿਚ ਪਤਨੀ, ਬੇਟੀ, ਦੋ ਬੇਟੇ, ਦੋਹਤਾ, ਦੋਹਤੀ ਅਤੇ ਪੋਤਿਆਂ ਨੂੰ ਵਿਛੋੜਾ ਦੇ ਗਏ ਹਨ। ਉਹ ਹਮੇਸ਼ਾ ਸਾਡੇ ਦਿਲਾਂ ਵਿਚ ਰਹਿਣਗੇ। ਉਹ ਹਮੇਸ਼ਾ ਹੀ ਦੂਸਰਿਆਂ ਨੂੰ ਹੌਸਲਾ ਦਿੰਦੇ ਰਹਿੰਦੇ ਸਨ।

**- ਸਤਨਾਮ ਸਿੰਘ ਨੰਗਲਕਲਾਂ**

# ਸਿੱਖ ਆਫ ਅਮਰੀਕਾ ਨੇ ਭਾਰਤੀ ਅੰਬੈਸੀ ਵਾਸ਼ਿੰਗਟਨ ਡੀਸੀ ਦੇ ਨਾਲ ਇਕ ਵਰਚੁਅਲ ਕਾਨਫਰੰਸ ਕੀਤੀ











**ਵਾਸ਼ਿੰਗਟਨ (ਰਾਜ ਗੋਗਨਾ )–** ਬੀਤੇਂ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿਖੇਂ ਅਮਰੀਕਾ ਦੀ ਸਿੱਖ ਆਰਗੇਨੇਸੀਏਸ਼ਨ, ਸਿੱਖ ਆਫ ਅਮਰੀਕਾ ਅਤੇ ਐਨ. ਸੀ. ਆਈ. ਏ ਨਾਂ ਦੀਆ ਸੰਸਥਾਵਾਂ ਨੇ ਭਾਰਤੀ ਅੰਬੈਂਸੀ ਨਾਲ ਮਿਲ ਕੇ ਇਕ ਵਰਚੁਅਲ ਕਾਨਫਰੰਸ ਕੀਤੀ।

ਜਿਸ ਵਿੱਚ ਪਾਸਪੋਰਟ, ਵੀਜ਼ਾ ਰਿਵਨਊ ਅਤੇ ਹੋਰ ਦਸਤਾਵੇਜ਼ ਦੇ ਮੁੱਦਿਆਂ ਨਾਲ ਚਰਚਾ ਕਰਨ ਲਈ ਆਨਲਾਈਨ ਇਕ ਫੈਕਲਟੀ ਪ੍ਰੋਗਰਾਮ ਕੀਤਾ ਗਿਆ ਇਸ ਵਰਚੁਅਲ ਕਾਨਫਰੰਸ ਦੀ ਸੁਰੂਆਤ ਬਲਜਿੰਦਰ ਸਿੰਘ ਸੰਮੀ ਪ੍ਰਧਾਨ ਐਨ.ਸੀ.ਆਈ.ਏ ਨੇ ਸਾਰੇ ਭਾਰਤੀਆ ਦਾ ਅਤੇ ਅੰਬੈਂਸੀ ਦੇ ਉੱਚ- ਅਧਿਕਾਰੀਆਂ ਦਾ ਸਵਾਗਤ ਕਰਕੇ ਕੀਤੀ।

ਇਸ ਵਰਚੁਅਲ ਪ੍ਰੋਗਰਾਮ 'ਚ ਭਾਰਤੀ ਅੰਬੈਸੀ ਦੇ ਉੱਚ ਅਧਿਕਾਰੀ, ਮਨਿਸਟਰ, ਕੌਂਸਲਰ ਅਤੇ ਵੀਜ਼ਾ ਅਫੇਰਜ ਡਾ: ਜੈਦੀਪ ਨਾਇਰ ਨੇ ਵੀ ਹਿੱਸਾ ਲਿਆ ਉਹਨਾ ਆਪਣੀ ਟੀਮ ਨਾਲ ਦੱਸਿਆ ਕਿ ਪਿਛਲੇ ਚਾਰ ਮਹੀਨਿਆਂ ਤੋ ਕੋਵਿੰਡ-19 ਦੀ ਮਾਰ ਹੇਠ ਸਭ ਤੋਂ ਜਿਆਦਾ ਪ੍ਰਭਾਵਤ ਹੋਏ ਅਮਰੀਕਾ 'ਚ ਵੱਸਦੇ ਭਾਈਚਾਰੇ ਲਈ ਉਹਨਾਂ ਦੀ ਜਾਨ ਦੀ ਰਾਖੀ ਲਈ ਅੰਬੈਸੀ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਸੀ।

ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਪਵਨ ਬੈਜਵਾੜਾ, ਅੰਜਨਾ ਜੀ ਨੇ ਭਾਰਤੀ ਰਾਜਦੂਤ ਸ: ਤਰਨਜੀਤ ਸੰਧੂ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹੁਣ ਭਾਰਤੀ ਰਾਜਦੂਤ ਸ: ਤਰਨਜੀਤ ਸਿੰਘ ਸੰਧੂ ਵੱਲੋਂ ਵੀ ਕਿਹਾ ਗਿਆ ਕਿ ਭਾਰਤੀ ਮੂਲ ਦੇ ਲੋਕਾਂ ਦੇ ਪਾਸਪੋਰਟ ਵੀਜ਼ਾ ਅਤੇ ਇਸ ਨਾਲ ਜੁੜੀਆਂ ਕੁਝ ਹੋਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਸੀਂ ਵਰਚੁਅਲ ਕਾਨਫਰੰਸ ਰਾਹੀਂ ਉਹਨਾਂ ਦੀਆ ਮੁਸ਼ਕਲਾਂ ਸੁਣ ਕੇ ਹੱਲ ਕਰਨ ਲਈ ਵਚਨਬੱਧ ਹਾਂ।

*****

## ਰਾਸ਼ਟਰਪਤੀ ਅਹੁਦੇ ਲਈ ਟਰੰਪ ਅਤੇ ਬਿਡੇਨ ਦੇ ਨਾਂ 'ਤੇ ਮੋਹਰ ਲੱਗੀ

**(ਸਫਾ 1 ਦੀ ਬਾਕੀ)**

ਦਾ ਖ਼ਿਆਲ ਵੀ ਰੱਖਣਗੇ। ਉਹ ਸਿਧਾਂਤਾਂ 'ਤੇ ਚੱਲਣ ਵਾਲੇ ਹੋਣਗੇ। ਉਹ ਸਭ ਦੀ ਸੁਣਨਗੇ ਅਤੇ ਜਦੋਂ ਤੁਹਾਨੂੰ ਉਨ੍ਹਾਂ ਦੀ ਲੋੜ ਹੋਵੇਗੀ ਤਦ ਤੁਹਾਡੇ ਕੋਲ ਹੋਣਗੇ। ਉਹ ਤੁਹਾਨੂੰ ਤਦ ਵੀ ਸੱਚਾਈ ਨਾਲ ਰੂਬਰੂ ਕਰਾਉਣਗੇ ਜਦੋਂ ਤੁਸੀਂ ਇਸ ਨੂੰ ਸੁਣਨਾ ਨਹੀਂ ਚਾਹੋਗੇ। ਉਹ ਤੁਹਾਨੂੰ ਕਦੇ ਨਿਰਾਸ਼ ਨਹੀਂ ਹੋਣ ਦੇਣਗੇ। ਉਹ ਕਾਫ਼ੀ ਚੰਗੇ ਪਿਤਾ ਹਨ ਅਤੇ ਸਾਨੂੰ ਲੱਗਦਾ ਹੈ ਕਿ ਉਹ ਇਕ ਮਹਾਨ ਰਾਸ਼ਟਰ-ਪਤੀ ਹੋਣਗੇ।

### ਕੋਰੀ ਬਿਆਨਬਾਜ਼ੀ ਹੈ ਬਿਡੇਨ ਦਾ ਭਾਸ਼ਣ : ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਿਡੇਨ ਦੇ ਭਾਸ਼ਣ ਨੂੰ ਕੋਰੀ ਬਿਆਨਬਾਜ਼ੀ ਕਰਾਰ ਦਿੱਤਾ ਹੈ। ਟਰੰਪ ਨੇ ਟਵੀਟ ਕਰ ਕੇ ਕਿਹਾ ਕਿ 47 ਸਾਲ ਦੇ ਸਿਆਸੀ ਕਰੀਅਰ ਵਿਚ ਉਨ੍ਹਾਂ ਨੇ ਕੁਝ ਵੀ ਅਜਿਹਾ ਨਹੀਂ ਕੀਤਾ ਹੈ ਜਿਸ ਨੂੰ ਉਹ ਇੱਥੇ ਬੋਲ ਕੇ ਦੱਸਦੇ। ਕੋਰੀ ਬਿਆਨਬਾਜ਼ੀ ਦੇ ਇਲਾਵਾ ਉਹ ਕੁਝ ਕਦੀ ਨਹੀਂ ਬੋਲਣਗੇ। ਇਸ ਤੋਂ ਪਹਿਲੇ ਰਾਸ਼ਟਰਪਤੀ ਨੇ ਬੁੱਧਵਾਰ ਨੂੰ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਹਮਲਾ ਬੋਲਿਆ। ਕੈਪੀਟਲ ਲੈਟਰ ਵਿਚ ਕੀਤੇ ਗਏ ਟਵੀਟ ਵਿਚ ਓਬਾਮਾ 'ਤੇ ਨਿਸ਼ਾਨਾ ਕੱਸਦੇ ਹੋਏ ਟਰੰਪ ਨੇ ਕਿਹਾ ਕਿ ਉਹ ਮੇਰੀ ਚੋਣ ਮੁਹਿੰਮ ਦੀ ਜਾਸੂਸੀ ਕਰ ਰਹੇ ਸਨ ਅਤੇ ਫੜੇ ਗਏ ਸਨ। ਟਰੰਪ ਨੇ ਹੈਰਿਸ ਨੂੰ ਨਿਸ਼ਾਨੇ 'ਤੇ ਲੈਂਦੇ ਹੋਏ ਕਿਹਾ ਕਿ ਤਦ ਉਨ੍ਹਾਂ ਨੇ ਬਿਡੇਨ ਨੂੰ ਨਾ ਤਾਂ ਨਸਲਵਾਦੀ ਕਿਹਾ ਸੀ ਅਤੇ ਨਾ ਹੀ ਅਸਮਰਥ ਦੱਸਿਆ ਸੀ।

ਟਰੰਪ ਦਾ ਇਸ਼ਾਰਾ ਪ੍ਰਰਾਇਮਰੀ ਚੋਣ ਵੱਲ ਸੀ ਜਦੋਂ ਕਮਲਾ ਹੈਰਿਸ ਖ਼ੁਦ ਰਾਸ਼ਟਰਪਤੀ ਦੀ ਦੌੜ ਵਿਚ ਸੀ। ਇਕ ਹੋਰ ਬਿਆਨ ਵਿਚ ਟਰੰਪ 2020 ਕਮਿਊਨੀਕੇਸ਼ਨ ਦੇ ਡਾਇਰੈਕਟਰ ਟਿਮ ਮੁਟੋਂ ਨੇ ਕਿਹਾ ਕਿ ਪਾਰਟੀ ਦੀ ਨਾਮਜ਼ਦਗੀ ਸਵੀਕਾਰ ਕਰ ਕੇ ਬਿਡੇਨ ਰਸਮੀ ਤੌਰ 'ਤੇ ਕੱਟੜਪੰਥੀ ਖੱਬੇ ਪੱਖੀਆਂ ਦਾ ਮੋਹਰਾ ਬਣ ਗਏ ਹਨ।

## ਮਨਜੀਤ ਸਿੰਘ ਨੂੰ ਸਦਮਾ- ਸਾਂਢੂ ਸੁਖਪਾਲ ਸਿੰਘ ਮਿਨਹਾਲ ਦੀ ਕਰੋਨਾ ਕਾਰਨ ਮੌਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ ਕੀ ਇੰਸ਼ੋਰੈਂਸ ਵਾਲੇ ਮਨਜੀਤ ਸਿੰਘ ਦੇ ਸਾਂਢੂ ਸੁਖਪਾਲ ਸਿੰਘ ਮਿਨਹਾਲ (48) ਦੀ ਕਰੋਨਾ ਵਾਇਰਸ ਕਾਰਨ ਉਰਲਾਂਡੋ (ਫਲੋਰੀਡਾ) ਵਿਚ ਮੌਤ ਹੋ ਗਈ। ਬੜੇ ਦੁਖੀ ਹਿਰਦੇ ਨਾਲ ਦੱਸਿਆ ਕਿ ਸੁਖਪਾਲ ਸਿੰਘ ਮਿਨਹਾਸ ਉਰਲਾਂਡੋ ਹਸਪਤਾਲ ਵਿਚ ਕਰੋਨਾ ਵਾਇਰਸ ਕਾਰਨ ਜ਼ੇਰੇ ਇਲਾਜ ਸਨ। ਉਹਨਾਂ ਦੱਸਿਆ ਕਿ ਨਿਊਯਾਰਕ ਪੰਜਾ-ਬੀਆਂ ਦੀਆਂ ਮੌਤਾਂ ਤੋਂ ਬਾਅਦ ਫਲੋਰੀਡਾ ਵਿਚ ਪਹਿਲੇ ਪੰਜਾਬੀ ਦੀ ਕਰੋਨਾ ਮਹਾਂਮਾਰੀ ਕਰਕੇ ਮੌਤ ਹੋਈ ਹੈ, ਜਿਹਨਾਂ ਦਾ ਸਸਕਾਰ 30 ਅਗਸਤ ਨੂੰ ਸਵੇਰੇ 11 ਵਜੇ ਉਰਲਾਂਡੋ ਵਿਚ ਕੀਤਾ ਜਾਵੇਗਾ।

ਜਲੰਧਰ ਜ਼ਿਲ੍ਹੇ ਦੇ ਪਿਡ ਡਾਰੋਲੀ ਕਲਾਂ ਦੇ ਜੰਮਪਲ ਮੋਹਨ ਸਿੰਘ ਤੇ ਉਹਨਾਂ ਦੀ ਧਰਮ ਪਤਨੀ ਦਰਸ਼ਨ ਕੌਰ ਦੇ ਸਪੁੱਤਰ ਸੁਖਪਾਲ ਸਿੰਘ ਮਿਨਹਾਸ ਦੀ ਮੌਤ ਦੀ ਖਬਰ ਸੁਣ ਕੇ ਪਿੰਡ ਸੋਗ ਤਾ ਗਿਆ ਹੈ। ਇਸਦੇ ਨਾਲ ਹੀ ਸਹੁਰਾ ਪਰਿਵਾਰ ਚੋਖਿਆਰਾ (ਆਦਮਪੁਰ) ਦੇ ਜੰਮਪਲ ਜਸਦੇਵ ਸਿੰਘ ਸਰੋਆ ਤੇ ਬੀਬੀ ਨਰੰਦਰ ਕੌਰ ਤੇ ਲੜਕੇ ਜਸਜੀਤ ਸਿੰਘ ਅਤੇ ਜਰਨੈਲ ਸਿੰਘ ਦੇ ਪਰਿਵਾਰ ਵਿਚ ਮਾਤਮ ਛਾ ਗਿਆ ਹੈ। ਸਿਆਟਲ ਤੋਂ ਜਗਤਾਰ ਸਿੰਘ ਸਰੋਆ, ਪ੍ਰਸਿੱਧ ਲਿਖਾਰੀ ਵਾਸਦੇਵ ਸਿੰਘ ਪਰਹਾਰ, ਮਲਕੀਅਤ ਸਿੰਘ ਪਰਹਾਰ, ਤਨਵੀਰ ਸਿੰਘ, ਪਰਮਜੀਤ ਸਿੰਘ ਪਰਹਾਰ, ਕੁਲਵੰਤ ਸਿੰਘ ਮਿਨਹਾਸ, ਇੰਦਰਜੀਤ ਕੌਰ ਤੇ ਸਤਵਿੰਦਰ ਕੌਰ ਨੇ ਮਿਨਹਾਸ ਦੀ ਮੌਤ ਦੇ ਗਹਿਰਾ ਦੁੱਖ ਪ੍ਰਗਟ ਕੀਤਾ।







ਦੇਸ਼ ਦੁਆਬਾ

# ਕਾਂਗਰਸ ਦਾ ਸੰਕਟ ਬਰਕਰਾਰ

ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਦੇ ਅੱਗੇ ਭਵਿੱਖ ਦਾ ਬਹੁਤ ਵੱਡਾ ਸੰਕਟ ਨਜ਼ਰ ਆ ਰਿਹਾ ਹੈ। ਇਸ ਪਾਰਟੀ ਦੇ ਕੋਲ ਕਈ ਤਜਰਬੇਕਾਰ ਲੀਡਰ ਹੋਣ ਦੇ ਬਾਵਜੂਦ ਵਾਰ-ਵਾਰ ਗਾਂਧੀ ਪਰਿਵਾਰ ਵੱਲ ਹੀ ਕਿਉਂ ਦੇਖਿਆ ਜਾ ਰਿਹਾ ਹੈ। ਇਸ ਸ਼ੰਕੇ ਦੀ ਨਵਿਰਤੀ ਕੋਈ ਨਹੀਂ ਕਰ ਪਾ ਰਿਹਾ। ਸੋਨੀਆ ਗਾਂਧੀ ਨੂੰ ਇਕ ਵਾਰ ਫਾਰ ਕਾਂਗਰਸ ਦੀ ਕਮਾਂਡ ਸੰਭਾਲਣਾ ਇਸ ਪਾਰਟੀ ਦੀ ਗਾਂਧੀ ਪਰਿਵਾਰ 'ਤੇ ਨਿਰਭਰਤਾ ਨੂੰ ਤਾਂ ਦਰਸਾਉਂਦਾ ਹੀ ਹੈ ਤੇ ਇਹ ਵੀ ਦੱਸਦਾ ਹੈ ਕਿ ਉਸ ਲਈ ਇਸ ਪਰਿਵਾਰ ਤੋਂ ਬਾਹਰ ਕਿਸੇ ਹੋਰ ਦੀ ਲੀਡਰਸ਼ਿਪ ਨੂੰ ਸਵੀਕਾਰ ਕਰਨਾ ਕਿੰਨਾ ਮੁਸ਼ਕਲ ਹੈ।

ਇਸ 'ਚ ਸ਼ੱਕ ਹੈ ਕਿ ਕਾਰਜਕਾਰੀ ਪ੍ਰਧਾਨ ਵਜੋਂ ਸੋਨੀਆ ਗਾਂਧੀ ਦੀ ਚੋਣ ਨਾਲ ਕਾਂਗਰਸ ਦਾ ਸੰਕਟ ਸੱਚਮੁੱਚ ਦੂਰ ਹੋ ਸਕੇਗਾ। ਸੱਚ ਤਾਂ ਇਹ ਹੈ ਕਿ ਰਾਹੁਲ ਗਾਂਧੀ ਵੱਲੋਂ ਪ੍ਰਧਾਨਗੀ ਛੱਡਣ ਤੋਂ ਬਾਅਦ ਜਿਸ ਤਰ੍ਹਾਂ ਪਾਰਟੀ ਤਕਰੀਬਨ ਢਾਈ ਮਹੀਨੇ ਤਕ ਬੇਯਕੀਨੀ ਦੇ ਮਾਹੌਲ 'ਚ ਫਸੀ ਰਹੀ ਤੇ ਫਿਰ ਸੋਨੀਆ ਗਾਂਧੀ 'ਤੇ ਹੀ ਉਸ ਦੀ ਆਸ ਟਿਕੀ, ਉਸ ਨਾਲ ਇਸ ਦੀ ਕਮਜ਼ੋਰੀ ਹੋਰ ਜ਼ਿਆਦਾ ਸਪੱਸ਼ਟ ਰੂਪ 'ਚ ਸਾਹਮਣੇ ਆਈ ਹੈ। ਕਾਂਗਰਸ ਇਹ ਕਹਿ ਸਕਦੀ ਹੈ ਕਿ ਸੋਨੀਆ ਗਾਂਧੀ ਨੂੰ ਅੰਤਰਿਮ ਪ੍ਰਧਾਨ ਹੀ ਬਣਾਇਆ ਗਿਆ ਹੈ ਪਰ ਇਸ ਨਾਲ ਕਿਤੇ ਨਾ ਕਿਤੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗਾਂਧੀ ਪਰਿਵਾਰ ਬਗ਼ੈਰ ਪਾਰਟੀ ਦਾ ਗੁਜ਼ਾਰਾ ਨਹੀਂ।

ਇਸ ਫ਼ੈਸਲੇ ਜ਼ਰੀਏ ਕਾਂਗਰਸ ਦਾ ਅੱਗੇ ਵਧ ਸਕਣਾ ਮੁਸ਼ਕਲ ਹੀ ਹੈ। ਅਜਿਹਾ ਲੱਗਦਾ ਹੈ ਕਿ ਕਾਂਗਰਸ ਘੁੰਮ-ਫਿਰ ਕੇ ਉੱਥੇ ਹੀ ਪਹੁੰਚ ਗਈ ਹੈ, ਜਿੱਥੋਂ ਚੱਲੀ ਸੀ। ਬਿਹਤਰ ਹੋਵੇਗਾ ਕਿ ਅੱਗੇ ਵਧਣ ਲਈ ਕਾਂਗਰਸ ਪਹਿਲਾਂ ਇਹ ਤੈਅ ਕਰ ਲਵੇ ਕਿ ਉਸ 'ਚ ਗਾਂਧੀ ਪਰਿਵਾਰ ਦੀ ਅਗਵਾਈ ਤੋਂ ਬਿਨਾਂ ਅੱਗੇ ਵਧਣ ਦੀ ਸਮਰੱਥਾ ਹੈ ਜਾਂ ਨਹੀਂ?

ਇਹ ਠੀਕ ਹੈ ਕਿ ਕਾਂਗਰਸ ਦਾ ਗਾਂਧੀ ਪਰਿਵਾਰ ਤੋਂ ਵੱਖ ਹੋਣਾ ਆਸਾਨ ਨਹੀਂ ਤੇ ਇਸ ਦੀ ਹੋਂਦ ਦਾ ਆਧਾਰ ਹੀ ਇਹ ਪਰਿਵਾਰ ਹੈ ਪਰ ਜਦੋਂ ਖ਼ੁਦ ਰਾਹੁਲ ਗਾਂਧੀ ਨੇ ਕਹਿ ਦਿੱਤਾ ਸੀ ਕਿ ਗਾਂਧੀ ਪਰਿਵਾਰ ਤੋਂ ਬਾਹਰ ਦੇ ਕਿਸੇ ਵਿਅਕਤੀ ਨੂੰ ਅਗਵਾਈ ਸੌਂਪੀ ਜਾਣੀ ਚਾਹੀਦੀ ਹੈ ਤਾਂ ਇਹ ਜ਼ਰੂਰੀ ਹੋ ਜਾਂਦਾ ਸੀ ਕਿ ਪਾਰਟੀ ਉਸੇ ਦਿਸ਼ਾ 'ਚ ਅੱਗੇ ਵੱਧਦੀ। ਇਹ ਅਜੀਬ ਤ੍ਰਾਸਦੀ ਹੈ ਕਿ ਕਾਂਗਰਸ ਗਾਂਧੀ ਪਰਿਵਾਰ ਦੇ ਰੂਪ 'ਚ ਜਿਸ ਨੂੰ ਆਪਣੀ ਤਾਕਤ ਸਮਝਦੀ ਹੈ, ਉਹ ਹੀ ਉਸ ਦੀ ਕਮਜ਼ੋਰੀ ਵੀ ਹੈ। ਇਸੇ ਤਾਕਤ ਤੇ ਕਮਜ਼ੋਰੀ ਕਾਰਨ ਕਾਂਗਰਸ ਗਾਂਧੀ ਪਰਿਵਾਰ ਨੂੰ ਲੈ ਕੇ ਆਪਣੀ ਦੁਵਿਧਾ ਤੋਂ ਉੱਭਰਦੀ ਨਹੀਂ। ਨਿਰਾਸ਼ਾਜਨਕ ਇਹ ਹੈ ਕਿ ਕਾਂਗਰਸ ਦੀ ਇਸ ਦੁਵਿਧਾ ਦਾ ਨੁਕਸਾਨ ਦੇਸ਼ ਨੂੰ ਵੀ ਚੁੱਕਣਾ ਪੈ ਰਿਹਾ ਹੈ। ਇਕ ਮਜ਼ਬੂਤ ਵਿਰੋਧੀ ਧਿਰ ਦੀ ਆਪਣੀ ਭੂਮਿਕਾ ਨਿਭਾਉਣ ਲਈ ਕਾਂਗਰਸ ਨੂੰ ਸਭ ਤੋਂ ਪਹਿਲਾਂ ਲੀਡਰਸ਼ਿਪ ਦੇ ਸਵਾਲ ਨੂੰ ਹੱਲ ਕਰਨਾ ਹੋਵੇਗਾ ਤਾਂ ਕਿ ਪਾਰਟੀ ਨੂੰ ਸਹੀ ਦਿਸ਼ਾ ਮਿਲੇ।

ਰਾਹੁਲ ਗਾਂਧੀ ਨੇ ਪ੍ਰਧਾਨਗੀ ਛੱਡਣ ਦੇ ਨਾਲ ਹੀ ਪਾਰਟੀ ਦੇ ਨੇਤਾਵਾਂ ਨੂੰ ਇਹ ਮੌਕਾ ਦਿੱਤਾ ਸੀ ਕਿ ਉਹ ਨਵੀਂ ਲੀਡਰਸ਼ਿਪ ਦੀ ਤਲਾਸ਼ ਕਰਨ ਪਰ ਉਹ ਇਸ ਦੀ ਜੁਅੱਰਤ ਨਹੀਂ ਕਰ ਸਕੇ ਕਿਉਂਕਿ ਪਾਰਟੀ ਦੇ ਵੱਡੇ ਨੇਤਾ ਇਕਜੁੱਟ ਨਹੀਂ ਤੇ ਉਹ ਵੀ ਸ਼ਕਤੀ ਕੇਂਦਰ ਦੇ ਇਰਦ-ਗਿਰਦ ਘੁੰਮਣ ਦੀ ਉਸੇ ਸਮੱਸਿਆ ਦੀ ਲਪੇਟ 'ਚ ਆ ਗਏ ਹਨ, ਜਿਸ ਨਾਲ ਕਦੇ ਵਰਕਰ ਗ੍ਰਸਤ ਹੋਇਆ ਕਰਦੇ ਸਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-147

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਚਾਰ ਪਦਾਰਥਾਂ ਦੀ ਵਿਆਖਿਆ ਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਪਦਾਰਥ ਤਾਂ ਦੁਨੀਆਂ 'ਚ ਬੇਅੰਤ ਹਨ ਪਰ ਕੁਝ ਵਿਦਵਾਨ ਚਾਰ ਪਦਾਰਥ ਧਰਮ, ਅਰਥ, ਕਾਮ ਤੇ ਮੋਖ ਮੰਨਦੇ ਹਨ। ਧਰਮ-ਜੀਵਨ ਦੇ ਕਰਤਵ ਨੂੰ ਪਾਲਣ ਵਾਲੇ ਤੱਤ। ਅਰਥ-ਜੀਵਨ ਦੇ ਭੌਤਿਕ ਸਾਧਨ। ਕਾਮ-ਜੀਵ ਉਤਪਤੀ ਤੇ ਜੀਵਨ ਦੀਆਂ ਕਾਮਨਾਵਾਂ। ਮੋਖ-ਸੰਸਾਰਕ ਬੰਧਨਾਂ ਤੋਂ ਮੁਕਤੀ-ਅਰਥ ਧਰਮ ਕਾਮ ਮੋਖ ਕਾ ਦਾਤਾ॥ਪੂਰੀ ਭਈ ਸਿਮਰਿ ਸਿਮਰਿ ਬਿਧਾਤਾ॥(੮੦੫) ਦੁਨੀਆ ਦੇ ਪ੍ਰਸਿੱਧ ਮੰਨੇ ਹੋਏ ਚਾਰ ਪਦਾਰਥਾਂ ਧਰਮ ਅਰਥ ਕਾਮ ਮੋਖ ਦਾ ਦੇਣ ਵਾਲਾ ਪ੍ਰਭੂ ਆਪ ਹੀ ਹੈ। ਉਸ ਦਾ ਨਾਮ ਸਿਮਰ-ਸਿਮਰ ਕੇ ਘਾਲ-ਕਮਾਈ ਸਫਲ ਹੋ ਜਾਂਦੀ ਹੈ। ਅਕਾਲ-ਪੁਰਖ ਨੇ ਸੰਸਾਰ ਵਿੱਚ ਉਤਪਤੀ ਦਾ ਸਾਧਨ ਕਾਮ ਨੂੰ ਬਣਾਇਆ ਹੈ। ਜੇ ਬ੍ਰਹਮਚਰਯ ਰਖਣਾ ਧਰਮ ਦਾ ਕਰਮ ਹੈ, ਫਿਰ ਧਰਮ ਤਾਂ ਹਰ ਮਨੁੱਖ ਨੂੰ ਕਮਾਉਣਾ ਚਾਹੀਦਾ ਹੈ। ਜੇ ਸਾਰਾ ਸੰਸਾਰ ਐਸਾ ਧਰਮ ਧਾਰਨ ਕਰ ਲਵੇ ਅਤੇ ਬ੍ਰਹਮਚਾਰੀ ਹੋ ਜਾਵੇ ਤਾਂ ਸੰਸਾਰ ਵਿੱਚ ਮਨੁੱਖੀ ਉਤਪਤੀ ਹੀ ਖਤਮ ਹੋ ਜਾਵੇਗੀ। ਕਾਮ ਦੀ ਮਹੱਤਤਾ ਉਸ ਵਿਅਕਤੀ ਤੋਂ ਪੁੱਛ ਕੇ ਵੇਖੋ ਜਿਸ ਨੂੰ ਇਹ ਦਾਤ ਪ੍ਰਾਪਤ ਨਹੀਂ ਹੋਈ। ਕਿਸੇ ਨਪੁੰਸਕ ਵਿਅਕਤੀ ਦੇ ਜੀਵਨ ਵਿੱਚ ਝਾਤੀ ਮਾਰ ਕੇ ਵੇਖੋ ਕਿ ਉਹ ਕਿਵੇਂ ਰਸਹੀਣ ਹੈ। ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਲਈ ਕਿਥੇ-ਕਿਥੇ ਇਲਾਜ ਕਰੌਂਦਾ ਅਤੇ ਭਟਕਦਾ ਫਿਰਦਾ ਹੈ। ਇਸ ਕਮਜ਼ੋਰੀ ਨੂੰ ਛੁਪਾਉਣ ਲਈ ਉਹ ਸੰਸਾਰ ਕੋਲੋਂ ਮੂੰਹ ਛੁਪਾਉਂਦਾ ਹੈ। ਅਕਾਲ ਪੁਰਖ ਦੀ ਬਖਸ਼ੀ ਹੋਈ ਇਸ ਦਾਤ ਤੋਂ ਮੂੰਹ ਮੋੜਨਾ, ਕੀ ਉਸ ਦੀ ਦਾਤ ਦਾ ਨਿਰਾਦਰ ਕਰਨਾ ਨਹੀਂ?

ਫਿਰ ਕਈ ਆਖਣਗੇ ਕਿ "ਸ਼ਬਦ ਗੁਰੂ ਗ੍ਰੰਥ" ਤਾਂ ਕਾਮ ਤੋਂ ਬਚਨ ਦੀ ਚੇਤਾਵਨੀ ਦੇਂਦੇ ਹਨ। ਇਹ ਬਿਲਕੁਲ ਠੀਕ ਹੈ ਪਰ ਕਾਮ ਦਾ ਤਿਆਗ ਕਰਨ ਦੀ ਨਹੀਂ ਸਗੋਂ ਕਾਮ ਦੀ ਦੁਰਵਰਤੋਂ ਕਰਨ ਤੋਂ ਰੋਕਦੇ ਹਨ-ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ॥ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥(ਮਃ ੫-੧੦੯੫) ਹੇ ਜੀਵ! ਤੂੰ ਹਰ ਥਾਂ ਕੰਤ-ਪ੍ਰਭੂ ਨੂੰ ਵੇਖ, ਪਰਾਈ ਇਸਤ੍ਰੀ ਨੂੰ ਮੰਦ ਭਾਵਨਾ ਨਾਲ ਨਾ ਵੇਖ, ਤੇ ਕਾਮਾਤੁਰ ਹੋ ਕੇ ਮਤਿ-ਹੀਣੇ ਨਾਪਾਕ ਬੋਲ ਨਾ ਬੋਲ। ਹੇ ਨਾਨਕ! ਜਿਵੇਂ ਫੁਲਵਾੜੀ ਖਿੜੀ ਹੁੰਦੀ ਹੈ ਤਿਵੇਂ ਇਹ ਸਾਰਾ ਸੰਸਾਰ ਖਿੜਿਆ ਹੋਇਆ ਹੈ। ਇਥੇ ਕੋਈ ਫੁੱਲ ਤੋੜਨਾ ਨਹੀਂ ਸਗੋਂ ਕਿਸੇ ਪਰਾਈ ਸੁੰ-ਦਰੀ ਵੱਲ ਮੰਦ-ਭਾਵਨਾ ਨਹੀਂ ਰੱਖਣੀ ਕਿਉਂਕਿ-ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥(ਮ: ੫-੪੦੩) ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਇਉਂ ਹੀ ਹੈ ਜਿਵੇਂ ਸੱਪ ਨਾਲ ਸਾਥ ਹੈ। ਸਤਿਗੁਰੂ ਨੇ ਗ੍ਰਿਹਸਤ ਦਾ ਨਹੀਂ ਪਰਾਈ ਇਸਤ੍ਰੀ ਦਾ ਤਿਆਗ ਕਰਨ ਦੀ ਹਦਾਇਤ ਕੀਤੀ ਹੈ-ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥ (ਮ:੫-੩੭੯) ਪਰਾਇਆ ਧਨ, ਪਰਾਈ ਇਸਤ੍ਰੀ, ਪਰਾਈ ਨਿੰਦਾ, ਇਨ੍ਹਾਂ ਵਿਕਾਰਾਂ ਨਾਲੋਂ ਪ੍ਰੀਤਿ ਦੂਰ ਕਰ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਇਸ ਦੀ ਵਿਆਖਿਆ ਇੰਞ ਕੀਤੀ ਹੈ-ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥(੬-੮-੩) ਭਾਵ ਅਸਲੀ ਜਤੀ ਉਹ ਹੈ ਜੋ ਕੇਵਲ ਆਪਣੀ ਇਸਤ੍ਰੀ ਉੱਤੇ ਸੰਤੋਖ ਰਖਦਾ ਅਤੇ ਪਰਾਈਆਂ ਔਰਤਾਂ ਨੂੰ ਧੀ ਭੈਣ ਵਾਂਗ ਸਮਝਦਾ ਹੈ। ਸਤਿਗੁਰੂ ਨੇ ਤਾਂ ਸਿੱਖ ਨੂੰ ਪਰਾਈ ਇਸਤਰੀ ਦੇ ਹੁਸਨ ਨੂੰ ਬੁਰੀ ਨਜਰ ਨਾਲ ਵੇਖਣ ਦੀ ਵੀ ਮਨਾਹੀ ਕੀਤੀ ਕਿਉਂਕਿ ਮਨ ਵਿੱਚ ਵਿਕਾਰ ਆਉਣ ਦੀ ਸ਼ੁਰੂਆਤ ਇਸੇ ਬੁਰੀ ਤੱਕਣੀ ਤੋਂ ਹੀ ਸ਼ੁਰੂ ਹੁੰਦੀ ਹੈ-ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥(ਮਃ ੫-੨੭੪) ਪਰਾਈ ਇਸਤ੍ਰੀ ਦੇ ਹੁਸਨ ਨੂੰ ਆਪਣੀਆਂ ਵਿਕਾਰੀ ਅੱਖਾਂ ਨਾਲ ਨਹੀਂ ਤੱਕਣਾ। ਬ੍ਰਹਮਚਰਯ ਧਾਰਨ ਕਰਨ ਵਾਲੇ ਲੋਕ ਹੱਠ-ਕਰਮ ਦੇ ਤੌਰ ਤੇ ਬ੍ਰਹਮਚਰਜ ਨੂੰ ਧਾਰਨ ਕਰ ਲੈਂਦੇ ਨੇ ਪਰ ਕਾਮ ਦੀ ਇਸ ਕੁਦਰਤੀ ਵਾਸਨਾ ਤੋਂ ਛੁਟਕਾਰਾ ਨਹੀਂ ਪਾ ਸਕਦੇ। ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਮਨ ਸਦਾ ਭਟਕਦਾ ਰਹਿੰਦਾ ਅਤੇ ਨਾ ਉਹ ਤਿਆਗੀ ਅਤੇ ਨਾ ਗ੍ਰਿਹਸਤੀ ਬਣ ਸਕਦੇ ਹਨ-ਮਮਤਾ ਮੋਹੁ ਕਾਮਣਿ ਹਿਤਕਾਰੀ॥ਨਾ ਅਉਧੂਤੀ ਨਾ ਸੰਸਾਰੀ॥(ਮ:੧-੯੦੩) ਜਿਸ ਮਨੁੱਖ ਨੂੰ ਮਾਇਆ ਦੀ ਮਮਤਾ ਲੱਗੀ ਹੋਵੇ ਮਾਇਆ ਦਾ ਮੋਹ ਚੰਬੜਿਆ ਹੋਵੇ ਜੋ ਇਸਤ੍ਰੀ ਦਾ ਭੀ ਪ੍ਰੇਮੀ ਹੋਵੇ ਉਹ ਨਾ ਤਿਆਗੀ ਰਿਹਾ ਨਾ ਗ੍ਰਿਹਸਤੀ ਬਣਿਆ-ਬਿੰਦੁ ਨ ਰਾਖਹਿ ਜਤੀ ਕਹਾਵਹਿ॥ਮਾਈ ਮਾਗਤ ਤ੍ਰੈ ਲੋਭਾਵਹਿ॥ਨਿਰਦਇਆ ਨਹੀ ਜੋਤਿ ਉਜਾਲਾ॥ ਬੂਡਤ ਬੂਡੇ ਸਰਬ ਜੰਜਾਲਾ॥(ਮ:੧-੯੦੩) ਹੇ ਜੋਗੀ! ਤੂੰ ਕਾਮ-ਵਾਸਨਾ ਤੋਂ ਆਪਣੇ ਆਪ ਨੂੰ ਨਹੀਂ ਬਚਾਂਦਾ ਪਰ ਫਿਰ ਭੀ ਲੋਕਾਂ ਪਾਸੋਂ ਜਤੀ ਅਖਵਾ ਰਿਹਾ ਹੈਂ। ਮਾਇਆ ਮੰਗਦਾ-ਮੰਗਦਾ ਤੂੰ ਤ੍ਰੈਗੁਣੀ ਮਾਇਆ ਵਿੱਚ ਫਸ ਰਿਹਾ ਹੈਂ। ਜਿਸ ਮਨੁੱਖ ਦੇ ਅੰਦਰ ਕਠੋਰਤਾ ਹੋਵੇ ਉਸ ਦੇ ਹਿਰਦੇ ਵਿੱਚ ਪ੍ਰਭੂ-ਜੋਤਿ ਦਾ ਚਾਨਣ ਨਹੀਂ ਹੋ ਸਕਦਾ ਤੇ ਸਹਿਜੇ-ਸਹਿਜੇ ਡੁੱਬਦਾ-ਡੁੱਬਦਾ ਉਹ ਮਾਇਆ ਦੇ ਸਾਰੇ ਜੰਜਾਲਾਂ ਵਿੱਚ ਡੁੱਬ ਜਾਂਦਾ ਹੈ।

ਇਸੇ ਦਾ ਨਤੀਜਾ ਹੈ ਕਿ ਆਦਿ ਕਾਲ ਤੋਂ ਲੈ ਕੇ ਅੱਜ ਦੇ ਮੌਜੂਦਾ ਸਮੇਂ ਤੱਕ ਐਸੇ ਅਖੌਤੀ ਜਤੀਆਂ ਦੀਆਂ ਕਾਮ ਲੀਲਾ ਦੇ ਚਰਚੇ ਰੋਜ਼ ਵੇਖਣ ਸੁਨਣ ਵਿੱਚ ਆਉਂਦੇ ਹਨ। ਇਸ ਬ੍ਰਹਮਚਰਜ਼ ਦੇ ਭੇਖ ਨੇ ਸੰਸਾਰ ਵਿੱਚ ਪਵਿੱਤ੍ਰਤਾ ਤਾਂ ਕੀ ਲਿਆਉਣੀ ਸੀ ਸਗੋਂ ਸਮਾਜ ਵਿੱਚ ਅਨੈਤਿਕਤਾ ਅਤੇ ਗੰਦਗੀ ਵਧੇਰੇ ਫੈਲਾਈ ਹੈ।

ਗੁਰਮਤਿ ਚਾਰ ਪਦਾਰਥਾਂ ਬਾਰੇ ਹੋਰ ਬਿਆਨ ਕਰਦੀ ਹੈ-ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥(ਮ:੧-੧੫੪) ਹਰੇਕ ਜੀਵ ਧਰਮ ਅਰਥ ਕਾਮ ਮੋਖ ਇਨ੍ਹਾਂ ਚਾਰ ਪਦਾਰਥਾਂ ਦਾ ਜ਼ਿਕਰ ਤਾਂ ਕਰਦੈ ਸਿੰਮ੍ਰਿਤੀਆਂ ਸ਼ਾਸਤ੍ਰਾਂ ਹਿੰਦੂਆਂ ਦੇ ਧਰਮ ਗ੍ਰੰਥ ਜਿਨ੍ਹਾਂ ਦਾ ਲਿਖਾਰੀ ਬ੍ਰਾਹਮਣ ਹੈ ਦੇ ਪੰਡਿਤਾਂ ਦੇ ਮੂਹੋਂ ਵੀ ਏਹੀ ਸਣੀਦੈ ਪਰ ਮੁਕਤਿ ਪਦਾਰਥ ਕੀ ਹੈ? ਉਹ ਅਵਸਥਾ ਕੀ ਹੈ ਜਿੱਥੇ ਜੀਵ ਤਿੰਨਾ ਗੁਣਾ ਤੋਂ ਨਿਰਲੇਪ ਹੋ ਜਾਂਦਾ ਹੈ? ਗੁਰੂ ਦੀ ਸਰਨ ਪੈਣ ਤੋਂ ਬਿਨਾ ਇਸ ਦਾ ਅਨੁਭਵ ਨਹੀਂ ਹੋ ਸਕਦਾ ਇਹ ਪਦਾਰਥ ਪ੍ਰਭੂ-ਭਗਤੀ ਕੀਤਿਆਂ ਹੀ ਮਿਲਦਾ ਹੈ। ਸਤਗੁਰੂ ਜੀ ਦੇ ਗਿਆਨ ਅਨੁਸਾਰ ਜੀਵਨ ਢਾਲ ਲੈਣ ਨਾਲ ਤਿੰਨ ਮਾਇਕ ਪਦਾਰਥਾਂ ਦੀ ਤਾਂ ਇਛਿਆ ਹੀ ਮੁੱਕ ਜਾਂਦੀ ਹੈ-ਸਤਿਗੁਰ ਕੈ ਵਸਿ ਚਾਰਿ ਪਦਾਰਥ॥ ਤੀਨਿ ਸਮਾਏ ਏਕ ਕ੍ਰਿਤਾਰਥ॥(੧੩੪੪)

ਲੋਕ ਦਨੀਆ ਦੇ ਪਦਾਰਥਾਂ ਦੀ ਖ਼ਾਤਰ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਨੇ ਪਰ ਗੁਰੂ ਕੋਲ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਹਨ। ਗੁਰੂ ਦੀ ਸਿਖਿਆ ਤੇ ਤੁਰਿਆਂ ਤਿੰਨ ਪਦਾਰਥਾਂ ਦੀ ਵਾਸਨਾ ਹੀ ਮੁੱਕ ਜਾਂਦੀ ਤੇ ਮਨੁੱਖ ਨੂੰ ਇੱਕ ਵਿੱਚ ਸਫ਼ਲਤਾ ਪ੍ਰਾਪਤ ਹੋ ਜਾਂਦੀ ਭਾਵ ਮਾਇਆ ਦੇ ਮੋਹ ਤੋਂ ਮੁਕਤੀ ਮਿਲ ਜਾਂਦੀ ਹੈ। ਗੁਰਮਤਿ ਵਿੱਚ ਮੰਨੇ ਗਏ ਚਾਰ ਪਦਾਰਥਾਂ ਨਾਲੋਂ ਸਤਿ-ਸੰਗਤਿ 'ਚ ਜਾਣਾ ਵਧੇਰੇ ਲਾਭਦਾਇਕ ਹੈ-ਸਾਧ ਸੰਗਿ ਆਰਾਧਨਾ ਹਰਿ ਹਰਿ ਅਪਾਰ॥ਧਰਮ ਅਰਥ ਅਰ ਕਾਮ ਮੋਖ ਦੇਤੇ ਨਹੀ ਬਾਰ॥(੮੧੬) ਜੇ ਕੋਈ ਚਾਰ ਪਦਾਰਥ ਚਾਹੁੰਦਾ ਹੈ ਤਾਂ ਉਸ ਨੂੰ ਸੰਗਤ ਦੀ ਸੇਵਾ ਕਰਨੀ ਚਾਹੀਦੀ ਹੈ-ਚਾਰ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥(੨੬੬) ਸੋ ਦੁਨਿਆਵੀ ਬੇਅੰਤ ਪਦਾਰਥਾਂ ਚੋਂ ਉਪ੍ਰੋਕਤ ਬਿਆਨ ਕੀਤੇ ਧਰਮ, ਅਰਥ, ਕਾਮ ਤੇ ਮੋਖ ਚਾਰ ਪਦਾਰਥ ਨੇ ਜਿੰਨਾਂ ਦੀ ਮਨੁੱਖਾ ਜਿੰਦਗੀ 'ਚ ਅਤਿਅੰਤ ਲੋੜ ਹੈ।


# ਗੁਰਮਤਿ ਦੇ ਸਿਧਾਂਤਕ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੀ ਫੁੱਲ ਹਮਾਇਤ

ਡੇਰਾਵਾਦ, ਸੰਤਵਾਦ, ਪਾਖੰਡਵਾਦ, ਸੰਪ੍ਰਦਾਇਕਤਾ ਅਤੇ ਅੰਧਵਿਸ਼ਵਾਸ਼ੀ ਬ੍ਰਾਹਮਣੀ ਕਰਮਕਾਂਡਾਂ ਨੂੰ ਢੰਕੇ ਦੀ ਚੋਟ ਨਾਲ ਛੱਡ ਚੁੱਕੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਸਿਧਾਂਤਕ ਵਿਚਾਰਾਂ ਨਾਲ ਅਸੀਂ 100% ਸਹਿਮਤ ਹਾਂ ਜਿੰਨ੍ਹਾਂ ਨੂੰ ਪੜ੍ਹੇ ਲਿਖੇ ਨੌਜਵਾਨ ਬਲਕਿ ਹਰ ਵਰਗ ਦੇ ਲੋਕ ਬੜੀ ਸ਼ਿੱਦਤ ਨਾਲ ਸੁਣਦੇ ਹਨ ਪਰ ਬਾਦਲੀ ਤੇ ਸੰਪ੍ਰਦਾਈ ਡੇਰੇਦਾਰਾਂ ਦੇ ਥਾਪੇ ਜਥੇਦਾਰ ਜੋ ਹਰ ਵੇਲੇ ਬਾਦਲਾਂ ਤੇ ਡੇਰੇਦਾਰਾਂ ਦੀ ਬੋਲੀ ਬੋਲਦੇ ਹਨ ਨੇ ਅਖੌਤੀ ਸੰਤ ਤੇ ਗ੍ਰੰਥ ਜੋ ਬ੍ਰਾਹਮਣਵਾਦ ਦਾ ਪ੍ਰਚਾਰ ਕਰਦੇ ਸਿੱਖ ਕੌਮ ਨੂੰ ਲਵ-ਕੁਛ ਦੀ ਉਲਾਦ ਦਸਦੇ ਗੁਰੂਆਂ ਭਗਤਾਂ ਨੂੰ ਵੀ ਅਖੌਤੀ ਦੇਵੀ ਦੇਵਤਿਆਂ ਦਾ ਅਵਤਾਰ ਦੱਸਦੇ ਨੇ ਨੂੰ ਨਿਕਾਰਨ ਦੀ ਥਾਂ ਸਿੱਖ ਕੌਮ ਦੇ ਸਿਰਮੌਰ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦਿਵਾਨਾਂ, ਸਪੀਚਾਂ ਨੂੰ ਮੀਡੀਏ ਤੇ ਸ਼ੇਅਰ ਕਰਨ ਤੇ ਪਾਬੰਦੀ ਲੌਂਦਾ ਪਾਰਟੀਬਾਜ ਸੰਪਰਦਾਈ ਆਦੇਸ਼ ਜਾਰੀ ਕੀਤਾ ਹੈ ਜਿਸ ਦੀ ਅਸੀਂ ਜੋਰਦਾਰ ਸ਼ਬਦਾਂ 'ਚ ਨਿਖੇਧੀ ਕਰਦੇ ਬਾਦਲੀ ਤੇ ਸੰਪਰਦਾਈ ਪੁਜਾਰੀ ਜਥੇਦਾਰ ਨੂੰ ਕੰਡਮ ਕਰਦੇ ਹਾਂ। ਵਿਚਾਰਾਂ ਦੀ ਅਜ਼ਾਦੀ ਤੇ ਪਾਬੰਦੀਆਂ ਲੌਣੀਆਂ ਗੁਰਮਤਿ ਨਹੀਂ ਸਗੋਂ ਔਰੰਗਜ਼ੇਬੀ ਫੁਰਮਾਨ ਹੈ। ਸਿੱਖ ਵਾਸਤੇ ਸਰਬੋਤਮ ਹੁਕਮ ਤਾਂ "ਸ਼ਬਦ ਗੁਰੂ ਗ੍ਰੰਥ" ਦੇ ਫੁਰਮਾਨ ਹਨ ਨਾ ਕਿ ਪਾਰਟੀਬਾਜ਼ ਤੇ ਖਹਿਬਾਜ਼ੀ ਨਾਲ ਪਾਬੰਦੀਆਂ ਲੌਣ ਜਾਂ ਛੇਕਣ ਛਕਾਣ ਦੇ ਕੂੜਨਾਮੇ !

**ਸਿਧਾਂਤਕ ਪ੍ਰਚਾਰ ਦੇ ਹਮਾਇਤੀ-**
**ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ ਦੇ ਸਮੂੰਹ ਸੇਵਕ ਤੇ**
**ਹੋਰ ਹਮ ਖਿਆਲੀ ਜਥੇਬੰਦੀਆਂ**

# ਪ੍ਰਸ਼ਾਂਤ ਭੂਸ਼ਣ ਅਦਾਲਤੀ ਮਾਣਹਾਨੀ: ਸਜ਼ਾ ਬਾਰੇ ਫ਼ੈਸਲਾ ਰਾਖਵਾਂ

ਨਵੀਂ ਦਿੱਲੀ- ਨਿਆਂਪਾਲਿਕਾ ਵਿਰੋਧੀ ਟਵੀਟ ਲਈ ਅਦਾਲਤੀ ਹੱਤਕ ਦੇ ਦੋਸ਼ੀ ਠਹਿਰਾਏ ਗਏ ਵਕੀਲ-ਕਾਰਕੁਨ ਪ੍ਰਸ਼ਾਂਤ ਭੂਸ਼ਣ ਨੂੰ ਦਿੱਤੀ ਜਾਣ ਵਾਲੀ ਸਜ਼ਾ ਬਾਰੇ ਫ਼ੈਸਲਾ ਅੱਜ ਸੁਪਰੀਮ ਕੋਰਟ ਨੇ ਰਾਖ਼ਵਾਂ ਰੱਖ ਲਿਆ ਹੈ। ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਵਿਸਤਾਰ ਵਿਚ ਹੋਈ ਸੁਣਵਾਈ ਮਗਰੋਂ ਫ਼ੈਸਲਾ ਰਾਖ਼ਵਾਂ ਰੱਖ ਲਿਆ। ਸਿਖ਼ਰਲੀ ਅਦਾਲਤ ਦੇ ਬੈਂਚ ਵਿਚ ਜਸਟਿਸ ਬੀ.ਆਰ. ਗਵਈ ਤੇ ਕ੍ਰਿਸ਼ਨ ਮੁਰਾਰੀ ਵੀ ਸ਼ਾਮਲ ਸਨ। ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਬੈਂਚ ਅੱਗੇ ਕਿਹਾ ਕਿ ਸਿਖ਼ਰਲੀ ਅਦਾਲਤ ਕਹਿ ਸਕਦੀ ਹੈ ਕਿ ਉਹ ਭੂਸ਼ਣ ਨਾਲ ਸਹਿਮਤ ਨਹੀਂ ਹੈ ਤੇ ਭਵਿੱਖ ਵਿਚ ਬਿਆਨ ਦੇਣ ਲੱਗੇ ਸੰਜਮ ਤੋਂ ਕੰਮ ਲਿਆ ਜਾਵੇ। ਰਾਜੀਵ ਧਵਨ ਨੇ ਕਿਹਾ ਕਿ ਸਿਖ਼ਰਲੀ ਅਦਾਲਤ ਫ਼ੈਸਲੇ ਸੁਣਾਉਣ ਵੇਲੇ ਦੱਸ ਸਕਦੀ ਹੈ ਕਿ ਕਿਸ ਤਰ੍ਹਾਂ ਦੇ ਜ਼ਾਬਤੇ ਦੀ ਪਾਲਣਾ ਕਰਨੀ ਚਾਹੀਦੀ ਹੈ, ਪਰ ਮੰਤਵ ਭੂਸ਼ਣ ਨੂੰ ਚੁੱਪ ਕਰਾਉਣਾ ਨਹੀਂ ਹੋਣਾ ਚਾਹੀਦਾ। ਜਸਟਿਸ ਮਿਸ਼ਰਾ ਨੇ ਕਿਹਾ 'ਅਸੀਂ ਧੰਨਵਾਦੀ ਹਾਂ, ਡਾ. ਧਵਨ। ਪ੍ਰਸ਼ਾਂਤ ਭੂਸ਼ਣ ਨੇ ਵੀ ਆਪਣੇ ਸ਼ਬਦਾਂ 'ਚ ਕਈ ਥਾਈ ਸਨਮਾਨ ਜ਼ਾਹਿਰ ਕੀਤਾ ਹੈ।' ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਬੈਂਚ ਅੱਗੇ ਕਿਹਾ ਕਿ ਉਨ੍ਹਾਂ ਦਾ ਇਹੀ ਸੁਝਾਅ ਹੋਵੇਗਾ ਕਿ ਮਾਮਲਾ ਭੂਸ਼ਣ ਨੂੰ ਸਜ਼ਾ ਦਿੱਤੇ ਬਿਨਾਂ ਨਿਬੇੜ ਦਿੱਤਾ ਜਾਵੇ। ਵਕੀਲ ਧਵਨ ਨੇ ਕਿਹਾ ਕਿ ਹੱਤਕ ਦੇ ਕੇਸ ਵਿਚ ਕਿਸੇ ਨੂੰ ਵੀ ਮੁਆਫ਼ੀ ਮੰਗਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨਾਲ ਹੀ ਕਿਹਾ ਕਿ ਹਾਰਲੇ ਡੇਵਿਡਸਨ ਬਾਰੇ ਭੂਸ਼ਣ ਵੱਲੋਂ ਕੀਤੀ ਟਿੱਪਣੀ ਆਲੋਚਨਾ ਨਹੀਂ ਗਿਣੀ ਜਾ ਸਕਦੀ। ਜ਼ਿਕਰਯੋਗ ਹੈ ਕਿ ਬੈਂਚ ਨੇ 20 ਅਗਸਤ ਨੂੰ ਭੂਸ਼ਣ ਨੂੰ ਸੋਮਵਾਰ ਤੱਕ ਦਾ ਸਮਾਂ ਦਿੱਤਾ ਸੀ। ਉਨ੍ਹਾਂ ਨੂੰ ਆਪਣੇ 'ਵਿਰੋਧੀ ਬਿਆਨ' ਉਤੇ ਮੁੜ ਵਿਚਾਰ ਕਰਨ ਤੇ 'ਬਿਨਾਂ ਸ਼ਰਤ ਮੁਆਫ਼ੀ' ਮੰਗਣ ਲਈ ਕਿਹਾ ਗਿਆ ਸੀ। ਭੂਸ਼ਣ ਦੇ ਵਕੀਲ ਧਵਨ ਨੇ ਕਿਹਾ ਕਿ ਉਨ੍ਹਾਂ ਕੋਈ ਕਤਲ ਜਾਂ ਚੋਰੀ ਨਹੀਂ ਕੀਤੀ ਹੈ। ਸਜ਼ਾ ਦੇਣਾ ਬਹੁਤ ਜ਼ਿਆਦਾ ਹੋਵੇਗਾ।



**ਜੱਜਾਂ ਦੀ ਆਲੋਚਨਾ ਹੁੰਦੀ ਹੈ, ਪਰਿਵਾਰਾਂ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ: ਜਸਟਿਸ ਮਿਸ਼ਰਾ**

ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਨਿਆਂਇਕ ਢਾਂਚਾ ਕਦ ਤੱਕ ਇਹ ਸਭ ਝੱਲੇਗਾ। ਜੱਜਾਂ ਦੀ ਆਲੋਚਨਾ ਹੁੰਦੀ ਹੈ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ। 'ਉਹ ਬੋਲ ਵੀ ਨਹੀਂ ਸਕਦੇ।' ਸਿਖ਼ਰਲੀ ਅਦਾਲਤ ਨੇ ਭੂਸ਼ਣ ਦੇ ਵਕੀਲ ਨੂੰ ਕਿਹਾ ਕਿ 'ਉਹ ਉਨ੍ਹਾਂ ਤੋਂ ਨਿਰਪੱਖਤਾ ਦੀ ਆਸ ਰੱਖਦੇ ਹਨ। ਤੁਸੀਂ ਹਰ ਕਿਸੇ ਨੂੰ ਪਿਆਰ ਕਰਨ ਵਾਲੇ ਹੋ ਸਕਦੇ ਹੋ, ਪਰ ਅਸੀਂ ਚਾਹੁੰਦੇ ਹਾਂ ਤੁਸੀਂ ਨਿਰਪੱਖ ਹੋਵੋ। ਕਿਸੇ ਇਕ ਧਿਰ ਵੱਲ ਹੀ ਨਾ ਹੋ ਤੁਰੋ।'

ਪ੍ਰਸ਼ਾਂਤ ਭੂਸ਼ਣ ਨੂੰ ਆਰਜ਼ੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ 2009 ਦਾ ਇਕ ਹੋਰ ਅਦਾਲਤੀ ਹੱਤਕ ਦਾ ਕੇਸ ਕਿਸੇ ਹੋਰ ਬੈਂਚ ਹਵਾਲੇ ਕਰ ਦਿੱਤਾ ਹੈ। ਇਸ ਕੇਸ ਵਿਚ ਪੱਤਰਕਾਰ ਤਰੁਣ ਤੇਜਪਾਲ ਵੀ ਸ਼ਾਮਲ ਹਨ। ਅਦਾਲਤ ਮੁਤਾਬਕ ਇਸ ਮਾਮਲੇ ਵਿਚ ਕਈ ਵੱਡੇ ਸਵਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਜੁੜੇ ਹੋਏ ਹਨ। ਭੂਸ਼ਣ ਨੇ ਨਿਆਂਪਾਲਿਕਾ ਦੇ ਸੰਦਰਭ ਵਿਚ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਸੀ। ਇਸ ਕੇਸ ਨਾਲ ਜੁੜੀਆਂ ਟਿੱਪਣੀਆਂ ਭੂਸ਼ਣ ਨੇ ਤਹਿਲਕਾ ਰਸਾਲੇ ਨੂੰ ਦਿੱਤੀ ਇੰਟਰਵਿਊ ਵਿਚ ਕੀਤੀਆਂ ਸਨ। ਤੇਜਪਾਲ ਉਸ ਵੇਲੇ ਤਹਿਲਕਾ ਦੇ ਸੰਪਾਦਕ ਸਨ। ਅਦਾਲਤੀ ਬੈਂਚ ਨੂੰ ਭੂਸ਼ਣ ਵੱਲੋਂ ਪੇਸ਼ ਹੋਏ ਵਕੀਲ ਰਾਜੀਵ ਧਵਨ ਨੇ ਦੱਸਿਆ ਕਿ ਸੰਵਿਧਾਨਕ ਅਹਿਮੀਅਤ ਨਾਲ ਜੁੜੇ 10 ਸਵਾਲ ਉਨ੍ਹਾਂ ਵੱਲੋਂ ਉਠਾਏ ਗਏ ਹਨ ਤੇ ਇਨ੍ਹਾਂ ਬਾਰੇ ਵਿਚਾਰ ਸੰਵਿਧਾਨਕ ਬੈਂਚ ਵੱਲੋਂ ਕੀਤੀ ਜਾਣੀ ਬਣਦੀ ਹੈ। ਬੈਂਚ ਨੇ ਸੁਣਵਾਈ ਇਸ ਕਰ ਕੇ ਵੀ ਨਹੀਂ ਕੀਤੀ ਕਿਉਂਕਿ ਜਸਟਿਸ ਅਰੁਣ ਮਿਸ਼ਰਾ ਦੋ ਸਤੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਸੁਪਰੀਮ ਕੋਰਟ ਬੈਂਚ ਨੇ ਕਿਹਾ ਕਿ ਮਾਮਲਾ 10 ਸਾਲਾਂ ਤੋਂ ਲਟਕਿਆ ਹੋਇਆ ਹੈ ਤੇ ਸੁਣਵਾਈ ਲਈ ਤਰੀਕ ਸਤੰਬਰ ਵਿਚ ਤੈਅ ਕੀਤੀ ਜਾਵੇਗੀ। ਮਾਮਲਾ ਹੁਣ 10 ਸਤੰਬਰ ਲਈ ਸੂਚੀਬੱਧ ਕੀਤਾ ਗਿਆ ਹੈ ਤੇ ਬੈਂਚ ਬਾਰੇ ਫ਼ੈਸਲਾ ਚੀਫ਼ ਜਸਟਿਸ ਲੈਣਗੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮੈਰਿਕਨ ਸੀਨੀਅਰ ਸਿਟੀਜਨਜ਼ ਗਰੁੱਪ, ਸੈਕਰਾਮੈਂਟੋ (ਕੈਲੇਫੋਰਨੀਆ) ਦੀ ਮੀਟਿੰਗ







## 'ਦੇਸ਼ ਦੁਆਬਾ'
## 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਅਮੈਰਿਕਨ ਸੀਨੀਅਰ ਸਿਟੀਜਨਜ਼ ਗਰੁੱਪ ਦੀ ਹਫਤਾਵਾਰੀ ਮੀਟਿੰਗ ਮਿਤੀ 22 ਅਗਸਤ, ਦਿਨ ਵੀਰਵਾਰ ਨੂੰ ਆਨਲਾਈਨ ਹੋਈ, ਜਿਸ ਵਿਚ ਬੜੇ ਉਤਸ਼ਾਹ ਨਾਲ ਮੈਂਬਰਾਂ ਨੇ ਭਾਗ ਲਿਆ।

ਮੀਟਿੰਗ ਵਿਚ ਸਭ ਤੋਂ ਪਹਿਲਾਂ 15 ਅਗਸਤ ਦੇ ਦਿਨ ਨੂੰ ਜੋ ਅਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਕੀ ਸਹੀ ਅਰਥਾਂ ਵਿਚ ਅਸੀਂ ਕਿੰਨੀ ਕੁ ਆਜ਼ਾਦੀ ਪ੍ਰਾਪਤ ਕੀਤੀ ਹੈ। ਸਾਰਿਆਂ ਵੱਲੋਂ ਵੱਖ-ਵੱਖ ਵਿਚਾਰ ਪੇਸ਼ ਕੀਤੇ ਗਏ।

ਇਸ ਤੋਂ ਬਾਅਦ ਮੀਟਿੰਗ ਵਿਚ ਗੈਸਟ ਸਪੀਕਰ ਡਾ. ਪਰਮਜੀਤ ਸਿੰਘ ਤੱਖਰ, ਐਮ. ਡੀ. ਅਤੇ ਉਸ ਦੀ ਪਤਨੀ ਸ੍ਰੀਮਤੀ ਗੁੱਡੀ ਤੱਖਰ ਹਾਜ਼ਰ ਹੋਏ। ਡਾ. ਪਰਮਜੀਤ ਤੱਖਰ ਵੱਲੋਂ ਕਰੋਨਾ ਸਬੰਧੀ, ਇਸ ਦੇ ਲੱਛਣ, ਸਾਵਧਾਨੀਆਂ ਸਬੰਧੀ ਲੈਕਚਰ ਦਿੱਤਾ ਗਿਆ। ਡਾ. ਗੁੱਡੀ ਤੱਖਰ ਵੱਲੋਂ ਕਰੋਨਾ ਸਬੰਧੀ ਮਾਨਸਿਕ ਤੌਰ 'ਤੇ ਤਿਆਰ ਰਹਿਣ ਤੇ ਸਾਵਧਾਨ ਰਹਿਣ ਸਬੰਧੀ ਲੈਕਚਰ ਕੀਤਾ ਗਿਆ। ਇਸ ਤੋਂ ਬਾਅਦ ਕਾਫੀ ਮੈਂਬਰਾਂ ਨੇ ਸਵਾਲ ਪੁੱਛੇ ਅਤੇ ਉਹਨਾਂ ਨੇ ਵਧੀਆ ਤਰੀਕੇ ਨਾਲ ਜਵਾਬ ਦਿੱਤਾ। ਸਾਰਿਆਂ ਵੱਲੋਂ ਉਹਨਾਂ ਦੀ ਤਾਰੀਫ ਕੀਤੀ ਗਈ। ਇਮਯੂਨ ਸਿਸਟਮ ਨੂੰ ਵਧੀਆ ਬਣਾਉਣ ਸਬੰਧੀ ਕਾਫੀ ਚਰਚਾ ਹੋਈ।

ਇਸ ਤੋਂ ਬਾਅਦ ਮੀਟਿੰਗ ਵਿਚ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿੱਲ ਜੋ ਕਿ ਖਾਲਸਾ ਕਾਲਜ ਅੰਮ੍ਰਿਤਸਰ, ਸਿੱਖ ਨੈਸ਼ਨਲ ਕਾਲਜ ਬੰਗਾ, ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਅਤੇ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੀ ਰਹੇ ਸਨ, ਦੀ ਮੌਤ 'ਤੇ ਦੁੱਖ ਪ੍ਰਗਟਾਵਾ ਕੀਤਾ ਗਿਆ ਅਤੇ ਉਹਨਾਂ ਦੀਆਂ ਸੇਵਾਵਾਂ ਦਾ ਜ਼ਿਕਰ ਪ੍ਰੋ. ਮੁਖਤਿਆਰ ਸਿੰਘ, ਸ. ਦਲਜੀਤ ਸਿੰਘ ਸੰਧੂ ਅਤੇ ਸ. ਜਗਰੂਪ ਸਿੰਘ ਮਾਂਗਟ ਵੱਲੋਂ ਕੀਤਾ ਗਿਆ।

**ਰਿਪੋਰਟ- ਬਿੱਕਰ ਸਿੰਘ**




## Law Office of
## NIRWAN & ASSOCIATES



www.nirwanlaw.com

*Business Incorporation*
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



## A & S
## Auto Repair & Services
Specializing in Brakes & Axles

Mon-Fri
9:00 AM
to 6:00 PM
Saturday
9:00 AM to
5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਪੰਜਾਬ ਵਿਧਾਨ ਸਭਾ 'ਚ ਪੰਜ ਆਰਡੀਨੈਂਸ ਪੇਸ਼ ਕਰਨ ਦੀ ਪ੍ਰਵਾਨਗੀ

**ਚੰਡੀਗੜ੍ਹ–** ਪੰਜਾਬ ਮੰਤਰੀ ਮੰਡਲ ਨੇ ਅੱਜ ਪੰਜਾਬ ਸਰਕਾਰ ਵੱਲੋਂ ਪਹਿਲਾਂ ਜਾਰੀ ਕੀਤੇ ਗਏ ਪੰਜ ਆਰਡੀਨੈਂਸਾਂ ਨੂੰ ਲਾਗੂ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਅਗਾਮੀ ਸੈਸ਼ਨ ਵਿਚ ਪੇਸ਼ ਕਰਨ ਦੀ ਪ੍ਰਵਾਨਗੀ ਸਮੇਤ ਕਈ ਵੱਡੇ ਫੈਸਲੇ ਲਏ ਹਨ। ਇਨ੍ਹਾਂ ਵਿੱਚ ਸਿਹਤ ਵਿਭਾਗ ਲਈ ਅਸਾਮੀਆਂ ਦੀ ਪ੍ਰਵਾਨਗੀ, ਗੁਰੂ ਤੇਗ ਬਹਾਦਰ ਦੇ ਨਾਮ 'ਤੇ ਲਾਅ ਯੂਨੀਵਰਸਿਟੀ ਦੀ ਸਥਾਪਨਾ, 11 ਹੋਰ ਕਾਂਸਟੀਚਿਊਟ ਕਾਲਜਾਂ ਨੂੰ 1.5 ਕਰੋੜ ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਰੈਕਰਿੰਗ ਗਰਾਂਟ ਤੇ ਸਾਉਣੀ 2020-21 ਸੀਜ਼ਨ ਦੌਰਾਨ ਖਰੀਦ ਅਮਲ ਲਈ ਆਨਲਾਈਨ ਪ੍ਰਣਾਲੀ ਅਪਣਾਏ ਜਾਣਾ ਸ਼ਾਮਲ ਹੈ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਜਿਨ੍ਹਾਂ ਆਰਡੀਨੈਂਸਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਉਨ੍ਹਾਂ ਵਿੱਚ ਪ੍ਰਾਈਵੇਟ ਕਲੀਨਿਕਾਂ ਨੂੰ ਨਿਯਮਿਤ ਕਰਨ, ਕੋਵਿਡ ਮਹਾਮਾਰੀ ਦਰਮਿਆਨ ਕੁਝ ਕੈਦੀਆਂ ਦੀ ਆਰਜ਼ੀ ਰਿਹਾਈ, ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵੱਲੋਂ ਦਵਾਈਆਂ ਦੀ ਵੰਡ ਨੂੰ ਨਿਯਮਿਤ ਕਰਨ, ਉਦਯੋਗਿਕ ਝਗੜਿਆਂ ਅਤੇ ਬਾਲ ਮਜ਼ਦੂਰੀ ਨਾਲ ਸਬੰਧਤ ਬਿੱਲ ਸ਼ਾਮਲ ਹਨ। ਬੁਲਾਰੇ ਨੇ ਕਿਹਾ ਕਿ ਪੰਜਾਬ ਵਿੱਚ ਨਿੱਜੀ ਕਲੀਨਿਕਾਂ ਦੀ ਸਥਾਪਤੀ ਨੂੰ ਨਿਯਮਿਤ ਅਤੇ ਰਜਿਸਟਰ ਕਰਨ ਸਬੰਧੀ ਮੌਜੂਦਾ ਸਮੇਂ ਕੋਈ ਕਾਨੂੰਨ ਨਹੀਂ ਹੈ, ਇਸ ਆਰਡੀਨੈਂਸ ਨੂੰ ਲਾਗੂ ਕਰਨ ਦਾ ਮੰਤਵ ਕਲੀਨਿਕਲ ਅਦਾਰਿਆਂ ਨੂੰ ਨਿਯਮਿਤ ਪ੍ਰਬੰਧ ਹੇਠ ਲਿਆਉਣਾ ਹੈ ਤਾਂ ਜੋ ਇਨ੍ਹਾਂ ਦੇ ਕੰਮਕਾਜ ਨੂੰ ਵਧੇਰੇ ਪਾਰਦਰਸ਼ੀ ਬਣਾਇਆ ਜਾ ਸਕੇ। ਉਂਜ ਇਸ ਨੂੰ ਕਾਨੂੰਨੀ ਰੂਪ ਮਿਲਣ ਨਾਲ ਅਜਿਹੇ ਅਦਾਰੇ ਕੁਦਰਤੀ ਆਫਤਾਂ ਅਤੇ ਮਹਾਮਾਰੀ ਸਮੇਂ ਸੂਬੇ ਦਾ ਸਮਰਥਨ ਕਰਨਗੇ।

ਕੋਵਿਡ-19 ਮਹਾਮਾਰੀ ਕਾਰਨ ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਪੰਜਾਬ ਵਜ਼ਾਰਤ ਨੇ ਕੈਦੀਆਂ ਦੇ ਚੰਗੇ ਆਚਰਨ (ਆਰਜ਼ੀ ਰਿਹਾਈ) ਸੋਧ ਆਰਡੀਨੈਂਸ-2020 (ਪੰਜਾਬ ਆਰਡੀਨੈਂਸ-2020, ਨੰ.1) ਨੂੰ ਵਿਧਾਨ ਸਭਾ ਦੇ ਅਗਾਮੀ ਸੈਸ਼ਨ ਵਿੱਚ ਪੇਸ਼ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਦੇ ਅਮਲ ਵਿੱਚ ਆਉਣ ਨਾਲ ਸੰਕਟ ਸਮੇਂ, ਮਹਾਮਾਰੀਆਂ ਅਤੇ ਹੰਗਾਮੀ ਹਾਲਤ ਵਿੱਚ ਪੈਰੋਲ ਦੇ ਸਮੇਂ ਵਿੱਚ ਵਾਧਾ ਕਰਨ ਦਾ ਰਾਹ ਖੁੱਲ੍ਹੇਗਾ। ਇਸ ਦੇ ਨਾਲ ਹੀ ਜਾਬ ਸਬਸਟਾਂਸ ਯੂਜ਼ ਡਿਸਆਰਡਰ ਟਰੀਟਮੈਂਟ ਐਂਡ ਰੀਹੈਬਲਿਟੇਸ਼ਨ ਸੈਂਟਰਜ਼ ਰੂਲ-2011 ਤਹਿਤ ਇਲਾਜ ਵਿੱਚ ਵਰਤੇ ਜਾਂਦੇ ਪਦਾਰਥਾਂ, ਸਲਾਹ ਅਤੇ ਮੁੜ ਸਥਾਪਤੀ ਕੇਂਦਰਾਂ ਦੇ ਨਿਯਮਾਂ-2011 ਵਿੱਚ ਸੋਧ ਲਈ ਪ੍ਰਵਾਨਗੀ ਦੇ ਦਿੱਤੀ ਗਈ ਹੈ, ਤਾਂ ਜੋ ਸਿਹਤ ਵਿਭਾਗ ਨੂੰ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਦੁਆਰਾ ਬੁਪਰੇਨਾਰਫਿਨ - ਨੈਲੋਕਸੋਨ ਦੀ ਵੰਡ ਨੂੰ ਕਾਬੂ ਹੇਠ ਲਿਆਉਣ ਅਤੇ ਨਿੱਜੀ ਮਨੋ-ਵਿਗਿਆਨਿਕ ਕੇਂਦਰਾਂ ਵੱਲੋਂ ਦਵਾਈਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਨਿਗਰਾਨੀ ਕਰਨ ਯੋਗ ਬਣਾਇਆ ਜਾ ਸਕੇ।



ਪੰਜਾਬ ਵਜ਼ਾਰਤ ਨੇ ਇੰਡਸਟਰੀਅਲ ਐਕਟ-1947 ਦੇ ਪੰਜਵੇਂ ਸ਼ਡਿਊਲ ਅਤੇ ਧਾਰਾ 2 ਏ, 25 ਕੇ, 25 ਐਨ ਅਤੇ 25 ਓ ਦੀ ਸੋਧ ਨੂੰ ਪ੍ਰਵਾਨ ਕਰਦਿਆਂ ਆਰਡੀਨੈਂਸ ਨੂੰ ਬਿੱਲ ਵਿੱਚ ਤਬਦੀਲ ਕਰਨ ਲਈ ਸੈਸ਼ਨ 'ਚ ਪੇਸ਼ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੋਧ ਨਾਲ ਚੈਪਟਰ-5 ਤਹਿਤ ਕਾਮਿਆਂ ਦੀ ਮੌਜੂਦਾ ਲਾਗੂ ਸੀਮਾ ਨੂੰ 100 ਤੋਂ ਵਧਾ ਕੇ 300 ਕਰਨ ਦੀ ਵਿਵਸਥਾ ਹੋ ਜਾਵੇਗੀ। ਇਸੇ ਤਰ੍ਹਾਂ ਕੰਟਰੈਕਟ ਲੇਬਰ (ਨਿਯਮਿਤ ਅਤੇ ਸਮਾਪਤੀ) ਐਕਟ-1970 ਦੀ ਧਾਰਾ-1 ਉਪ-ਧਾਰਾ-4 ਸਬ ਕਲਾਜ਼ 'ਏ' ਅਤੇ 'ਬੀ' ਦੀ ਸੋਧ ਲਈ ਵਿਧਾਨ ਸਭਾ ਵਿੱਚ ਪੇਸ਼ ਕਰਨ ਲਈ ਮੰਤਰੀ ਮੰਡਲ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਿਸ ਨਾਲ ਇਨ੍ਹਾਂ ਉਪਬੰਧਾਂ ਤਹਿਤ ਕਿਰਤੀਆਂ ਦੀ ਗਿਣਤੀ ਮੌਜੂਦਾ 20 ਤੋਂ ਵੱਧ ਕੇ 50 ਹੋ ਜਾਵੇਗੀ।

ਪੰਜਾਬ ਮੰਤਰੀ ਮੰਡਲ ਨੇ ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਸੋਧ) ਬਿੱਲ, 2020 ਨੂੰ ਲਾਗੂ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਤਰ੍ਹਾਂ ਪੀ ਜੀ-ਐੱਸ ਟੀ ਅਧੀਨ ਟੈਕਸ ਵਸੂਲਣ ਅਤੇ ਇਕੱਤਰ ਕਰਨ ਦੇ ਸ਼ਰਤ-ਵਿਧਾਨਾਂ ਅਤੇ ਪ੍ਰਕਿਰਿਆਵਾਂ ਨੂੰ ਸੁਖਾਲਾ ਬਣਾਉਣ ਦਾ ਰਾਹ ਪੱਧਰਾ ਹੋ ਜਾਵੇਗਾ। ਸਰਕਾਰੀ ਬੁਲਾਰੇ ਮੁਤਾਬਕ ਉਕਤ ਬਿੱਲ ਲਾਗੂ ਹੋਣ ਨਾਲ ਨਾ ਸਿਰਫ ਪ੍ਰਬੰਧਾਂ ਅਤੇ ਪ੍ਰਕਿਰਿਆਵਾਂ ਵਿੱਚ ਸੌਖ ਆਵੇਗੀ ਸਗੋਂ ਇਸ ਨੂੰ ਉਪਭੋਗਤਾ ਪੱਖੀ ਵੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਟੈਕਸ (ਸੋਧ) ਬਿੱਲ, 2020 ਵਿੱਚ ਜੀਐੱਸਟੀ ਦੇ ਅਧੀਨ ਟੈਕਸ ਵਸੂਲਣ ਅਤੇ ਇਕੱਤਰ ਕਰਨ ਲਈ ਤਬਦੀਲੀਆਂ ਕਰਨ ਦਾ ਵਿਚਾਰ ਕੀਤਾ ਗਿਆ ਹੈ, ਜੋ ਕਰਦਾਤਾਵਾਂ ਲਈ ਅਸਰਦਾਰ ਅਤੇ ਆਸਾਨ ਹੋਵੇਗਾ। ਉਂਜ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਵਿੱਤ ਵਿਭਾਗ ਨੇ ਦੱਸਿਆ ਕਿ ਅਪਰੈਲ-ਜੂਨ 2020 ਦੌਰਾਨ ਸੂਬੇ ਦੇ ਆਪਣੇ ਟੈਕਸ ਇਕੱਤਰ ਕਰਨ ਵਿੱਚ ਕੁੱਲ 51 ਫੀਸਦੀ ਦੀ ਗਿਰਾਵਟ ਆਈ ਹੈ ਅਤੇ ਇਸ ਸਮੇਂ ਦੌਰਾਨ ਬਜਟ ਅਨੁਮਾਨਾਂ ਦੇ ਮੁਕਾਬਲੇ ਇਕੱਲਾ ਜੀਐੱਸਟੀ ਦਾ ਘਾਟਾ 61 ਫੀਸਦੀ ਹੈ। ਇਸ ਤਿਮਾਹੀ ਵਿੱਚ ਜੀਐੱਸਟੀ ਅਤੇ ਵੈਟ ਮਾਲੀਆ ਇਕੱਤਰ ਕਰਨ ਵਿੱਚ ਇਕੱਠਿਆਂ 54 ਫੀਸਦੀ ਦੀ ਗਿਰਾਵਟ ਆਈ। ਕੈਬਨਿਟ ਨੇ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਇਸ ਵੱਡੇ ਘਾਟੇ ਦੀ ਭਰਪਾਈ ਲਈ ਕੇਂਦਰ ਤੋਂ ਵਿੱਤੀ ਸਹਾਇਤਾ ਦੀ ਮੰਗ ਕੀਤੀ। ਮੰਤਰੀ ਮੰਡਲ ਵੱਲੋਂ ਮੈਡੀਕਲ ਅਫ਼ਸਰਾਂ (ਸਪੈਸ਼ਲਿਸਟ) ਦੀਆਂ 428 ਰੈਗੂਲਰ ਅਸਾਮੀਆਂ ਨੂੰ ਭਰਨ ਲਈ ਹਰੀ ਝੰਡੀ ਦੇ ਦਿੱਤੀ ਗਈ। ਇਸ ਦੇ ਨਾਲ ਹੀ ਪਹਿਲਾਂ ਹੀ ਭਰੀਆਂ ਜਾ ਚੁੱਕੀਆਂ ਛੇ ਸਪੈਸ਼ਲਿਟੀਆਂ ਦੀਆਂ 107 ਅਸਾਮੀਆਂ ਦੀ ਕਾਰਜ ਬਾਅਦ ਪ੍ਰਵਾਨਗੀ 'ਤੇ ਵੀ ਕੈਬਨਿਟ ਵੱਲੋਂ ਮੋਹਰ ਲਾ ਦਿੱਤੀ ਗਈ। ਸਿਹਤ ਵਿਭਾਗ ਵਿੱਚ ਇਹ ਭਰਤੀ ਡਾ. ਕੇ.ਕੇ. ਤਲਵਾੜ ਦੀ ਪ੍ਰਧਾਨਗੀ ਵਾਲੀ ਇਕ ਵਿਸ਼ੇਸ਼ ਚੋਣ ਕਮੇਟੀ ਵੱਲੋਂ ਵਾਕ-ਇਨ-ਇੰਟਰਵਿਊ ਰਾਹੀਂ ਕੀਤੀ ਜਾਵੇਗੀ। ਭਰਤੀ ਲਈ ਉਪਰਲੀ ਉਮਰ ਹੱਦ ਵਿੱਚ ਪਹਿਲਾਂ ਹੀ ਸਰਕਾਰੀ ਸੇਵਾ ਨਿਭਾ ਰਹੇ ਵਿਅਕਤੀਆਂ ਦੇ ਸਬੰਧ ਵਿੱਚ 45 ਸਾਲ ਤੱਕ ਛੋਟ ਦਿੱਤੀ ਗਈ ਹੈ।

**ਝੋਨੇ ਦੀ ਖਰੀਦ ਪ੍ਰਕਿਰਿਆ ਲਈ ਆਨਲਾਈਨ ਪ੍ਰਣਾਲੀ ਅਪਣਾਈ ਜਾਵੇਗੀ**

ਕੋਵਿਡ ਮਹਾਮਾਰੀ ਦੌਰਾਨ ਪੰਜਾਬ ਵਿੱਚ ਚੌਲ ਮੁਹੱਈਆ ਕਰਵਾਏ ਜਾਣ ਦੀ ਪ੍ਰਕਿਰਿਆ, ਜਿਸ ਵਿੱਚ ਚੌਲ ਮਿੱਲਾਂ ਦੀ ਵੀਡੀਓ ਰਾਹੀਂ ਵੈਰੀਫਿਕੇਸ਼ਨ, ਅਲਾਟਮੈਂਟ ਅਤੇ ਰਜਿਸਟ੍ਰੇਸ਼ਨ ਵੀ ਸ਼ਾਮਲ ਹੈ, ਸਾਉਣੀ 2020-21 ਸੀਜ਼ਨ ਲਈ ਸੂਬੇ ਦੀ ਝੋਨੇ ਨਾਲ ਸਬੰਧਤ ਨਵੀਂ ਕਸਟਮ ਮਿਲਿੰਗ ਨੀਤੀ ਤਹਿਤ ਆਨਲਾਈਨ ਢੰਗ ਨਾਲ ਨੇਪਰੇ ਚੜ੍ਹਾਈ ਜਾਵੇਗੀ। ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਪੋਰਟਲ ̈.ਅਨਅਅਜਕਹਅਰਦਿ.ਨਿ ਸ਼ੁਰੂ ਕੀਤਾ ਜਾਵੇਗਾ। ਮੰਤਰੀ ਮੰਡਲ ਵੱਲੋਂ ਪਾਸ ਇਸ ਨਵੀਂ ਨੀਤੀ ਦਾ ਮੁੱਖ ਮਕਸਦ ਝੋਨੇ ਦੀ ਨਿਰਵਿਘਨ ਮਿਲਿੰਗ ਅਤੇ ਸੂਬੇ ਵਿਚਲੀਆਂ 4150 ਤੋਂ ਜ਼ਿਆਦਾ ਮਿੱਲਾਂ ਤੋਂ ਚੌਲਾਂ ਨੂੰ ਕੇਂਦਰੀ ਪੂਲ ਵਿੱਚ ਭੇਜਣਾ ਹੈ।

# ਭਾਰਤੀ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਲਈ ਵਿਆਪਕ ਸੁਧਾਰਾਂ ਦੀ ਲੋੜ- ਭਾਰਤੀ ਰਿਜ਼ਰਵ ਬੈਂਕ

**ਮੁੰਬਈ–** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਅੱਜ ਕਿਹਾ ਕਿ ਕਰੋਨਾਵਾਇਰਸ ਮਹਾਮਾਰੀ ਕਰਕੇ ਆਰਥਿਕ ਪੱਖੋਂ ਹੋਏ ਨੁਕਸਾਨ ਨੂੰ ਪੂਰਾ ਕਰਨ ਤੇ ਅਰਥਚਾਰੇ ਨੂੰ ਮੁੜ ਵਿਕਾਸ ਦੇ ਰਾਹ ਪਾਉਣ ਲਈ ਵਿਆਪਕ ਸੁਧਾਰਾਂ ਦੀ ਲੋੜ ਹੈ। ਕੇਂਦਰੀ ਬੈਂਕ ਨੇ ਚੌਕਸ ਕਰਦਿਆਂ ਕਿਹਾ ਕਿ ਮਹਾਮ-ਾਰੀ ਕਰਕੇ ਭਾਰਤ ਦੀ ਉਤਪਾਦਨ ਸਮਰੱਥਾ ਵਿੱਚ ਢਾਂਚਾਗਤ ਨਿਘਾਰ ਆ ਸਕਦਾ ਹੈ। ਇਸ ਦੌਰਾਨ ਆਰ ਬੀ ਆਈ ਨੇ ਐਲਾਨ ਕੀਤਾ ਕਿ ਉਹ ਖੁੱਲ੍ਹੇ ਮਾਰਕੀਟ ਅਪਰੇਸ਼ਨਾਂ (ਓਐੱਮਓ) ਤਹਿਤ ਸਰਕਾਰੀ ਜਾਮਨੀਆਂ ਦੀ ਇਕੋ ਵੇਲੇ ਦੋ ਕਿਸ਼ਤਾਂ ਵਿੱਚ 20 ਹਜ਼ਾਰ ਕਰੋੜ ਰੁਪਏ ਦੀ ਖਰੀਦ ਤੇ ਵੇਚ-ਵੱਟ ਕਰੇਗੀ। ਆਰਬੀਆਈ ਨੇ ਵਿੱਤੀ ਸਾਲ 2019-20 ਲਈ ਆਪਣੀ ਸਾਲਾਨਾ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਕੋਵਿਡ-19 ਮਹਾਮਾਰੀ ਕਰਕੇ ਆਲਮੀ ਅਰਥਚਾਰੇ ਨੂੰ ਵੱਡੀ ਸੱਟ ਵੱਜੇਗੀ ਤੇ ਭਵਿੱਖੀ ਰੂਪ-ਰੇਖਾ ਕੋਵਿਡ-19 ਦੇ ਫੈਲਾਅ, ਇਸ ਦੇ ਵਧਣ ਦੀ ਸ਼ਿੱਦਤ, ਇਹ ਕਿੰਨੇ ਸਮੇਂ ਤਕ ਰਹਿੰਦਾ ਹੈ ਤੇ ਵੈਕਸੀਨ ਦੀ ਖੋਜ 'ਤੇ ਨਿਰਭਰ ਕਰੇਗੀ।




ਆਰਬੀਆਈ ਨੇ ਕਿਹਾ ਕਿ ਇਹ ਭਾਵਨਾ ਵੱਡੇ ਪੱਧਰ 'ਤੇ ਘਰ ਕਰਨ ਲੱਗੀ ਹੈ ਕਿ ਕੋਵਿਡ-19 ਮਗਰੋਂ ਇਹ ਦੁਨੀਆ ਪਹਿਲਾਂ ਵਾਲੀ ਨਹੀਂ ਰਹੇਗੀ। ਲਿਹਾਜ਼ਾ ਮਹਾਮਾਰੀ ਖ਼ਤਮ ਹੋਣ ਮਗਰੋਂ ਉਤਪਾਦਨ ਬਾਜ਼ਾਰਾਂ, ਵਿੱਤੀ ਸੈਕਟਰਾਂ ਆਦਿ ਵਿੱਚ ਵੱਡੇ ਪੱਧਰ 'ਤੇ ਵਿਆਪਕ ਸੁਧਾਰਾਂ ਦੀ ਲੋੜ ਪਏਗੀ। ਉਤਪਾਦਨ ਘਾਟੇ ਨੂੰ ਪੂਰਾ ਕਰਨ ਤੇ ਅਰਥਚਾਰੇ ਨੂੰ ਮੁੜ ਮਜ਼ਬੂਤ ਪੰਧ ਤੇ ਵਿਕਾਸ ਦੇ ਰਾਹ ਲਿਜਾਣ ਤੇ ਵਿੱਤੀ ਸਥਿਰਤਾ ਲਈ ਕੌਮਾਂਤਰੀ ਮੁਕਾਬਲੇਬਾਜ਼ੀ ਦੀ ਲੋੜ ਪਏਗੀ।

**ਆਰਬੀਆਈ ਨੇ ਸਾਲ 2019-20 ਵਿੱਚ ਨਹੀਂ ਛਾਪੇ 2000 ਦੇ ਨੋਟ**

ਭਾਰਤੀ ਰਿਜ਼ਰਵ ਬੈਂਕ ਨੇ 2019-20 ਵਿਚ 2000 ਰੁਪਏ ਦੇ ਨਵੇਂ ਨੋਟ ਨਹੀਂ ਛਾਪੇ। ਇਸ ਸਮੇਂ ਦੌਰਾਨ 2000 ਦੇ ਨੋਟਾਂ ਦਾ ਪਸਾਰ ਘੱਟ ਗਿਆ ਹੈ। ਇਹ ਦਾਅਵਾ ਆਰਬੀਆਈ ਦੀ ਵਿੱਤੀ ਸਾਲ 2019-20 ਦੀ ਸਾਲਾਨਾ ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਮਾਰਚ 2018 ਦੇ ਅੰਤ ਵਿੱਚ ਚਲ ਰਹੇ 2000 ਦੇ ਨੋਟਾਂ ਦੀ ਗਿਣਤੀ 33,632 ਲੱਖ ਸੀ, ਜੋ ਮਾਰਚ, 2019 ਦੇ ਅੰਤ ਤੱਕ 32,910 ਲੱਖ ਰਹਿ ਗਈ। ਮਾਰਚ 2020 ਦੇ ਅੰਤ ਤੱਕ 2000 ਦੇ ਨੋਟਾਂ ਦੀ ਗਿਣਤੀ ਹੋਰ ਘੱਟ ਕੇ 27398 ਲੱਖ ਹੋ ਗਈ। ਰਿਪੋਰਟ ਮੁਤਾਬਕ ਮਾਰਚ 2020 ਦੇ ਅੰਤ ਤੱਕ ਬਾਜ਼ਾਰ ਵਿੱਚ ਕੁੱਲ ਮੁਦਰਾ ਵਿੱਚ 2000 ਦੇ ਨੋਟਾਂ ਦਾ ਹਿੱਸਾ ਘੱਟ ਕੇ 2.4 ਪ੍ਰਤੀਸ਼ਤ ਰਹਿ ਗਿਆ ਹੈ।

# ਕਪਿਲ ਸਿੱਬਲ ਨੂੰ ਹੁਣ ਦੇਣੀ ਪਈ ਸਫਾਈ

**ਨਵੀਂ ਦਿੱਲੀ–** ਪਾਰਟੀ ਵਿੱਚ ਸੰਸਥਾਗਤ ਸੁਧਾਰਾਂ ਦੀ ਮੰਗ ਤੇ ਲੋੜ ਲਈ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਹੰਗਾਮੇਦਾਰ ਬਣਾਉਣ ਤੋਂ ਇਕ ਦਿਨ ਮਗਰੋਂ ਕਾਂਗਰਸ ਦੇ ਸਿਖਰਲੇ ਆਗੂਆਂ ਦੀ ਸ਼ਮੂਲੀਅਤ ਵਾਲੇ 'ਗਰੁੱਪ ਆਫ਼ 23' ਦੇ ਮੈਂਬਰਾਂ ਨੇ ਅੱਜ ਕਿਹਾ ਕਿ ਉਹ 'ਪਾਰਟੀ ਖ਼ਿਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਵਾਲਿਆਂ 'ਚੋਂ ਨਹੀਂ' ਬਲਕਿ 'ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਵਾਲੀ ਵਿਚਾਰਧਾਰਾ ਦੇ ਪ੍ਰਚਾਰਕ' ਹਨ। ਪਾਰਟੀ ਦੇ ਸੰਸਦ ਮੈਂਬਰ ਵਿਵੇਕ ਤਨਖਾ ਨੇ ਕਿਹਾ ਕਿ ਪੱਤਰ ਤੋਂ ਭਾਵ ਕਾਂਗਰਸ ਲੀਡਰਸ਼ਿਪ ਨੂੰ ਚੁਣੌਤੀ ਦੇਣਾ ਨਹੀਂ ਬਲਕਿ ਪਾਰਟੀ ਨੂੰ ਮਜ਼ਬੂਤ ਕਰਨਾ ਸੀ। ਸਾਬਕਾ ਕੇਂਦਰੀ ਮੰਤਰੀ ਮੁਕੁਲ ਵਾਸਨਿਕ ਨੇ ਕਿਹਾ ਕਿ ਇਸ ਪੱਤਰ ਨੂੰ 'ਅਪਰਾਧ' ਵਜੋਂ ਵੇਖਣ ਵਾਲੇ ਲੋਕਾਂ ਨੂੰ ਜਲਦੀ ਹੀ ਅਹਿਸਾਸ ਹੋ ਜਾਵੇਗਾ ਕਿ ਇਸ ਵਿੱਚ ਚੁੱਕੇ ਗਏ ਮੁੱਦਿਆਂ 'ਤੇ ਗੌਰ ਕਰਨੀ ਬਣਦੀ ਹੈ।



ਉਧਰ ਸੀਨੀਅਰ ਕਾਂਗਰਸ ਆਗੂ ਐੱਮ.ਵੀਰੱਪਾ ਮੋਇਲੀ ਨੇ ਕਿਹਾ ਕਿ ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਕਿ ਸੰਸਥਾ ਕਾਂਗਰਸ ਦੇ ਫਲਸਫ਼ੇ ਨੂੰ ਅੱਗੇ ਲਿਜਾਣ ਤੇ ਜਮਹੂਰੀਅਤ ਨੂੰ ਬਚਾਉਣ ਦੀ ਸਥਿਤੀ ਵਿੱਚ ਨਹੀਂ ਹੈ।' ਮੋਇਲੀ ਨੇ ਕਿਹਾ ਕਿ ਸੋਨੀਆ ਗਾਂਧੀ ਦੀ ਲੀਡਰਸ਼ਿਪ ਹਮੇਸ਼ਾਂ ਲੋੜੀਂਦੀ ਹੈ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਪੱਤਰ ਦਾ ਮੁੱਖ ਮੰਤਵ ਪਾਰਟੀ ਨੂੰ 2024 ਦੀਆਂ ਲੋਕ ਸਭਾ ਚੋਣਾਂ, ਅਸੈਂਬਲੀ ਤੇ ਸਥਾਨਕ ਸਰਕਾਰਾਂ ਚੋਣਾਂ ਲਈ ਤਿਆਰ ਕਰਨਾ ਸੀ। ਪੱਤਰ 'ਤੇ ਸਹੀ ਪਾਉਣ ਵਾਲੇ ਸੀਨੀਅਰ ਕਾਂਗਰਸ ਆਗੂ ਕਪਿਲ ਸਿੱਬਲ ਨੇ ਇਕ ਟਵੀਟ 'ਚ ਕਿਹਾ, 'ਇਹ (ਪੱਤਰ) ਕਿਸੇ ਅਹੁਦੇ ਲਈ ਨਹੀਂ ਸੀ। ਇਹ ਮੇਰੇ ਮੁਲਕ ਬਾਬਤ ਸੀ, ਜੋ ਮੇਰੇ ਲਈ ਸਭ ਤੋਂ ਵੱਧ ਹੈ।' ਇਸ ਦੌਰਾਨ ਸੀਨੀਅਰ ਪਾਰਟੀ ਆਗੂ ਆਨੰਦ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੱਤਰ ਦਾ ਮੁੱਖ ਮੰਤਵ 'ਸਾਂਝੀ ਫ਼ਿਕਰਮੰਦੀ' ਨੂੰ ਜ਼ਾਹਿਰ ਕਰਨਾ ਸੀ ਤੇ ਅਜਿਹਾ ਪਾਰਟੀ ਦੇ ਵਡੇਰੇ ਹਿਤਾਂ ਨੂੰ ਮੁੱਖ ਰਖਦਿਆਂ ਕੀਤਾ ਗਿਆ ਸੀ। ਚੇਤੇ ਰਹੇ ਕਿ ਰਾਹੁਲ ਗਾਂਧੀ ਦੇ ਅਸਤੀਫ਼ੇ ਮਗਰੋਂ ਸੋਨੀਆ ਗਾਂਧੀ ਨੂੰ ਸਾਲ ਪਹਿਲਾਂ ਪਾਰਟੀ ਦਾ ਅੰਤਰਿਮ ਪ੍ਰਧਾਨ ਥਾਪਿਆ ਗਿਆ ਸੀ। ਕਾਂਗਰਸ ਵਰਕਿੰਗ ਕਮੇਟੀ ਨੇ ਲੰਘੇ ਦਿਨ ਸੋਨੀਆ ਗਾਂਧੀ ਨੂੰ ਏਆਈਸੀਸੀ ਇਜਲਾਸ ਤਕ ਅੰਤਰਿਮ ਪ੍ਰਧਾਨ ਬਣੇ ਰਹਿਣ ਦੀ ਅਪੀਲ ਕੀਤੀ ਸੀ।


## 'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com



BERKSHIRE HATHAWAY Home Services



Shangara Ram

ELITE REAL ESTATE

Realtor CalBRE# 01969522

Cell: 916-479-5587

Fax # 916-721-2373


Office: 916-681-5112

shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਸ. ਕਰਮ ਸਿੰਘ ਬੰਗੜ ਦਾ ਸਸਕਾਰ ਅਤੇ ਭਾਵ-ਭਿੰਨੀਆਂ ਸ਼ਰਧਾਂਜਲੀਆਂ

















**ਫਰਿਜ਼ਨੋ-** ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਦੇ ਮੁਢਲੇ ਫਾਊਂਡਰ ਮੈਂਬਰ, ਪ੍ਰਧਾਨ ਅਤੇ ਚੇਅਰਮੈਨ ਅਤੇ ਮੌਜੂਦਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਅਤੇ ਵਿਉਪਾਰਕ ਖੇਤਰ 'ਚ ਜਾਣੀ ਪਹਿਚਾਣੀ ਨਾਮਵਰ ਸ਼ਖਸੀਅਤ ਸ. ਕਰਮ ਸਿੰਘ ਬੰਗੜ ਜੋ 30 ਜੁਲਾਈ 2020 ਨੂੰ ਇਸ ਫਾਨੀ ਸੰਸਾਰ ਨੂੰ ਆਖਰੀ ਅਲਵਿਦਾ ਕਹਿ ਗਏ, ਜੀ ਦਾ 8 ਅਗਸਤ 2020 ਦਿਨ ਸ਼ਨਿਚਰਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਫਊਲਰ (ਕੈਲੇਫੋਰਨੀਆ) ਵਿਖੇ ਅੰਤਿਮ ਸਸਕਾਰ ਕੀਤਾ ਗਿਆ।

ਇਸ ਮੌਕੇ ਕਰੋਨਾ ਵਾਇਰਸ ਮਹਾਂਮਾਰੀ ਦੌਰਾਨ ਸਰਕਾਰੀ ਹਦਾਇਤਾਂ ਦਾ ਪਾਲਣ ਕੀਤਾ ਗਿਆ। ਇਸ ਮੌਕੇ ਪਰਿਵਾਰਕ ਮੈਂਬਰ ਸਾਹਿਬਾਨ ਤੋਂ ਇਲਾਵਾ ਹੋਰਨਾਂ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਅਤੇ ਉਸ ਦੀ ਯਾਦ ਵਿਚ ਆਪੋ-ਆਪਣੇ ਵਿਚਾਰਾਂ ਨੂੰ ਅੰਤਿਮ ਸ਼ਰਧਾਂਜਲੀ ਭੇਂਟ ਕੀਤੀ।

ਸਸਕਾਰ ਉਪਰੰਤ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਦੁਖੀ ਬੰਗੜ ਪਰਿਵਾਰ ਵੱਲੋਂ ਰਖਾਏ ਗਏ ਸਹਿਜ ਪਾਠ ਸਹਿਜ ਪਾਠ ਦੇ ਸ੍ਰੀ ਗੁਰੂ ਰਵਿਦਾਸ ਟੈਂਪਲ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਵਿਖੇ ਪਾਏ ਗਏ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਵਿਛੜੀ ਰੂਹ ਸ. ਕਰਮ ਸਿੰਘ ਬੰਗੜ ਜੀ ਦੀ ਆਤਮਕ ਸ਼ਾਂਤੀ ਲਈ ਗੁਰਬਾਣੀ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਹਨਾਂ ਦੀਆਂ ਗੁਰੂ ਘਰ ਪ੍ਰਤੀ ਸੇਵਾਵਾਂ ਦਾ ਵਰਣਨ ਕੀਤਾ। ਉਹਨਾਂ ਤੋਂ ਇਲਾਵਾ ਭਾਈ ਸਾਹਿਬ ਭਾਈ ਸੁਰਿੰਦਰ ਸਿੰਘ ਜੀ ਅਤੇ ਭਾਈ ਸੂਰਤ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੇ ਜਥੇ ਨੇ ਵਿਰਾਗਮਈ ਕੀਰਤਨ ਕੀਤਾ ਅਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਵਾਹਿਗੁਰੂ ਆਪਣੇ ਚਰਨਾਂ 'ਚ ਨਿਵਾਸ ਦੇਵੇ ਅਤੇ ਮਗਰ ਸਮੂਹ ਬੰਗੜ ਪਰਿਵਾਰ ਤੇ ਸਕੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸਾਂ ਕੀਤੀਆਂ।

ਇਸ ਸਾਰੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਹੋਰਨਾਂ ਸ਼ਖਸੀਅਤਾਂ ਨੇ ਵੀ ਆਪਣੇ ਹਰਮਨ ਪਿਆਰੇ ਉੱਘੇ ਸਮਾਜ ਸੇਵੀ ਤੇ ਮੌਜੂਦਾ ਪ੍ਰਧਾਨ ਹੁੰਦਿਆਂ ਅਕਾਲ ਚਲਾਣਾ ਕਰ ਜਾਣ ਤੇ ਸ. ਕਰਮ ਸਿੰਘ ਬੰਗੜ ਦੀ ਆਤਮਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਅਰਜੋਈਆਂ ਕੀਤੀਆਂ ਤੇ ਮਗਰ ਸਮੂਹ ਬੰਗੜ ਪਰਿਵਾਰ ਨੂੰ ਦਿਲਾਸਾ ਦਿੰਦਿਆਂ, ਉਹਨਾਂ ਦੇ ਦੁੱਖ 'ਚ ਦੁੱਖ ਸਾਂਝਾ ਕਰਦਿਆਂ ਸ਼ਰਧਾਂਜਲੀਆਂ ਦਿੰਦਿਆਂ ਸ. ਕਰਮ ਸਿੰਘ ਬੰਗੜ ਜੀ ਦੇ ਜੀਵਨ ਕਾਲ ਦੀਆਂ ਯਾਦਾਂ ਤੇ ਕੰਮਾਂ ਨੂੰ ਸਲਾਹੁੰਦਿਆਂ ਕਿਹਾ ਕਿ ਜਿੱਥੇ ਬੰਗੜ ਪਰਿਵਾਰ ਨੂੰ ਗਹਿਰਾ ਸਦਮਾ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉਥੇ ਸਮਾਜ 'ਚੋਂ ਇੰਨੀ ਜਲਦੀ ਚੰਗੀ ਇਨਸਾਨ ਦਾ ਜਾਣਾ ਬਹੁਤ ਵੱਡਾ ਘਾਟਾ ਪਿਆ ਹੈ। ਬੁਲਾਰਿਆਂ ਵਿਚ ਗੁਰੂ ਘਰ ਦੇ ਵਜ਼ੀਰ ਸਤਿਕਾਰਯੋਗ ਭਾਈ ਰਾਮ ਸਿੰਘ ਜੀ, ਚਰਨਜੀਵ ਬੰਗੜ ਸਪੁੱਤਰ, ਮਨਦੀਪ ਬੰਗੜ ਨੂੰਹ, ਪ੍ਰਭਜੋਤ ਬੰਗੜ (ਭਤੀਜਾ), ਗੁਰਨਾਮ ਸਿੰਘ ਭੰਡਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਮਲਕੀਤ ਸਿੰਘ ਬੰਗੜ ਸਾਬਕਾ ਚੇਅਰਮੈਨ ਗੁਰੂ ਘਰ ਫਰਿਜ਼ਨੋ, ਹਰਬੰਸ ਬੱਧਣ ਜਨਰਲ ਸਕੱਤਰ ਗੁਰੂ ਘਰ ਫਰਿਜ਼ਨੋ, ਵਿਨੋਦ ਚੁੰਬਰ ਜੀ ਚੇਅਰਮੈਨ ਗੁਰੂ ਘਰ ਬੇ-ਏਰੀਆ, ਸੁਰਜੀਤ ਸਿੰਘ ਬੰਗੜ ਸਾਬਕਾ ਸਟੇਜ ਸਕੱਤਰ, ਸਤਨਾਮ ਰੱਤੂ ਯੂਬਾ ਸਿਟੀ, ਸੋਨੀਆ ਰੱਤੂ ਯੂਬਾ ਸਿਟੀ ਆਦਿ ਸ਼ਾਮਲ ਸਨ।

ਸਟੇਜ ਦੀ ਸੇਵਾ ਨਿਭਾਉਂਦਿਆਂ ਸ੍ਰੀ ਦੇਸ ਰਾਜ ਬੰਗੜ ਸਟੇਜ ਸਕੱਤਰ ਵੱਲੋਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਬੰਗੜ ਪਰਿਵਾਰ ਵੱਲੋਂ ਉਹਨਾਂ ਸਾਰਿਆਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਇਸ ਦੁੱਖ ਦੀ ਘੜੀ 'ਚ ਸਾਨੂੰ ਹੌਸਲਾ ਦਿੱਤਾ।

ਅਖੀਰ 'ਚ ਅਦਾਰਾ ਦੇਸ਼ ਦੁਆਬਾ ਇਕ ਵਾਰ ਫਿਰ ਤੋਂ ਦੁਖੀ ਪਰਿਵਾਰ ਨਾਲ ਗਹਿਰਾ ਦੁੱਖ ਪ੍ਰਗਟ ਕਰਦਾ ਹੈ।

**ਰਿਪੋਰਟ - ਪ੍ਰੇਮ ਬੱਧਣ**

## ਨਿੱਕੀਆ ਕਰੂੰਬਲਾਂ ਪ੍ਰਕਾਸ਼ਨ ਵਲੋਂ ਲੇਖਿਕਾ ਹਰਮੇਸ਼ ਕੌਰ ਯੋਧੇ ਨਾਲ ਸਾਹਿਤਕ ਮਿਲਣੀ



**ਮਾਹਿਲਪੁਰ–** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਅਤੇ ਸੁਰ ਸੰਗਮ ਵਿੱਦਿਅਕ ਟਰੱਸਟ ਵਲੋਂ ਪ੍ਰਿੰ.ਮਨਜੀਤ ਕੌਰ ਦੀ ਅਗਵਾਈ ਹੇਠ ਇਕ ਸਾਹਿਤਕ ਮਿਲਣੀ ਦਾ ਪ੍ਰਬੰਧ ਕਰੂੰਬਲਾਂ ਭਵਨ ਵਿਚ ਕੀਤਾ ਗਿਆ। ਇਸ ਮਿਲਣੀ ਵਿਚ ਬਿਆਸ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉਚੇਚੇ ਤੌਰ ਤੇ ਉੱਘੀ ਲੇਖਿਕਾ ਹਰਮੇਸ਼ ਕੌਰ ਯੋਧੇ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅਸੀਂ ਨਰੋਏ ਬਾਲ ਸਾਹਿਤ ਰਾਹੀਂ ਬੱਚਿਆਂ ਨੂੰ ਭਿੰਨ-ਭਿੰਨ ਪ੍ਰਕਾਰ ਦੀਆਂ ਅਲਾਮਤਾਂ ਤੋਂ ਬਚਾਅ ਸਕਦੇ ਹਾਂ। ਅਜੋਕੇ ਸਮੇਂ ਵਿਚ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਵਾਸਤੇ ਉਹਨਾਂ ਹੱਥ ਰੌਚਕ ਬਾਲ ਪੁਸਤਕਾਂ ਦੇਣੀਆਂ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਆਪਣੀਆਂ ਸਾਹਿਤਕ ਵੰਨਗੀਆਂ ਪੇਸ਼ ਕਰਕੇ ਚੰਗੀ ਰੌਣਕ ਲਾਈ।ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਬੋਲਦਿਆਂ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਯੋਧੇ ਦੇਸ਼ ਵਿਦੇਸ਼ ਵਿਚ ਮਾਂ ਬੋਲੀ ਦਾ ਝੰਡਾ ਬੁਲੰਦ ਕਰ ਰਹੀ ਹੈ।ਉਹ ਇਕ ਬਹੁਪੱਖੀ ਲੇਖਿਕਾ ਦੇ ਨਾਲ ਨਾਲ ਟੀਵੀ ਦੀ ਸਫ਼ਲ ਐਂਕਰ ਅਤੇ ਵਿਸ਼ਾ ਮਾਹਿਰ ਵੀ ਹੈ।ਵਾਤਾਵਰਣ ਅਤੇ ਸੱਭਿਆਚਾਰ ਦੀ ਸਾਂਭ ਸੰਭਾਲ ਵਿਚ ਉਹ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਪੰਜਾਬ ਸਰਕਾਰ ਉਸਨੂੰ ਰਾਜ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ ਕਰ ਚੁਕੀ ਹੈ। ਅਜ ਤਕ ਉਹ ਇਕ ਦਰਜਨ ਤੋਂ ਵੱਧ ਖੋਜੀ ਪੁਸਤਕਾਂ ਸਮੇਤ ਸੈਂਕੜੇ ਰਚਨਾਵਾਂ ਲਿਖ ਕੇ ਅਨੇਕਾਂ ਹੋਰ ਇਨਾਮ ਸਨਮਾਨ ਪ੍ਰਾਪਤ ਕਰ ਚੁੱਕੀ ਹੈ।

ਇਸ ਸਮਾਰੋਹ ਵਿਚ ਲੋਕ ਕਵੀ ਪੰਮੀ ਖੁਸ਼ਹਾਲਪੁਰੀ ਅਤੇ ਚਿੱਤਰਕਾਰ ਸੁਖਮਨ ਸਿੰਘ ਖੜੌਦੀ ਨੇ ਆਪਣੀਆਂ ਬਾਲ ਕਵਿਤਾਵਾਂ ਨੂੰ ਤਰੰਨਮ ਵਿਚ ਪੇਸ਼ ਕਰਕੇ ਚੰਗੀ ਭੱਲ ਖੱਟੀ।ਬੱਗਾ ਸਿੰਘ ਆਰਟਿਸਟ, ਹਰਮਨਪ੍ਰੀਤ ਕੌਰ, ਰਵਨੀਤ ਕੌਰ,ਨਿਧੀ ਅਮਨ ਸਹੋਤਾ, ਮਨਜਿੰਦਰ ਸਿੰਘ ਅਤੇ ਹਰਵੀਰ ਮਾਨ ਆਦਿ ਨੇ ਵੀ ਆਪੋ ਆਪਣੇ ਢੰਗ ਨਾਲ ਆਪਣੀ ਹਾਜ਼ਰੀ ਲਗਵਾਈ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।

## ਬੇਗਮਪੁਰਾ ਗਰੁੱਪ ਵੱਲੋਂ ਸੰਤ ਸਾਹਿਬਾਨਾਂ ਨੂੰ ਸਾਂਝੇ ਧਰਮ ਦਾ ਐਲਾਨ ਕਰਨ ਦੀ ਬੇਨਤੀ



**ਹੁਸ਼ਿਆਰਪੁਰ–** ਬੇਗਮਪੁਰਾ ਇੰਟਰਨੈਸ਼ਨਲ ਗਰੁੱਪ ਆਫ ਸੁਸਾਇਟੀਜ਼ ਵੱਲੋਂ ਪਿਛਲੇ ਦਿਨੀਂ ਹੁਸ਼ਿਆਰਪੁਰ ਵਿਖੇ ਵੱਖ-ਵੱਖ ਸੰਸਥਾਵਾਂ ਦੇ ਮੁੱਖੀਆਂ ਅਤੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਇਹ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਜੋ ਗੁਰੂ ਰਵਿਦਾਸ ਸਮਾਜ ਦੇ ਸੰਤ ਸਹਿਬਾਨਾਂ ਵੱਲੋਂ 2021 ਦੀ ਜਨਗਣਨਾ ਵਾਸਤੇ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਨੂੰ ਦੋ ਵੱਖ ਵੱਖ ਧਰਮਾਂ ਆਦਿ ਧਰਮ ਅਤੇ ਰਵਿਦਾਸੀਆ ਧਰਮ ਲਿਖਾਉਣ ਦਾ ਜੋ ਹੁਕਮਨਾਮਾ ਜਾਰੀ ਕੀਤਾ ਗਿਆ ਉਸ ਤੇ ਮੁੜ ਵਿਚਾਰ ਕਰਨ ਅਤੇ ਸਾਰੇ ਹੀ ਸੰਤ ਸਾਹਿਬਾਨ ਇੱਕ ਸਾਂਝੇ ਮੰਚ ਤੋਂ ਇੱਕ ਸਾਂਝੇ ਨਾਮ ਦਾ ਐਲਾਨ ਕਰਨ ਦੀ ਕ੍ਰਿਪਾਲਤਾ। ਸ੍ਰੀ ਪਵਨ ਕੁਮਾਰ ਕਨਵੀਨਰ ਬੇਗਪੁਰਾ ਇੰਟਰਨੈਸ਼ਨਲ ਗਰੁੱਪ ਆਫ ਸੁਸਾਇਟੀਜ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਮੂਹ ਸੰਤ ਸਾ-ਹਬਾਨਾਂ ਨੂੰ ਪਹਿਲਾਂ ਹੀ ਬੇਨਤੀ ਪੱਤਰ ਦਿੱਤੇ ਗਏ ਹਨ ਅਤੇ ਸੰਤ ਸਾਹਿਬਾਨਾਂ ਨੇ ਇੱਕ ਮੰਚ ਤੇ ਆਉਣ ਦੀ ਹਾਮੀ ਭਰੀ ਹੈ। ਜਲਦ ਹੀ ਸਮਾਜ ਦੇ ਬੁੱਧੀ-ਜੀਵੀਆਂ ਦੀ ਮੀਟਿੰਗ ਬੁਲਾ ਕੇ ਸੋਚ ਵਿਚਾਰ ਕਰਨ ਉਪਰੰਤ ਸੰਤ ਸਹਿਬਾਨਾਂ ਨੂੰ ਇੱਕ ਮੰਚ ਤੇ ਆਉਣ ਦਾ ਸੱਦਾ ਦਿੱਤਾ ਜਾਵੇਗਾ। ਬੇਗਮਪੁਰਾ ਗਰੁੱਪ ਦਾ ਇਹੀ ਉਦੇਸ਼ ਹੈ ਕਿ ਸਾਰੇ ਸੰਤ ਸਾਹਿਬਾਨ ਆਪਸੀ ਵਿਤਕਰੇ ਨੂੰ ਭੁਲਾ ਕੇ ਸਾਂਝੇ ਰੂਪ ਵਿੱਚ ਕੌਮ ਦੀ ਅਗਵਾਈ ਕਰਨ ਅਤੇ ਸਮਾਜ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਕੇ ਬੇਗ਼ਮਪੁਰੇ ਦੇ ਫਲਸਫੇ ਦਾ ਭਰਪੂਰ ਪ੍ਰਚਾਰ ਅਤੇ ਪ੍ਰਸਾਰ

## ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਪ੍ਰਿੰ.ਗੁਰਬਖਸ਼ ਸਿੰਘ ਸ਼ੇਰਗਿੱਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ (ਰਜਿ.) ਵੱਲੋਂ ਪ੍ਰਿੰ. ਗੁਰਬਖਸ਼ ਸਿੰਘ ਸ਼ੇਰਗਿੱਲ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਪ੍ਰੋ. ਮੋਹਨ ਸਿੰਘ, ਸ. ਹਰਜਾਪ ਸਿੰਘ ਔਜਲਾ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰ. ਕੁਲਵੰਤ ਸਿੰਘ ਅਣਖੀ, ਪ੍ਰਧਾਨ ਮਨਮੋਹਨ ਸਿੰਘ ਬਰਾੜ ਤੇ ਸਮੂਹ ਕਾਰਜਕਾਰਨੀ ਮੈਂਬਰਾਂ ਨੇ ਕਿਹਾ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਤੇ ਦੂਰ ਅੰਦੇਸ਼ੀ ਸੋਚ ਦੇ ਮਾਲਕ ਸਨ। ਜਦ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ ਤਾਂ ਮੰਚ ਦੇ ਬਹੁਤ ਸਾਰੇ ਮੈਂਬਰ ਤੇ ਅਹੁਦੇਦਾਰ ਉਨ੍ਹਾਂ ਦੇ ਵਿਦਿਆਰਥੀ ਜਾਂ ਉਨ੍ਹਾਂ ਨਾਲ ਬਤੌਰ ਲੈਕਚਰਾਰ ਕੰਮ ਕਰਦੇ ਸਨ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਤਰੱਕੀ ਲਈ ਦਿਨ ਰਾਤ ਕੰਮ ਕੀਤਾ। ਵੱਖ ਵੱਖ ਸਕੂਲਾਂ ਵਿੱਚੋਂ ਹੁਸ਼ਿਆਰ ਵਿਦਿਆਰਥੀਆਂ ਨੂੰ ਮੈਰਿਟ ਸੈਕਸ਼ਨ ਬਣਾ ਕੇ ਦਾਖ਼ਲ ਕੀਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਾਲਜ ਦੇ ਵਿਦਿਆਰਥੀ ਮੈਰਿਟ ਵਿੱਚ ਆ ਕੇ ਮੈਡੀਕਲ ਕਾਲਜਾਂ, ਇੰਜੀਨੀਰਿੰਗ ਕਾਲਜਾਂ ਤੇ ਹੋਰ ਪੇਸ਼ਾਵਰ ਕਾਲਜਾਂ ਵਿੱਚ ਜਾਣ ਲੱਗੇ। ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਾਨੀਆ ਵਿੱਚੋਂ ਇੱਕ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਵੱਧ ਤੋਂ ਵੱਧ ਕਾਲਜ ਦੇ ਵਿਦਿਆਰਥੀ ਉਚੇਰੀ ਸਿੱਖਿਆ ਲਈ ਵੱਖ ਵੱਖ ਕਾਲਜਾਂ ਵਿੱਚ ਜਾ ਕੇ ਉੱਚ ਵਿੱਦਿਆ ਪ੍ਰਾਪਤ ਕਰਕੇ ਆਪਣਾ ਅਤੇ ਕਾਲਜ ਦਾ ਨਾਂ ਰੌਸ਼ਨ ਕਰਨ। ਇਸ ਲਈ ਉਨ੍ਹਾਂ ਨੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ। ਗਰੀਬ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਕੀਤੀ। ਉਨ੍ਹਾਂ ਨੇ ਕਾਲਜ ਦੇ ਅਧਿਆਪਕਾਂ ਨੂੰ ਆਪਣੀ ਯੋਗਤਾ ਵਧਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੂੰ ਪੀ-ਐਚ.ਡੀ. ਕਰਨ ਲਈ ਪ੍ਰੇਰਿਆ ਤੇ ਲੰਬੀ ਛੁੱਟੀ 'ਤੇ ਭੇਜਿਆ। ਇਹੋ ਕਾਰਨ ਸੀ ਕਿ ਕਾਲਜ ਦੇ ਇਤਿਹਾਸ ਵਿੱਚ ਵੱਡੀ ਗਿਣਤੀ ਵਿੱਚ ਪ੍ਰੋਫੈਸਰਾਂ ਨੇ ਪੀ-ਐਚ.ਡੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ ਸੇਵਾ ਮੁਕਤ ਹੋ ਕੇ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਬਣ ਕੇ ਬੋਰਡ ਦੇ ਕੰਮ ਕਾਜ ਵਿਚ ਸੁਧਾਰ ਲਿਆਂਦਾ। ਪੰਜਾਬ ਦੇ ਵਿਰਸੇ ਨੂੰ ਸੰਭਾਲਣ ਲਈ ਇਨਟੈਕ ਦੇ ਪੰਜਾਬ ਚੈਪਟਰ ਦੇ ਬਤੌਰ ਚੇਅਰਮੈਨ ਵਜੋਂ ਉਨ੍ਹਾਂ ਸੇਵਾ ਨਿਭਾਈ।



ਪੰਜਾਬ ਦੀ ਸਿੱਖਿਆ ਦੇ ਵਿਕਾਸ ਅਤੇ ਵਿਰਸੇ ਨੂੰ ਸੰਭਾਲਣ ਲਈ ਉਨ੍ਹਾਂ ਪੰਜਾਬ ਐਜੂਕੇਸ਼ਨ ਐਂਡ ਹੈਰੀਟੇਜ਼ ਫਾਊਂਡੇਸ਼ਨ ਬਣਾਈ, ਜਿਸ ਨੇ ਇਤਿਹਾਸਕ ਸਥਾਨਾਂ ਨੂੰ ਸੰਭਾਲਣ ਲਈ ਸ਼ਲਾਘਾਯੋਗ ਕੰਮ ਕੀਤਾ। ਇਸ ਦੀਆਂ ਅੰਮ੍ਰਿਤਸਰ, ਰੋਪੜ ਤੇ ਹੋਰ ਸ਼ਹਿਰਾਂ ਵਿੱਚ ਬ੍ਰਾਂਚਾਂ ਸਥਾਪਤ ਕੀਤੀਆਂ। ਅੰਮ੍ਰਿਤਸਰ ਦੇ ਇਤਿਹਾਸਕ ਰਾਮ ਬਾਗ ਨੂੰ ਕੌਮੀ ਸਮਾਰਕ ਘੋਸ਼ਿਤ ਕਰਾਇਆ।

## ਭਾਰਟਾ ਸਕੂਲ ਦੀ ਅਮਨਦੀਪ ਨੇ ਬਲਾਕ ਪੱਧਰੀ ਕਵਿਤਾ ਉਚਾਰਨ ਮੁਕਾਬਲਾ ਜਿੱਤਿਆ

**ਮਾਹਿਲਪੁਰ–** ਸਿੱਖਿਆ ਵਿਭਾਗ ਪੰਜਾਬ ਵਲੋਂ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਸਬੰਧੀ ਕਰਵਾਏ ਜਾ ਰਹੇ



ਆਨ ਲਾਈਨ ਮੁਕਾਬਲਿਆਂ ਵਿੱਚ ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਦੀ 8ਵੀਂ ਕਲਾਸ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਮਿਡਲ ਵਰਗ ਦਾ ਕਵਿਤਾ ਉਚਾਰਨ ਮੁਕਾਬਲੇ ਵਿੱਚ ਬਲਾਕ ਮਾਹਿਲਪੁਰ-2 ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ।ਇਸ ਮੌਕੇ ਉਸ ਨੂੰ ਸ਼ਾਬਾਸ਼ ਦਿੰਦਿਆਂ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਉਸ ਦੇ ਗਾਈਡ ਪਵਨ ਕੁਮਾਰ ਸਾਇੰਸ ਮਾਸਟਰ ਅਤੇ ਸਾਰੇ ਸਟਾਫ ਦੀ ਮਿਹਨਤ ਸਦਕਾ ਇਹ ਪ੍ਰਾਪਤੀ ਹੋਈ ਹੈ। ਪਿੰਡ ਦੇ ਸਰਪੰਚ ਰਸ਼ਪਾਲ ਸਿੰਘ ਲਾਲੀ, ਸਕੂਲ ਮੈਨੇਜਿੰਗ ਕਮੇਟੀ ਦੀ ਚੇਅਰਪਰਸਨ ਇਕਬਾਲ ਬਾਨੋ ਨੇ ਕਿਹਾ ਕਿ ਸਕੂਲ ਮੁਖੀ ਦੀ ਅਗਵਾਈ ਹੇਠ ਸਾਰਾ ਸਟਾਫ ਬੱਚਿਆਂ ਦੇ ਸਰਬਪੱਖੀ ਵਿਕਾਸ ਵਿਚ ਜੁਟਿਆ ਹੋਇਆ ਹੈ।ਇਸੇ ਕਰਕੇ ਸਕੂਲ ਦੇ ਵਿਦਿਆਰਥੀ ਵਿੱਦਿਅਕ,ਸਹਿ ਵਿੱਦਿਅਕ ,ਖੇਡਾਂ,ਆਦਿ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਹਨ। ਇਨ੍ਹਾਂ ਪ੍ਰਾਪਤੀਆਂ ਲਈ ਜਿੱਥੇ ਸਕੂਲ ਪ੍ਰਬੰਧਕ ਵਧਾਈ ਦੇ ਪਾਤਰ ਹਨ ਉੱਥੇ ਬੱਚਿਆਂ ਅਤੇ ਮਾਪਿਆਂ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ। ਸਕੂਲ ਸਟਾਫ ਮੈਂਬਰ ਗੁਰਪ੍ਰੀਤ ਕੌਰ, ਸਤਵੀਰ ਕੌਰ,ਭੁਪਿੰਦਰ ਸੈਣੀ, ਮੁਨੀਸ਼ ਕੁਮਾਰ ਅਤੇ ਮਨਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਨਲਾਈਨ ਮੁਕਾਬਲਿਆਂ ਬਾਰੇ ਜੂਮ ਐਪ ਤੇ ਜਾਣਕਾਰੀ ਮੁਹੱਈਆ ਕੀਤੀ। ਸਭ ਦਾ ਧੰਨਵਾਦ ਕਰਦਿਆਂ ਮੁੱਖ ਅਧਿਆਪਕ ਬਲਜਿੰਦਰ ਮਾਨ ਨੇ ਕਿਹਾ ਕਿ ਕੋਈ ਵੀ ਨਿਸ਼ਾਨਾ ਪ੍ਰਾਪਤ ਕਰਨ ਲਈ ਅਧਿਆਪਕ, ਮਾਪੇ ਅਤੇ ਬੱਚਿਆਂ ਵਿੱਚ ਆਪਸੀ ਤਾਲਮੇਲ ਹੋਣਾ ਬਹੁਤ ਜਰੂਰੀ ਹੁੰਦਾ ਹੈ।ਪਿੰਡ ਵਾਸੀਆਂ ਵਲੋਂ ਮਿਲ ਰਹੇ ਸਹਿਯੋਗ ਵਾਸਤੇ ਸਾਰਾ ਸਕੂਲ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦੀ ਹੈ।


## ਪੰਜਾਬ ਸਰਕਾਰ ਕੋਲ ਟਿੱਕ-ਟੌਕੀਆਂ ਲਈ ਪੈਸਾ ਪਰ ਖਿਡਾਰੀਆਂ ਲਈ ਨਹੀ: ਸਿਮਰਨਜੀਤ



ਨਵੀਂ ਦਿੱਲੀ– ਓਲੰਪਿਕ 'ਚ ਹਿੱਸਾ ਲੈਣ ਜਾ ਰਹੀ ਮੁੱਕੇਬਾਜ਼ ਸਿਮਰਨਜੀਤ ਕੌਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜ ਮਹੀਨੇ ਪਹਿਲਾਂ ਨੌਕਰੀ ਦੇ ਕੀਤੇ ਵਾਅਦੇ ਤੋਂ ਬਾਅਦ ਵੀ ਨੌਕਰੀ ਦੀ ਭਾਲ ਵਿੱਚ ਹੈ। ਜਨਵਰੀ ਵਿੱਚ ਜਦੋਂ ਉਸ ਨੇ ਟੋਕੀਓ ਓਲੰਪਿਕ ਲਈ ਕੁਆਲੀਫਾਈ ਕੀਤਾ ਸੀ ਤਾਂ ਉਸ ਨੇ ਆਪਣੀਆਂ ਵਿੱਤੀ ਸਮੱਸਿਆਵਾਂ ਪੱਤਰਕਾਰਾਂ ਨਾਲ ਸਾਂਝੀਆਂ ਕੀਤੀਆਂ ਸਨ। ਪੱਤਰਕਾਰਾਂ ਵੱਲੋਂ ਇਹ ਮਾਮਲਾ ਪ੍ਰਮੁੱਖਤਾ ਨਾਲ ਚੁੱਕਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਇਸ ਖਿਡਾਰਨ ਦੀ ਮਦਦ ਕਰਨ ਦਾ ਭਰੋਸਾ ਜਤਾਇਆ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਆਪਣੇ ਸਕੱਤਰ (ਖੇਡਾਂ) ਨੂੰ ਕਿਹਾ ਹੈ ਕਿ ਇਸ ਖਿਡਾਰਨ ਦੀ ਹਰ ਸੰਭਵ ਮਦਦ ਕਰਨ ਲਈ ਆਦੇਸ਼ ਜਾਰੀ ਕੀਤੇ ਗਏ ਹਨ। ਕ੍ਰਿਕਟਰ ਹਰਭਜਨ ਸਿੰਘ ਅਤੇ ਖੇਡ ਮੰਤਰੀ ਕਿਰਨ ਰਿਜਿਜੂ ਨੇ ਮੀਡੀਆ ਦਾ ਇਸ ਮਾਮਲੇ ਨੂੰ ਪ੍ਰਮੁੱਖਤਾ ਨਾਲ ਚੁੱਕਣ 'ਤੇ ਧੰਨਵਾਦ ਕੀਤਾ ਸੀ। ਜਦੋਂ ਕਿ ਹੁਣ ਸਿਮਰਨਜੀਤ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਵੱਲੋਂ ਉਸ ਦੀ ਕੋਈ ਮਦਦ ਨਹੀਂ ਕੀਤੀ ਗਈ। ਉਸ ਦੇ ਭਾਵੁਕ ਹੁੰਦਿਆਂ ਕਿਹਾ ਕਿ ਉਸ ਨੂੰ ਪੰਜ ਲੱਖ ਰੁਪਏ ਦੀ ਮਦਦ ਦੇਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਕੌਣ ਪ੍ਰਵਾਹ ਕਰਦਾ ਹੈ। ਜਦੋਂ ਕਿ ਟਿੱਕ-ਟੌਕ ਸਟਾਰਜ਼ ਨੂੰ ਪੰਜਾਬ ਸਰਕਾਰ ਵੱਲੋਂ ਵਿੱਤੀ ਮਦਦ ਦਿੱਤੀ ਜਾ ਰਹੀ ਹੈ।

## ਨਿਊਜ਼ੀਲੈਂਡ ਪ੍ਰਧਾਨ ਮੰਤਰੀ ਨੇ ਔਕਲੈਂਡ ਖੇਤਰ ਦਾ ਲੌਕਡਾਊਨ ਪੱਧਰ-3 ਐਤਵਾਰ ਤੱਕ ਵਧਾਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡ ਆਰਡਨ ਨੇ ਅੱਜ ਕੈਬਿਨਟ ਮੀਟਿੰਗ ਦੇ ਬਾਅਦ ਐਲਾਨ ਕੀਤਾ ਕਿ ਔਕਲੈਂਡ ਖੇਤਰ ਦੇ ਵਿਚ ਚੱਲ ਰਿਹਾ ਕਰੋਨਾ ਲਾਕਡਾਊਨ ਪੱਧਰ-3 ਹੁਣ 30 ਅਗਸਤ ਰਾਤ 12 ਵਜੇ ਤੱਕ ਜਾਰੀ ਰੱਖਿਆ ਜਾਵੇਗਾ ਅਤੇ ਇਸ ਤੋਂ ਬਾਅਦ ਇਹ ਦੇਸ਼ ਦੇ ਦੂਜੇ ਹਿਸਿਆਂ ਦੇ ਪੱਧਰ-2 ਦੇ ਬਰਾਬਰ ਆ ਸਕੇਗਾ। ਸਰਕਾਰ ਕਰੋਨਾ ਦੇ ਫੈਲਾਅ ਲਈ ਕਲੱਸਟਰ ਉਤੇ ਗੌਰ ਫਰਮਾਏਗੀ। ਇਸ ਵਾਰ ਪੱਧਰ-2 ਦੀਆਂ ਸ਼ਰਤਾਂ ਨੂੰ ਹੋਰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਸੋਮਵਾਰ ਤੋਂ ਜਨਤਕ ਟਰਾਂਸਪੋਰਟ ਦੇ ਵਿਚ ਮਾਸਕ ਪਹਿਨਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਪੱਧਰ 2 ਦੇ ਵਿਚ ਇਕੱਠ ਕਰਨ ਦੀ ਸਮਰੱਥਾ 10 ਲੋਕਾਂ ਤੱਕ ਹੀ ਰਹੇਗੀ ਜਦ ਕਿ ਅੰਤਿਮ ਸੰਸਕਾਰ ਆਦਿ ਵੇਲੇ ਇਹ ਗਿਣਤੀ 50 ਤੱਕ ਹੋ ਸਕੇਗੀ। ਅੱਜ ਕਰੋਨਾ ਦੇ 9 ਨਵੇਂ ਕੇਸ ਆਉਣ ਦੇ ਕਾਰਨ ਹੁਣ ਕੁੱਲ ਐਕਟਿਵ ਕੇਸਾਂ ਦੀ ਗਿਣਤੀ 123 ਹੋ ਗਈ ਹੈ। 10 ਲੋਕ ਹਸਪਤਾਲ ਦੇ ਵਿਚ ਹਨ। ਦੇਸ਼ ਦੇ ਵਿਚ 1332 ਪੁਸ਼ਟੀ ਕੀਤੇ ਕੇਸ ਹਨ ਅਤੇ ਸੰਭਾਵਿਤ ਕੇਸਾਂ ਦੀ ਗਿਣਤੀ 351 ਹੈ। 1538 ਲੋਕ ਠੀਕ ਹੋ ਚੁੱਕੇ ਹਨ ਅਤੇ 22 ਦੀ ਮੌਤ ਹੋ ਚੁੱਕੀ ਹੈ।




## ਪਿਛਲੇ 24 ਘੰਟਿਆਂ ਦੌਰਾਨ 7 ਹੋਰ ਨਵੇਂ ਕਰੋਨਾ ਕੇਸ ਆਏ-ਕੁੱਲ ਗਿਣਤੀ ਹੋਈ 129

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ 'ਚ ਕਰੋਨਾ ਪੀੜਤਾਂ ਦੇ 7 ਹੋਰ ਨਵੇਂ ਕੇਸ ਸਾਹਮਣੇ ਆਏ ਹਨ ਜਿਸ ਤੋਂ ਬਾਅਦ ਦੇਸ਼ ਦੇ ਵਿਚ ਕਰੋਨਾ ਪੀੜਤਾਂ ਦੀ ਕੁੱਲ ਗਿਣਤੀ 129 ਹੋ ਗਈ ਹੈ। ਗੌਰਤਲਬ ਹੈ ਕਿ ਹਾਲ ਦੀ ਘੜੀ ਐਤਵਾਰ ਰਾਤ ਤੱਕ ਔਕਲੈਂਡ ਅਲਰਟ ਲੈਵਲ 3 ਅਤੇ ਦੇਸ਼ ਦਾ ਬਾਕੀ ਹਿੱਸਾ ਲੈਵਲ 2 ਵਿੱਚ ਚੱਲ ਰਿਹਾ ਹੈ। ਨਵੇਂ ਆਏ ਕੇਸ ਔਕਲੈਂਡ ਕਲੱਸਟਰ ਦੇ ਨਾਲ ਸਬੰਧ ਰੱਖਦੇ ਹਨ। ਸਿਹਤ ਵਿਭਾਗ ਦੇ ਨਿਰਦੇਸ਼ਕ ਡਾ. ਐਸ਼ਲੇ ਬਲੂਮਫੀਲਡ ਨੇ ਦੱਸਿਆ ਕਿ ਦੋ ਨਵੇਂ ਕੇਸ ਚਰਚ ਨਾਲ ਸਬੰਧਿਤ ਹਨ ਅਤੇ ਕਿਸੇ ਘਰ ਦੇ ਨਾਲ ਸਬੰਧਿਤ ਹਨ। ਕੁੱਲ ਕੇਸਾਂ ਦੇ ਵਿਚੋਂ 19 ਕੇਸ ਬਾਹਰੋ ਆਏ ਲੋਕਾਂ ਦੇ ਨਾਲ ਸਬੰਧਿਤ ਹਨ। ਅਗਲੇ ਸੋਮਵਾਰ ਤੋਂ ਔਕਲੈਂਡ ਖੇਤਰ ਦੇ ਵਿਚ ਜਨਤਕ ਇਕੱਠ ਦੇ ਵਿਚ 10 ਦੀ ਗਿਣਤੀ ਰਹੇਗੀ ਜਾਂ ਫਿਰ ਅੰਤਿਮ ਸੰਸਕਾਰ ਵੇਲੇ 50 ਲੋਕ ਇਕੱਠੇ ਹੋ ਸਕਣਗੇ। ਦੇਸ਼ ਦੇ ਬਾਕੀ ਹਿਸਿਆਂ ਵਿਚ ਲੈਵਲ-2 ਦੌਰਾਨ 100 ਵਿਅਕਤੀ ਇਕੱਠੇ ਹੋ ਸਕਣਗੇ। ਸਰਕਾਰ 6 ਸਤੰਬਰ ਨੂੰ ਦੁਬਾਰਾ ਕਰੋਨਾ ਵਾਇਰਸ ਸਥਿਤੀ 'ਤੇ ਵਿਚਾਰ ਕਰੇਗੀ। ਨਿਊਜ਼ੀਲੈਂਡ ਵਿੱਚ ਕੋਵਿਡ -19 ਦੇ ਕੁੱਲ ਮਿਲਾ ਕੇ 1690 ਕੇਸ ਹੋਏ ਹਨ ਜਿਨ੍ਹਾਂ ਵਿਚ 1,339 ਪੁਸ਼ਟੀ ਕੀਤੇ ਗਏ ਅਤੇ 351 ਸੰਭਵਿਤ ਕੇਸ ਹਨ। ਕੋਰੋਨਾਵਾਇਰਸ ਤੋਂ ਰਿਕਵਰ ਹੋਣ ਵਾਲਿਆਂ ਦੀ ਗਿਣਤੀ ਵੱਧ ਕੇ 1539 ਹੈ। ਮੌਤਾਂ ਦੀ ਗਿਣਤੀ 22 ਹੀ ਹੈ। 9 ਮਰੀਜ ਹਸਪਤਾਲ ਦੇ ਵਿਚ ਹਨ। 27 ਅਗਸਤ ਤੋਂ ਜਨਤਕ ਟਰਾਂਸਪੋਰਟ ਦੇ ਵਿਚ ਮਾਸਕ ਪਹਿਨਣਾ ਜਰੂਰੀ ਹੋ ਜਾਵੇਗਾ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

# ਵੰਦੇ ਭਾਰਤ ਮਿਸ਼ਨ ਤਹਿਤ ਏਅਰ ਇੰਡੀਆ ਦੀ 10ਵੀ ਨਾਨ ਸਟਾਪ ਫਲਾਈਟ ਔਕਲੈਂਡ ਤੋਂ ਦਿੱਲੀ ਰਵਾਨਾ





**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** 'ਵੰਦੇ ਭਾਰਤ ਮਿਸ਼ਨ' ਤਹਿਤ ਨਿਊਜ਼ੀਲੈਂਡ ਆਉਣ ਵਾਲਾ ਏਅਰ ਇੰਡੀਆ ਦਾ 10ਵਾਂ ਜਹਾਜ਼ ਅੱਜ ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਨਵੀਂ ਦਿੱਲੀ ਦੇ ਲਈ 12.30 ਵਜੇ ਦੀ ਥਾਂ ਲਗਪਗ 1.57 ਵਜੇ ਨਾਨ ਸਟਾਪ ਉਡਾਣ ਭਰ ਗਿਆ ਅਤੇ ਭਾਰਤੀ ਸਮੇਂ ਅਨੁਸਾਰ ਰਾਤ 10.53 ਵਜੇ ਇਹ ਦਿੱਲੀ ਪਹੁੰਚ ਜਾਵੇਗਾ। ਇਸ ਜਹਾਜ਼ ਦੇ ਵਿਚ ਵਤਨ ਵਾਪਿਸੀ ਕਰ ਰਹੇ ਲੋਕਾਂ ਨੇ ਅੱਜ ਸਵੇਰ ਤੋਂ ਹੀ ਔਕਲੈਂਡ ਹਵਾਈ ਅੱਡੇ ਉਤੇ ਪਹੁੰਚਣਾ ਸ਼ੁਰੂ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਟੀਰਾਪਾ ਹਮਿਲਟਨ ਤੋਂ ਰਾਗੀ ਭਾਈ ਰਾਜਪਾਲ ਸਿੰਘ ਅਤੇ ਉਨ੍ਹਾਂ ਦਾ ਜੱਥਾ ਅੱਜ ਸਵੇਰੇ ਹੀ ਪਹੁੰਚ ਗਿਆ ਸੀ।

ਪਹਿਲਾਂ ਇਹ ਫਲਾਈਟ 9 ਵਜੇ ਚੱਲਣ ਵਾਲੀ ਸੀ ਪਰ ਇਸਦਾ ਸਮਾਂ ਕੁਝ ਦਿਨ ਪਹਿਲਾਂ 12.30 ਵਜੇ ਤਬਦੀਲ ਕਰ ਦਿੱਤਾ ਗਿਆ ਸੀ, ਇਸ ਦੇ ਬਾਵਜੂਦ ਲੋਕ ਸਵੇਰੇ 9 ਵਜੇ ਦੇ ਹਿਸਾਬ ਨਾਲ ਪਹੁੰਚਣ ਵਿਚ ਜਿਆਦਾ ਸੁਰੱਖਿਅਤ ਮਹਿਸੂਸ ਕਰਦੇ ਰਹੇ ਸਨ।

ਗੇਟ ਨੰਬਰ 8 ਉਤੇ ਏਅਰ ਇੰਡੀਆ ਦਾ ਜਹਾਜ਼ ਲੱਗਿਆ ਅਤੇ ਲੋਕਾਂ ਨੇ ਸਵਾ 12 ਵਜੇ ਬੋਰਡਿੰਗ ਸ਼ੁਰੂ ਕੀਤੀ। ਇਹ ਜਹਾਜ਼ ਵੀ ਪੂਰੀ ਤਰ੍ਹਾਂ ਭਰਕੇ ਗਿਆ ਹੈ। ਇਹ ਜਹਾਜ਼ 23 ਅਗਸਤ ਨੂੰ ਇਹ ਜਹਾਜ਼ ਇਥੇ ਲਗਪਗ 200 ਸਵਾਰੀਆਂ ਲੈ ਕੇ ਪਹੁੰਚਿਆਸੀ। ਸੋ ਏਅਰ ਇੰਡੀਆ ਦਾ ਜਹਾਜ਼ ਅੱਜ ਔਕਲੈਂਡ ਹਵਾਈ ਅੱਡੇ ਉਤੇ ਨਿਊਜ਼ੀਲੈਂਡ ਅਟਕੇ ਭਾਰਤੀਆਂ ਨੂੰ ਕਹਿ ਰਿਹਾ ਸੀ ਕਿ ਬੰਨ੍ਹਾਂ ਲਓ ਮੂੰਹ ''ਆਓ ਲੈ ਚੱਲਾਂ ਤੁਹਾਨੂੰ ਦਿੱਲੀ ਨੂੰ...'.

## ਭਾਈ ਰਾਜਪਾਲ ਸਿੰਘ ਪਟਿਆਲਾ ਵਾਲਿਆਂ ਦਾ ਰਾਗੀ ਜੱਥਾ 'ਵੰਦੇ ਭਾਰਤ ਮਿਸ਼ਨ' ਰਾਹੀ ਪੰਜਾਬ ਮੁੜਿਆ



**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**'ਵੰਦੇ ਭਾਰਤ ਮਿਸ਼ਨ' ਵੱਖ-ਵੱਖ ਦੇਸ਼ਾਂ ਦੇ ਵਿਚ ਅਟਕ ਗਏ ਭਾਰਤੀਆਂ ਨੂੰ ਵਤਨ ਵਾਪਿਸੀ ਕਰਵਾ ਰਿਹਾ ਹੈ। ਅੱਜ ਔਕਲੈਂਡ ਸ਼ਹਿਰ ਤੋਂ ਏਅਰ ਇੰਡੀਆ ਦਾ 10ਵਾਂ ਜਹਾਜ਼ ਦਿੱਲੀ ਲਈ ਰਵਾਨਾ ਹੋਇਆ। ਇਸ ਦੇ ਵਿਚ ਭਾਈ ਰਾਜਪਾਲ ਸਿੰਘ ਪਟਿਆਲਾ ਵਾਲੇ, ਉਨ੍ਹਾਂ ਦੇ ਸਹਾਇਕ ਸਾਥੀ ਭਾਈ ਕੁਲਵਿੰਦਰ ਸਿੰਘ ਅਤੇ ਤਬਲਾ ਵਾਦਕ ਭਾਈ ਗੁਰਮਿੰਦਰ ਸਿੰਘ ਅੱਜ ਲਗਪਗ 10 ਮਹੀਨੇ ਬਾਅਦ ਪੰਜਾਬ ਲਈ ਰਵਾਨਾ ਹੋ ਗਏ। ਇਹ ਜੱਥਾ ਪਿਛਲੇ ਸਾਲ 24 ਅਕਤੂਬਰ ਨੂੰ ਨਿਊਜ਼ੀਲੈਂਡ ਦੇ ਪਹਿਲੇ ਗੁਰਦੁਆਰਾ ਸਾਹਿਬ ਟੀਰਾਪਾ ਹਮਿਲਟਨ ਵਿਖੇ ਸੇਵਾ ਕਰਨ ਪਹੁੰਚਿਆ ਸੀ। ਕੀਰਤਨ ਦੇ ਵਿਚ ਇਹ ਜੱਥਾ ਪਿਛਲੇ 20 ਸਾਲਾਂ ਤੋਂ ਸੀ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਡਲ ਟਾਊਨ ਪਟਿਆਲਾ (22 ਨੰਬਰ ਫਾਟਕ) ਤੋਂ ਇਲਾਵਾ ਇਹ ਜੱਥਾ ਡੁਬਈ, ਮਲੇਸ਼ੀਆ ਅਤੇ ਕੈਨੇਡਾ ਵਿਖੇ ਵੀ ਕੀਰਤਨ ਕਰ ਚੁੱਕਾ ਹੈ। ਇਸ ਰਾਗੀ ਜੱਥੇ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਵਤਨ ਵਾਪਿਸੀ ਦੇ ਲਈ ਵੱਡਾ ਸਹਿਯੋਗ ਦਿੱਤਾ। ਧਰਮ ਪ੍ਰਚਾਰ ਦੇ ਲਈ ਰਾਗੀ ਜੱਥਿਆਂ ਦਾ ਕਦੇ ਕਿਤੇ ਅਤੇ ਕਿਦੇ ਲੱਗਿਆ ਰਹਿੰਦਾ ਹੈ ਪਰ ਲਾਕ ਡਾਊਨ ਦੇ ਚਲਦਿਆਂ ਬਹੁਤ ਸਾਰੇ ਰਾਗੀ ਜੱਥੇ ਜਿੱਥੇ ਬਾਹਰਲੇ ਦੇਸ਼ਾਂ ਨੂੰ ਉਡਾਰੀ ਭਰਨ ਦੀ ਉਡੀਕ ਵਿਚ ਹਨ ਉਥੇ ਬਹੁਤ ਸਾਰੇ ਆਪਣੇ ਪਰਿਵਾਰਾਂ ਦੇ ਕੋਲ ਪਹੁੰਚਣ ਲਈ ਵੀ ਕਾਹਲੇ ਪਏ ਹਨ।

## ਮੌਨਸੂਨ ਸੈਸ਼ਨ 14 ਸਤੰਬਰ ਤੋਂ 1 ਅਕਤੂਬਰ ਤਕ ਸੱਦਣ ਦੀ ਸਿਫਾਰਸ਼



**ਨਵੀਂ ਦਿੱਲੀ–** ਪਾਰਲੀਮਾਨੀ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਮੌਨਸੂਨ ਸੈਸ਼ਨ 14 ਸਤੰਬਰ ਤੋਂ ਇਕ ਅਕਤੂਬਰ ਤਕ ਸੱਦਣ ਦੀ ਸਿਫਾਰਸ਼ ਕੀਤੀ ਹੈ। ਇਹ ਜਾਣਕਾਰੀ ਸਰਕਾਰੀ ਸੂਤਰਾਂ ਨੇ ਦਿੱਤੀ। ਜਾਣਕਾਰੀ ਅਨੁਸਾਰ ਇਸ ਦੌਰਾਨ 18 ਬੈਠਕਾਂ ਹੋਣਗੀਆਂ ਅਤੇ ਤਰੀਕਾਂ ਆਉਂਦੇ ਇਕ ਦੋ ਦਿਨਾਂ 'ਚ ਮੁਕੱਰਰ ਕਰ ਲਈਆਂ ਜਾਣਗੀਆਂ। ਕੋਵਿਡ-19 ਮਹਾਮਾਰੀ ਦੌਰਾਨ ਲੋਕ ਸਭਾ ਅਤੇ ਰਾਜ ਸਭਾ ਸੈਸ਼ਨਾਂ ਸਬੰਧੀ ਵੱਡੇ ਪੱਧਰ 'ਤੇ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਰਾਜ ਸਭਾ, ਲੋਕ ਸਭਾ ਚੈਂਬਰਜ਼ ਅਤੇ ਗੈਲਰੀਆਂ 'ਚ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਸਬੰਧੀ ਕਈ ਤਰ੍ਹਾਂ ਦੇ ਕਦਮ ਚੁੱਕੇ ਜਾ ਰਹੇ ਹਨ। ਰਾਜ ਸਭਾ ਦੇ ਸਕੱਤਰੇਤ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਵਾਰ ਉਪਰਲੇ ਸਦਨ ਦੇ ਮੈਂਬਰ ਦੋਵੇਂ ਚੈਂਬਰਾਂ ਅਤੇ ਗੈਲਰੀਜ਼ ਵਿੱਚ ਬੈਠਣਗੇ। ਭਾਰਤੀ ਇਤਿਹਾਸ ਵਿੱਚ 1952 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ 60 ਮੈਂਬਰ ਚੈਂਬਰ 'ਚ ਅਤੇ 51 ਮੈਂਬਰ ਰਾਜ ਸਭਾ ਦੀ ਗੈਲਰੀ 'ਚ ਬੈਠਣਗੇ। ਇਸ ਤੋਂ ਇਲਾਵਾ 132 ਮੈਂਬਰ ਲੋਕ ਸਭਾ ਦੀ ਗੈਲਰੀ 'ਚ ਬੈਠਣਗੇ। ਇਸੇ ਤਰ੍ਹਾਂ ਦੀ ਹੀ ਵਿਵਸਥਾ ਲੋਕ ਸਭਾ ਸਕੱਤਰੇਤ 'ਚ ਵੀ ਮੈਂਬਰਾਂ ਦੇ ਬੈਠਣ ਲਈ ਕੀਤੀ ਗਈ ਹੈ।

## ਭੁਲੱਥ ਇਲਾਕੇਂ ਦੇ ਪਿੰਡ ਨਿੱਕੀ ਮਿਆਣੀ ਨਾਲ ਪਿਛੋਕੜ ਰੱਖਣ ਵਾਲੇ ਸਮਾਜ ਸੇਵੀ ਇਕਬਾਲ ਸਿੰਘ ਭੱਟੀ ਨੂੰ ਫਰਾਂਸ ਚ' ਭਾਰਤ ਦੇ ਆਜਾਦੀ ਦਿਵਸ ਦੇ ਮੌਕੇ ਤੇ ਭਾਰਤੀ ਅੰਬੈਂਸੀ ਨੇ ਕੀਤਾ ਸਨਮਾਨਿਤ

**ਭੁਲੱਥ (ਅਜੈ ਗੋਗਨਾ)–** ਉਪ-ਮੰਡਲ ਭੁਲੱਥ ਖੇਤਰ ਦੇ ਪਿੰਡ ਨਿੱਕੀ ਮਿਆਣੀ ਦਾ ਜੰਮਪਲ ਸਮਾਜ ਸੇਵੀ ਜੋ ਅੱਜਕਲ ਫਰਾਂਸ ਵਿੱਚ ਹੈ।ਉਹ ਇਕ ਚੰਗੇ ਸਮਾਜ ਸੇਵੀ ਦੇ ਤੋਰ ਤੇ ਫਰਾਂਸ ਵਿੱਚ ਵਿਚਰ ਰਿਹਾ ਹੈ ।ਅਤੇ ਉਹ ਮਨੁੱਖੀ ਅਧਿਕਾਰਾਂ ਨਾਂ ਦੀ ਸੰਸਥਾ ਜੋ ਫਰਾਂਸ ਚ' ਹੈ।ਇਸ ਸੰਸਥਾ ਦਾ ਪ੍ਰਧਾਨ,ਵੀ ਹੈ। ਭੱਟੀ ਫਰਾਂਸ ਦੇ ਨਾਂ ਨਾਲ ਜਾਣੇ ਜਾਂਦੇ ਇਕਬਾਲ ਸਿੰਘ ਭੱਟੀ ਜੋ ਬੇਗੋਵਾਲ ਦੇ ਨਜ਼ਦੀਕੀ ਪਿੰਡ ਵੱਡੀ ਮਿਆਣੀ ਨਾਲ ਪਿਛੋਕੜ ਰੱਖਦਾ ਹੈ ਅਤੇ ਫਰਾਂਸ ਚ' ਗੁਰੂਦੁਆਰਾ ਸੰਤ ਬਾਬਾ ਪ੍ਰੇਮ ਸਿੰਘ ਲਾ - ਕੋਰਨਵ ਫਰਾਂਸ ਦੇ ਮੁੱਖ ਪ੍ਰਬੰਧਕ ਹੈ।ਅਤੇ ਸੰਤ ਬਾਬਾ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਦੀ ਪ੍ਰਬੰਧਕੀ ਕਮੇਟੀ ਦਾ ਕਾਰਜਕਾਰੀ ਮੈਂਬਰ ਵੀ ਹੈ।ਇਕਬਾਲ ਸਿੰਘ ਭੱਟੀ ਨੂੰ ਉਨਾਂ ਦੀਆਂ ਲੋਕ ਭਲਾਈ ਦੀਆ ਸੇਵਾਵਾਂ ਦੇ ਬਦਲੇ ਵਿਦੇਸ਼ੀ ਧਰਤੀ ਫਰਾਂਸ ਚ' ਸਥਿੱਤ ਭਾਰਤੀ ਐਂਬੰਸੀ ਵਲੋਂ 15 ਅਗਸਤ ਦੇ ਆਜਾਦੀ ਦਿਹਾੜੇ ਮੌਕੇ ਉਹਨਾਂ ਦੀ ਕਾਰਜਗੁਜਾਰੀ ਨੂੰ ਲੈ ਕਿ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਪ੍ਰੇਮ ਸਿੰਘ



ਕਰਮਸਰ ਖਾਲਸਾ ਕਾਲਜ ਬੇਗੋਵਾਲ ਦੇ ਪ੍ਰਧਾਨ ਸ:ਹਰਜੀਤ ਸਿੰਘ ਯੂ .ਐਸ .ਏ ਨੇ ਕਿਹਾ ਕਿ ਇਕਬਾਲ ਸਿੰਘ ਭੱਟੀ ਨੂੰ ਇਹ ਸਨਮਾਨ ਮਿਲਣਾ ਸਮੂੰਹ ਪੰਜਾ-ਬੀਆਂ ਲਈ ਵੀ ਬੜੇ ਮਾਣ ਵਾਲੀ ਗੱਲ ਹੈ । ਉਨਾ ਦੱਸਿਆ ਕਿ ਕੋਰੋਨਾ ਦੀ ਜਾਨਲੇਵਾ ਮਹਾਂਮਾਰੀ ਦੇ ਚੱਲਦਿਆਂ ਇਕਬਾਲ ਸਿੰਘ ਭੱਟੀ ਨੇ ਇਥੇ ਕੋਰੋਨਾ ਪੀੜ੍ਹਤਾ ਦੀ ਬਹੁਤ ਮੱਦਦ ਕੀਤੀ ਸੀ।ਅਤੇ ਵਿਦੇਸ਼ੀ ਧਰਤੀ ਤੇ 11 ਦੇ ਕਰੀਬ ਭਾਰਤੀ ਮੂਲ ਦੇ ਮ੍ਰਿਤਕਾਂ ਦੇ ਸਸਕਾਰ ਵੀ ਕੀਤੇ ।ਉਨਾਂ ਕਿਹਾ ਕਿ ਇਕਬਾਲ ਸਿੰਘ ਭੱਟੀ ਨੇ ਹੁਣ ਤੱਕ 177 ਮ੍ਰਿਤਕ ਡੈੱਡ ਬਾਡੀਆ ਨੂੰ ਭਾਰਤ ਭੇਜੀਆਂ ਹਨ ਤਾਂ ਜੋ ਉਨਾਂ ਦੇ ਪਰਿਵਾਰਾਂ ਵਾਲੇ ਆਖਰੀ ਸਮੇਂ ਉਹਨਾਂ ਦਾ ਮੂੰਹ ਦੇਖ ਸਕਣ ਤੇ ਉਨਾਂ ਦਾ ਅੰਤਿਮ ਸਸਕਾਰ ਭਾਰਤ ਵਿੱਚ ਕਰ ਸਕਣ । ਉਨਾਂ ਦੱਸਿਆ ਕਿ ਉਨਾਂ ਨੇ ਹੁਣ ਤੱਕ 253 ਗੈਰ- ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀਆਂ ਨੂੰ ਉਨਾਂ ਦੀ ਮਰਜੀ ਅਨੁਸਾਰ ਉਨਾਂ ਦੀ ਮਦਦ ਕਰਕੇ ਭਾਰਤ ਭੇਜਿਆ। ਇਸ ਮੌਕੇ ਸ: ਹਰਜੀਤ ਸਿੰਘ ਯੂ .ਐਸ .ਏ ਨੇ ਸਮੂੰਹ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੇ ਭੱਟੀ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਜੁਗਰਾਜ ਸਿੰਘ ਵੀ ਹਾਜ਼ਰ ਸਨ।

## ਔਰਤਾਂ ਦੀ ਵਿਆਹ ਲਈ ਘੱਟੋ-ਘੱਟ ਉਮਰ 'ਚ ਵਾਧਾ ਨਾ ਕਰਨ ਦੀ ਮੰਗ

**ਨਵੀਂ ਦਿੱਲੀ–** ਸੌ ਤੋਂ ਵੱਧ ਨਾਗਰਿਕ ਹਿੱਤਾਂ ਨਾਲ ਜੁੜੇ ਸੰਗਠਨਾਂ ਨੇ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਔਰਤਾਂ ਦੀ ਵਿਆਹ ਲਈ ਘੱਟੋ-ਘੱਟ ਉਮਰ ਵਿਚ ਵਾਧਾ ਨਾ ਕੀਤਾ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਨਾਲ ਮਾਵਾਂ ਤੇ ਬੱਚਿਆਂ ਦੀ ਸਿਹਤ ਸੁਧਾਰਨ ਦੇ ਪੱਖ ਤੋਂ ਕੋਈ ਬਹੁਤ ਲਾਭ ਨਹੀਂ ਮਿਲੇਗਾ। ਸਾਂਝੇ ਬਿਆਨ ਵਿਚ ਨਾਗਰਿਕ ਹੱਕਾਂ ਬਾਰੇ ਸੰਗਠਨਾਂ ਨੇ ਸਵਾਲ ਕੀਤਾ ਹੈ ਕਿ ਇਹ ਅਗਾਂਹਵਧੂ ਕਦਮ ਕਿਵੇਂ ਹੋ ਸਕਦਾ ਹੈ ਜਦ ਇਸ ਨਾਲ ਜ਼ਿਆਦਾਤਰ ਔਰਤਾਂ ਵਿਆਹੁਤਾ ਦੇ ਦਰਜੇ ਅਤੇ ਆਪਣੇ ਹੱਕਾਂ ਤੋਂ ਵਾਂਝੀਆਂ ਹੋ ਜਾਣਗੀਆਂ। ਉਨ੍ਹਾਂ ਅਸੁਰੱਖਿਆ ਕਾਰਨ ਜਲਦੀ ਵਿਆਹ ਕਰਵਾਉਣ ਵਾਲੀਆਂ, ਕੰਮਕਾਜੀ ਖੇਤਰ ਵਿਚ ਜਲਦੀ ਦਾਖ਼ਲ ਹੋਣ ਵਾਲੀਆਂ ਔਰਤਾਂ ਦੇ ਪੱਖ ਤੋਂ ਵੀ ਕਈ ਸਵਾਲ ਉਠਾਏ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਮਹਿਲਾਵਾਂ ਦੀ



ਵਿਆਹ ਦੀ ਉਮਰ ਮੁੜ ਤੋਂ ਤੈਅ ਕਰਨ ਬਾਰੇ ਸੋਚ ਰਹੀ ਹੈ। ਇਸ ਲਈ ਇਕ ਟਾਸਕ ਫੋਰਸ ਦਾ ਗਠਨ ਵੀ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦਾ ਜ਼ਿਕਰ ਆਪਣੇ ਆਜ਼ਾਦੀ ਦਿਵਸ ਮੌਕੇ ਦਿੱਤੇ ਭਾਸ਼ਣ ਵਿਚ ਵੀ ਕੀਤਾ ਹੈ। ਨਾਗਰਿਕ ਸੰਗਠਨਾਂ ਨੇ ਇਹ ਵੀ ਕਿਹਾ ਹੈ ਕਿ 'ਇਸ ਨਾਲ ਲਿੰਗ ਸਮਾਨਤਾ, ਔਰਤ ਦੇ ਹੱਕਾਂ ਜਾਂ ਲੜਕੀਆਂ ਨੂੰ ਸਵੈ-ਨਿਰਭਰ ਬਣਾਉਣ ਦੇ ਪੱਖਾਂ ਤੋਂ ਵੀ ਕੋਈ ਬਦਲਾਅ ਨਹੀਂ ਆਵੇਗਾ।' ਉਨ੍ਹਾਂ ਕਿਹਾ ਕਿ ਜੇ ਬਰਾਬਰੀ ਦੀ ਗੱਲ ਹੀ ਹੈ ਤਾਂ ਪੁਰਸ਼ਾਂ ਦੀ ਵਿਆਹ ਲਈ ਉਮਰ 18 ਸਾਲ ਕਰ ਦੇਣੀ ਚਾਹੀਦੀ ਹੈ ਜਿਵੇਂ ਕਿ ਸੰਸਾਰ ਦੇ ਬਹੁਤੇ ਹਿੱਸਿਆਂ ਵਿਚ ਹੈ। 2500 ਨੌਜਵਾਨਾਂ ਤੇ 100 ਸੰਗਠਨਾਂ ਨੇ ਬਿਆਨ ਵਿਚ ਕਿਹਾ ਹੈ ਕਿ ਉਮਰ ਵਧਣ ਨਾਲ ਛੋਟੀ ਉਮਰ ਵਿਚ ਵਿਆਹ ਰੁਕਣਗੇ ਨਹੀਂ ਬਲਕਿ ਇਸ ਤਰ੍ਹਾਂ ਦੇ ਗ਼ੈਰਕਾਨੂੰਨੀ ਮਾਮਲੇ ਵਧਣਗੇ।

## ਕੋਵਿਡ: ਭਾਰਤ ਵਿਚ ਰਿਕਵਰੀ ਦਰ ਵਧ ਕੇ 75.92 ਫ਼ੀਸਦੀ ਹੋਈ

**ਨਵੀਂ ਦਿੱਲੀ–** ਭਾਰਤ ਵਿਚ ਕਰੋਨਾਵ-ਾਇਰਸ ਦੇ ਨਵੇਂ 60,975 ਕੇਸ ਸਾਹਮਣੇ ਆਏ ਹਨ। ਮੁਲਕ ਵਿਚ ਹੁਣ ਤੱਕ ਕੁੱਲ 31,67,323 ਮਾਮਲੇ ਸਾਹਮਣੇ ਆ ਚੁੱਕੇ ਹਨ। ਤੰਦਰੁਸਤ ਹੋ ਚੁੱਕੇ ਮਰੀਜ਼ਾਂ ਦੀ ਗਿਣਤੀ ਵੀ ਚੌਵੀ ਲੱਖ (24,04,585) ਤੋਂ ਵਧ ਗਈ ਹੈ। ਇਸ ਤਰ੍ਹਾਂ ਰਿਕਵਰੀ ਦਰ 75.92 ਫ਼ੀਸਦ ਹੋ ਗਈ ਹੈ। ਸਿਹਤ ਮੰਤਰਾਲੇ ਮੁਤਾਬਕ ਪਿਛਲੇ ਚੌਵੀ ਘੰਟਿਆਂ ਵਿਚ 848 ਮੌਤਾਂ ਹੋਈਆਂ ਹਨ। ਇਸ ਤਰ੍ਹਾਂ ਮ੍ਰਿਤਕਾਂ ਦੀ ਕੁੱਲ ਗਿਣਤੀ ਵੀ 58,390 ਹੋ ਗਈ ਹੈ। ਕੋਵਿਡ ਕਾਰਨ ਮੌਤ ਦਰ ਇਸ ਵੇਲੇ 1.84 ਫ਼ੀਸਦ ਹੈ। ਕਰੋਨਾ ਦੇ ਐਕਟਿਵ ਕੇਸ 7,04,348 ਹਨ ਜੋ ਕਿ ਕੁੱਲ ਕੇਸਾਂ ਦਾ 22.24 ਫ਼ੀਸਦ ਹੈ। ਆਈ ਸੀ ਐਮ ਆਰ ਮੁਤਾਬਕ ਦੇਸ਼ ਵਿਚ 3,68,27,520 ਕੋਵਿਡ ਟੈਸਟ ਹੋ ਚੁੱਕੇ



ਹਨ। ਲੰਘੇ ਚੌਵੀ ਘੰਟਿਆਂ ਵਿਚ ਸਭ ਤੋਂ ਵੱਧ 212 ਮੌਤਾਂ ਮਹਾਰਾਸ਼ਟਰ ਵਿਚ ਹੋਈਆਂ ਹਨ। ਇਸ ਤੋਂ ਇਲਾਵਾ ਕਰਨਾਟਕ ਵਿਚ 127, ਤਾਮਿਲਨਾਡੂ ਵਿਚ 97, ਆਂਧਰਾ ਪ੍ਰਦੇਸ਼ ਵਿਚ 86, ਯੂਪੀ ਵਿਚ 61, ਪੱਛਮੀ ਬੰਗਾਲ ਵਿਚ 57, ਦਿੱਲੀ ਤੇ ਗੁਜਰਾਤ ਵਿਚ 13-13, ਰਾਜਸਥਾਨ ਵਿਚ 12, ਹਰਿਆਣਾ ਵਿਚ 10, ਜੰਮੂ ਕਸ਼ਮੀਰ ਤੇ ਉਤਰ-ਾਖੰਡ ਵਿਚ 7-7, ਬਿਹਾਰ ਵਿਚ 3 ਮੌਤਾਂ ਹੋਈਆਂ ਹਨ। ਮਹਾਰਾਸ਼ਟਰ ਵਿਚ ਹੁਣ ਤੱਕ ਕੋਵਿਡ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਤੇ ਸਭ ਤੋਂ ਵੱਧ ਮੌਤਾਂ ਹੋਈਆਂ ਹਨ।

ਤਾਮਿਲਨਾਡੂ, ਕਰਨਾਟਕ, ਦਿੱਲੀ, ਆਂਧਰਾ ਪ੍ਰਦੇਸ਼ ਤੇ ਯੂਪੀ ਵੀ ਕਾਫ਼ੀ ਪ੍ਰਭਾਵਿਤ ਹੋਏ ਹਨ।



ਹੱਸਦੇ-ਹੱਸਦੇ ਫਾਸੀ ਦੇ ਫੰਦੇ ਨੂੰ ਚੁੰਮਣ ਵਾਲੇ
ਮਹਾਨ ਆਜ਼ਾਦੀ ਘੁਲਾਟੀਏ, ਅਮਰ ਸ਼ਹੀਦ

# ਸ਼ਹੀਦ ਸ਼ਿਵਰਾਮ ਰਾਜਗੁਰੂ

ਦੇ ਜਨਮ ਦਿਨ ਮੌਕੇ
ਉਹਨਾਂ ਦੀ ਲਾਸਾਨੀ ਕੁਰਬਾਨੀ ਨੂੰ
ਕੋਟਿ-ਕੋਟਿ ਪ੍ਰਣਾਮ

24 ਅਗਸਤ 1908 – 23 ਮਾਰਚ 1931

ਅਦਾਰਾ 'ਦੇਸ਼ ਦੁਆਬਾ' ਹਫਤਾਵਾਰੀ


# SUNSHINE AUTO CARE INC.

DBA

# PHILLIPS AUTO CARE




## Auto Services:

- Oil Change Services
- Factory Scheduled Maintenance
- Transmission Repair / Replacement
- 4WD Repairs Clutch Replacement
- Power Door Lock & Windows Repairs
- Electrical / Battery Service & Repair
- Engine Diagnostic Service
- Air Conditioning Service & Repair
- Cooling System Service & Repair
- Major Engine Repair
- Brake Repairs
- And Much More...

## Trucks & Trailers Services:

- DPF Filter Cleaning
- Clutch
- Computer Check
- Transmission
- Differential
- New / Use Tires
- Inspections
- Oil changes
- Van/Reefer Work
- Wheel Balancing
- Truck & Trailer Repair
- All Major & Minor Repairs
- We Do Aluminium Welding

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)

Address: 1003 Moffat Blvd, Manteca CA 95336

11-12 ਜੂਨ 1926 ਨੂੰ ਯਾਦ ਕਰਦਿਆਂ

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੂੱਗੋਵਾਲੀਆ



ਡਾ. ਜੀ. ਸੀ. ਕੌਲ
91-94632-23223

**ਕਿਸ਼ਤ 12ਵੀਂ**

1935 ਦੇ ਗੌਰਮਿੰਟ ਆਫ਼ ਇੰਡੀਆ ਐਕਟ ਤਹਿਤ ਸਾਰੇ ਭਾਰਤੀ ਪ੍ਰਾਂਤਾਂ ਵਿਚ ਅਨੁਸੂਚਿਤ ਜਾਤੀਆਂ ਲਈ ਕੁੱਲ 151 ਸੀਟਾਂ ਰਾਖਵੀਆਂ ਕੀਤੀਆਂ ਗਈਆਂ ਸਨ। 1937 ਦੀ ਚੋਣ ਵਿਚ ਇਹਨਾਂ 151 ਸੀਟਾਂ ਵਿਚੋਂ, 1885 ਵਿਚ ਬਣੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 78 ਅਤੇ ਸਦੀਆਂ ਤੋਂ ਦੱਬੇ, ਦਰੜੇ, ਪਿਛਾੜੇ, ਲਿਤਾੜੇ ਅਤੇ ਦੋਹਰੀ ਗੁਲਾਮੀ ਦਾ ਸਾਹਮਣਾ ਕਰ ਰਹੇ ਆਪਣੇ ਅਧਿਕਾਰਾਂ ਪ੍ਰਤੀ ਅਚੇਤ, ਅਸੰਗਠਿਤ ਅਛੂਤਾਂ ਨੇ 73 ਸੀਟਾਂ ਪ੍ਰਾਪਤ ਕੀਤੀਆਂ। ਜਿਹਨਾਂ ਪ੍ਰਾਂਤਾਂ ਵਿਚ ਅਛੂਤ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਕੇ ਕੁਝ ਸਾਲਾਂ ਤੋਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਸਨ, ਉਥੋਂ ਭਾਰੀ ਗਿਣਤੀ ਵਿਚ ਇਹਨਾਂ ਦੇ ਨੁਮਾਇੰਦੇ ਆਪਣੇ-ਆਪਣੇ ਸੰਗਠਨਾਂ ਵੱਲੋਂ ਰਿਜ਼ਰਵ ਸੀਟਾਂ ਤੋਂ ਚੁਣੇ ਗਏ।

ਪੰਜਾਬ ਵਿਚ 1926 ਤੋਂ ਹੋਂਦ ਵਿਚ ਆਇਆ ਆਦਿ ਧਰਮ ਮੰਡਲ ਕੁੱਲ ਅੱਠ ਰਾਖਵੀਆਂ ਸੀਟਾਂ ਵਿਚੋਂ ਸੱਤ ਸੀਟਾਂ 'ਤੇ ਜੇਤੂ ਰਿਹਾ। ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਮਹਾਂਰ-ਾਸ਼ਟਰ ਵਿਚ ਡਾ. ਅੰਬੇਡਕਰ ਵੱਲੋਂ ਬਣਾਈ ਗਈ ਆਜ਼ਾਦ ਮਜ਼ਦੂਰ ਪਾਰਟੀ, ਬਾਬਾ ਸਾਹਿਬ ਵੱਲੋਂ ਚਲਾਏ ਗਏ ਸਮਾਜਿਕ ਅੰਦੋਲਨਾਂ ਸਦਕਾ 15 ਰਿਜ਼ਰਵ ਸੀਟਾਂ ਵਿਚੋਂ 11 ਅਤੇ ਦੋ ਜਨਰਲ ਸੀਟਾਂ ਵੀ ਜਿੱਤ ਗਈ। ਇਸੇ ਤਰ੍ਹਾਂ ਬੰਗਾਲ ਵਿਚ 30 ਵਿਚੋਂ 24 ਸੀਟਾਂ ਗੈਰ-ਕਾਂਗਰਸੀ ਨਮੋ ਸ਼ੂਦਰਾਂ ਨੇ ਅਤੇ ਮੱਧ ਪ੍ਰਾਂਤ (ਸੈਂਟਰਲ ਪ੍ਰੋਵਿੰਸ) ਵਿਚੋਂ 20 ਵਿਚੋਂ 13 ਸੀਟਾਂ 'ਤੇ ਆਦਿ ਧਰਮ ਪੰਜਾਬ ਮੰਤਰੀ ਮੰਡਲ ਵਿਚ ਸ਼ਾਮਲ ਗੈਰ ਕਾਂਗਰਸੀ ਅਛੂਤ ਸੰਗਠਨ ਨੇ ਜਿੱਤ ਪ੍ਰਾਪਤ ਕੀਤੀ।

1937 ਵਿਚ ਸਰ ਸਿਕੰਦਰ ਹਿਯਾਤ ਖਾਨ ਦੀ ਅਗਵਾਈ ਹੇਠ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣ ਗਈ। ਬਾਬੂ ਮੰਗੂ ਰਾਮ ਦੀ ਰਹਿਨੁਮਾਈ ਅਧੀਨ ਆਦਿ ਧਰਮ ਇਸ ਸਰਕਾਰ ਦੀ ਹਿਮਾਇਤ ਕਰ ਰਿਹਾ ਸੀ। ਇਸਦੇ ਸਿੱਟੇ ਵਜੋਂ ਲੁਧਿਆਣਾ ਅਤੇ ਫਿਰੋਜ਼ਪੁਰ ਦੇ ਰਾਖਵੇਂ ਪੇਂਡੂ ਹਲਕੇ ਤੋਂ ਜਿੱਤੇ ਸ੍ਰੀ ਗੋਪਾਲ ਸਿੰਘ ਖਾਲਸਾ ਸਰ ਸਿਕੰਦਰ ਹਿਯਾਤ ਖਾਨ ਦੀ ਸਰਕਾਰ ਵਿਚ ਮੁੱਖ ਪਾਰਲੀਮਾਨੀ ਸਕੱਤਰ ਵਜੋਂ ਨਿਯੁਕਤ ਕੀਤੇ ਗਏ। ਸ੍ਰੀ ਖਾਲਸਾ ਇਕ ਅਮੀਰ ਆਦਿ ਧਰਮੀ, ਕੱਪੜੇ ਦੇ ਵਿਉਪਾਰੀ ਸਨ, ਜੋ ਅਮਰੀਕਾ ਤੋਂ ਆਏ ਸਨ। ਉਹ ਵਰਤਮਾਨ ਫਤਿਹਗੜ੍ਹ ਸਾਹਿਬ (ਰਾਖਵਾਂ ਹਲਕਾ) ਤੋਂ ਸਾਬਕਾ ਐਮ. ਪੀ. ਅਤੇ ਸਾਬਕਾ ਭਾਰਤੀ ਰਾਜਦੂਤ ਸ੍ਰੀ ਹਰਿੰਦਰ ਸਿੰਘ ਖਾਲਸਾ ਦੇ ਪਿਤਾ ਜੀ ਸਨ। ਸ੍ਰੀ ਗੋਪਾਲ ਸਿੰਘ ਖਾਲਸਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਵੀ ਬਹੁਤ ਨੇੜੇ ਸਨ। 19 ਜੁਲਾਈ 1942 ਨੂੰ ਨਾਗਪੁਰ ਵਿਖੇ ਸ੍ਰੀ ਖਾਲਸਾ ਦੀ ਪ੍ਰਧਾਨਗੀ ਹੇਠ, ਸਮਤਾ ਸੈਨਿਕ ਦਲ ਦਾ ਇਕ ਵਿਸ਼ਾਲਸੰਮੇਲਨ ਆਯੋਜਿਤ ਕਰਕੇ, ਬਾਬਾ ਸਾਹਿਬ ਨੇ ਪੰਜਾਬੀਆਂ ਦਾ ਮਾਣ ਵਧਾਇਆ ਸੀ।

1940 ਵਿਚ ਸਰ ਸਿਕੰਦਰ ਹਿਯਾਤ ਖਾਨ ਵੱਲੋਂ ਬਾਬੂ ਮੰਗੂ ਰਾਮ ਨੂੰ ਜਲੰਧਰ ਜ਼ਿਲ੍ਹਾ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਸਰਕਾਰੇ-ਦਰਬਾਰੇ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੀ ਕੁਝ ਸੁਣਵਾਈ ਸ਼ੁਰੂ ਹੋ ਗਈ। ਪਰ 1900 ਦੇ ਇੰਤਕਾਲ ਇਰਾਜ਼ੀ ਐਕਟ ਨੂੰ ਰੱਦ ਕਰਕੇ ਮਕਾਨ ਬਣਾਉਣ ਲਈ ਜ਼ਮੀਨ ਖਰੀਦਣ ਦੀ ਸਭ ਤੋਂ ਮਹੱਤਵਪੂਰਨ ਮੰਗ ਜਿਉਂ ਦੀ ਤਿਉਂ ਬਰਕਰਾਰ ਸੀ। ਇਸ ਐਕਟ ਦੇ ਤਹਿਤ ਪੰਜਾਬ ਦੇ ਅਛੂਤਾਂ ਨੂੰ ਆਪਣਾ ਮਕਾਨ ਬਣਾਉਣ ਲਈ ਵੀ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ ਸੀ। ਆਦਿ ਧਰਮ ਮੰਡਲ ਨੇ 1952 ਵਿਚ ਲਾਰਡ ਲੋਥੀਅਨ ਕਮੇਟੀ ਨਾਲ ਲਾਹੌਰ ਵਿਖੇ, ਡਾ. ਅੰਬੇਡਕਰ ਦੀ ਮੌਜੂਦਗੀ ਦੌਰਾਨ ਹੋਈ ਮੀਟਿੰਗ ਵਿਚ ਵੀ ਅਛੂਤਾਂ ਵੱਲੋਂ ਜ਼ਮੀਨ ਖਰੀਦਣ ਦੇ ਅਧਿਕਾਰ ਦੀ ਮੰਗ ਵੀ ਰੱਖੀ ਸੀ। ਗੋਲਮੇਜ਼ ਕਾਨਫਰੰਸ ਵਿਚ ਡਾ. ਅੰਬੇਡਕਰ ਨੇ ਪੰਜਾਬ ਦੇ ਅਛੂਤਾਂ ਨਾਲ ਹੋ ਰਹੇ ਇਸ ਵਿਤਕਰੇ ਨੂੰ ਜ਼ੋਰਦਾਰ ਢੰਗ ਨਾਲ ਚੁੱਕਿਆ ਸੀ।

## ਪੰਜਾਬ ਦੇ ਅਛੂਤਾਂ ਨੂੰ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ: ਸਰ ਛੋਟੂ ਰਾਮ

ਪੰਜਾਬ ਵਿਚ ਲੋਕਾਂ ਦੁਆਰਾ ਚੁਣੀ ਹੋਈ ਯੂਨੀਅਨਿਸਟ ਪਾਰਟੀ ਦੀ ਸਰਕਾਰ ਵੀ ਅਨੁਸੂਚਿਤ ਜਾਤੀਆਂ ਦੀ ਇਸ ਹੱਕੀ ਮੰਗ ਪ੍ਰਤੀ ਗੰਭੀਰ ਨਹੀਂ ਸੀ। ਬਾਬੂ ਜੀ ਆਮ ਗੱਲਬਾਤ ਦੌਰਾਨ ਦੱਸਦੇ ਸਨ ਕਿ 1937 ਵਿਚ ਸਹੁੰ ਚੁੱਕ ਸਮਾਗਮ ਦੌਰਾਨ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਦੇ ਧਿਆਨ ਵਿਚ ਵੀ ਇਹ ਮਸਲਾ ਲਿਆਂਦਾ ਸੀ। 1939 ਵਿਚ ਕਰਤਾਰਪੁਰ ਵਿਖੇ ਪੰਜਾਬ ਦਾ ਸ਼ਕਤੀਸ਼ਾਲੀ ਵਿਕਾਸ ਮੰਤਰੀ ਸਰ ਛੋਟੂ ਰਾਮ, ਆਦਿ ਧਰਮ ਮੰਡਲ ਵੱਲੋਂ ਆਯੋਜਿਤ ਅਛੂਤਾਂ ਦੇ ਜਲਸੇ ਵਿਚ ਮੁੱਖ ਮਹਿਮਾਨ ਵਜੋਂ ਆਇਆ, ਤਾਂ ਆਦਿ ਧਰਮੀਆਂ ਨੇ ਉਸਦਾ ਨਿੱਘਾ ਸਵਾਗਤ ਕੀਤਾ। ਚਮੜੇ ਦੇ ਧੰਦੇ ਤੋਂ ਇਲਾਵਾ ਸਾਡੇ ਬਹੁਤੇ ਲੋਕ ਇਸ ਸਮੇਂ ਕੱਪੜਾ ਬੁਣਨ ਦਾ ਕੰਮ ਵੀ ਕਰਦੇ ਸਨ, ਸੋ ਨਵੀਆਂ ਦਰੀਆਂ ਅਤੇ ਚਾਰ ਤਹਿਆਂ ਵਾਲੀਆਂ ਨਵੀਆਂ ਚਾਦਰਾਂ ਦੀ ਵਿਛਾਈ ਕਰਕੇ ਖੂਬਸੂਰਤ ਢੰਗ ਨਾਲ ਪੰਡਾਲ ਨੂੰ ਸਜਾਇਆ ਗਿਆ। ਸ਼ਾਇਦ ਇਸ ਸ਼ਾਨੋ-ਸ਼ੌਕਤ ਨੂੰ ਦੇਖ ਕੇ ਉਹ ਸੜ-ਭੁੱਜ ਗਿਆ, ਹਾਲਾਂਕਿ ਇਹ ਸਾਰਾ ਪ੍ਰਪੰਚ ਉਸਦੇ ਸ਼ਾਨਦਾਰ ਸਵਾਗਤ ਵਜੋਂ ਰਚਿਆ ਗਿਆ ਸੀ। ਉਸਨੇ ਬਾਬੂ ਮੰਗੂ ਰਾਮ ਨੂੰ ਕਿਹਾ ਕਿ ਹੁਣ ਪੰਜਾਬ ਦੇ ਅਛੂਤ ਵੀ ਮਾਲਦਾਰ ਹੋ ਗਏ ਹਨ।

ਅਛੂਤਾਂ ਨੇ ਕਰਤਾਰਪੁਰ ਦੇ ਇਸ ਜਲਸੇ ਵਿਚ ਵੀ ਪੰਜਾਬ ਦੇ ਵਿਕਾਸ ਮੰਤਰੀ ਸਰ ਛੋਟੂ ਰਾਮ ਅੱਗੇ ਮਕਾਨ ਬਣਾਉਣ ਲਈ ਜ਼ਮੀਨ ਖਰੀਦਣ ਦੀ ਮੰਗ ਰੱਖੀ। ਉਸਨੇ ਅਛੂਤਾਂ ਦੀ ਇਸ ਜਾਇਜ਼ ਮੰਗ ਪ੍ਰਤੀ ਹਮਦਰਦੀ ਤਾਂ ਕੀ ਪ੍ਰਗਟਾਉਣੀ ਸੀ, ਸਗੋਂ ਉਹ ਉਥੇ ਹੀ ਭੜਕ ਪਿਆ। ਆਪੇ ਤੋਂ ਬਾਹਰ ਹੋਏ ਸਰ ਛੋਟੂ ਰਾਮ ਨੇ ਮੰਚ ਤੋਂ ਹੀ ਆਪਣੇ ਭਾਸ਼ਣ ਵਿਚ ਇਹ ਬਿਆਨ ਜਾਰੀ ਕਰ ਦਿੱਤਾ ਕਿ ਅਛੂਤਾਂ ਨੂੰ ਫਲਾਹ ਦੇ ਪੱਤੇ ਜਿੰਨੀ ਵੀ ਜ਼ਮੀਨ ਨਹੀਂ ਦਿੱਤੀ ਜਾ ਸਕਦੀ। ਸਰ ਛੋਟੂ ਰਾਮ ਝੱਜਰ (ਵਰਤਮਾਨ ਹਰਿਆਣਾ) ਦੇ ਜਨਰਲ ਪੇਂਡੂ ਹਲਕੇ ਤੋਂ ਜਿੱਤ ਕੇ ਪੰਜਾਬ ਦੇ ਵਿਕਾਸ ਮੰਤਰੀ ਬਣੇ ਸਨ। ਉਹ ਪੰਜਾਬ ਦੇ ਕਿਸਾਨਾਂ ਦੇ ਤਾਕਤਵਰ ਜਾਟ ਨੁਮਾਇੰਦੇ ਸਨ। ਉਸਨੇ ਬੜੀ ਸਖ਼ਤ ਤੇ ਸਪਸ਼ਟ ਚਿਤਾਵਨੀ ਵੀ ਦਿੱਤੀ ਕਿ ਜੇਕਰ ਕਿਸੇ ਸਰਕਾਰ ਨੇ ਇੰਤਕਾਲ ਇਰਾਜ਼ੀ ਐਕਟ ਨੂੰ ਛੂਹਣ ਦੀ ਵੀ ਕੋਸ਼ਿਸ਼ ਕੀਤੀ ਤਾਂ ਇਹ ਕਾਰਜ ਜ਼ਿਮੀਦਾਰਾਂ ਵਿਚ ਵਿਦਰੋਹ ਪੈਦਾ ਹੋਣ ਦਾ ਸੰਕੇਤ ਹੋਵੇਗਾ।

ਨਿਰਸੰਦੇਹ ਸਰ ਛੋਟੂ ਰਾਮ ਇਕ ਸਸ਼ਕਤ ਤੇ ਮਜ਼ਬੂਤ ਜਾਟ ਨੇਤਾ ਸੀ, ਪਰ ਇਸ ਦੇ ਨਾਲ ਹੀ ਉਹ ਅਛੂਤ ਵਿਰੋਧੀ ਵੀ ਸੀ। ਕਰਤਾਰਪੁਰ ਦੀ ਇਸ ਘਟਨਾ ਤੋਂ ਪਹਿਲਾਂ, 1932 ਵਿਚ ਅਛੂਤਾਂ ਨੂੰ ਚੋਣ ਅਧਿਕਾਰ ਦਿੱਤੇ ਜਾਣ ਲਈ ਬਰਤਾਨੀਆ ਸਰਕਾਰ ਵੱਲੋਂ ਨਿਯੁਕਤ ਕੀਤੀ ਗਈ ਲਾਰਡ ਲੋਥੀਅਨ ਕਮੇਟੀ ਦੀ ਲਾਹੌਰ ਵਿਖੇ ਹੋਈ ਮੀਟਿੰਗ ਵਿਚ ਵੀ ਉਸਨੇ ਅਛੂਤ-ਅਧਿਕਾਰਾਂ ਦਾ ਵਿਰੋਧ ਕੀਤਾ ਸੀ। ਉਹ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਉਸ 11 ਮੈਂਬਰੀ ਮਤ-ਅਧਿਕਾਰ ਕਮੇਟੀ ਦਾ ਮੈਂਬਰ ਸੀ, ਜਿਸਨੇ ਪੰਜਾਬ ਦੇ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰ, ਅਰਥਾਤ ਰਾਖਵੀਆਂ ਸੀਟਾਂ ਦਾ ਪ੍ਰਬੰਧ ਕਰਨ ਦੀ ਸਿਫਾਰਸ਼ ਕਰਨੀ ਸੀ। ਪਰ ਇਹਨਾਂ 11 ਮੈਂਬਰਾਂ ਵਿਚੋਂ ਜਿਹਨਾਂ 9 ਮੈਂਬਰਾਂ ਨੇ ਪੰਜਾਬ ਦੇ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰ ਦੇਣ ਦਾ ਵਿਰੋਧ ਕੀਤਾ, ਉਹਨਾਂ ਵਿਚ ਛੋਟੂ ਰਾਮ ਵੀ ਸੀ। ਲਾਰਡ ਲੋਥੀਅਨ ਕਮੇਟੀ ਦੇ 18 ਮੈਂਬਰ ਸਨ ਅਤੇ ਪ੍ਰਧਾਨ ਮੰਤਰੀ ਰੈਮਜ਼ੇ ਮੈਕਡੋਨਲ ਨੇ ਡਾ. ਅੰਬੇਡਕਰ ਨੂੰ ਭਾਰਤੀ ਅਛੂਤਾਂ ਦੇ ਇਕੋ-ਇਕ ਨੁਮਾਇੰਦੇ ਵਜੋਂ ਇਸ ਵਿਚ ਸ਼ਾਮਲ ਕੀਤਾ ਸੀ। ਪੰਜਾਬ ਸਟੇਟ ਦੀ ਮਤ-ਅਧਿਕਾਰ ਕਮੇਟੀ ਦੇ ਜਿਹਨਾਂ ਮੈਂਬਰਾਂ ਨੇ ਅਛੂਤ-ਅਧਿਕਾਰਾਂ ਦਾ ਵਿਰੋਧ ਕੀਤਾ, ਉਹਨਾਂ ਵੱਲੋਂ ਲੋਥੀਅਨ ਕਮੇਟੀ ਨੂੰ ਦਿੱਤੀ ਗਈ ਰਾਇ ਵਾਚਣਯੋਗ ਹੈ, ਜਿਸਦਾ ਜ਼ਿਕਰ ਡਾ. ਅੰਬੇਡਕਰ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਹੈ:-

(ੳ) ਸ੍ਰੀ ਨਜੀਰ ਹੁਸੈਨ, ਰਾਇ ਬਹਾਦੁਰ ਚੌਧਰੀ, ਛੋਟੂ ਰਾਮ, ਸ੍ਰੀ ਓਇਨ ਰਾਬਰਟ, ਕੇ. ਬੀ. ਮੁਹੰਮਦ ਹਿਯਾਤ, ਸ੍ਰੀ ਕੁਰੈਸ਼ੀ, ਸ੍ਰੀ ਚੈਟਰਜੀ, ਸਰਦਾਰ ਬੂਟਾ ਸਿੰਘ ਅਤੇ ਪੰਡਿਤ ਨਾਨਕ ਚੰਦ ਦੀ ਰਾਇ ਹੈ ਕਿ ਇਹ ਕਹਿਣਾ ਅਸੰਭਵ ਹੈ ਕਿ ਪੰਜਾਬ ਵਿਚ ਇਸ ਅਰਥ ਵਿਚ ਕੋਈ ਦਲਿਤ ਵਰਗ ਹੈ ਕਿ ਆਪਣੇ ਧਰਮ ਦੇ ਕਾਰਨ ਕਿਸੇ ਵਿਅਕਤੀ ਨੂੰ ਕੋਈ ਚੋਟ ਪਹੁੰ-ਚਦੀ ਹੋਵੇ। (ਡਾ. ਅੰਬੇਡਕਰ, ਲਿਖਤਾਂ ਅਤੇ ਭਾਸ਼ਣ, ਵਾਲਿਊਮ 5, ਪੰਨਾ 239)

ਇਸ ਤਰ੍ਹਾਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਸ੍ਰੀ ਛੋਟੂ ਰਾਮ, ਜਿਹਨਾਂ ਨੇ ਪੰਜਾਬ ਅਤੇ ਹਰਿਆਣਾ ਵਿਚ ਦੀਨਬੰਧੂ ਕਿਹਾ ਜਾਂਦਾ ਹੈ, ਗਰੀਬ ਅਤੇ ਲਿਤਾੜੇ ਹੋਏ ਅਛੂਤਾਂ ਦੇ ਕਿੰਨਾ ਕੁ ਹੱਕ ਵਿਚ ਸਨ? ਚੌਧਰੀ ਛੋਟੂ ਰਾਮ ਸਮੇਤ ਅਛੂਤ ਵਿਰੋਧੀ ਸਟੇਟ ਕਮੇਟੀ ਦੇ ਇਹਨਾਂ ਮੈਂਬਰਾਂ ਦਾ ਉਪਰੋਕਤ ਕਥਨ ਕਿੰਨਾ ਛਲ, ਕਪਟ ਅਤੇ ਬੇਈਮਾਨੀ ਨਾਲ ਭਰਿਆ ਪਿਆ ਹੈ। ਅਛੂਤਾਂ ਨਾਲ ਵਿਤਕਰਾ ਧਰਮ ਕਰਕੇ ਨਹੀਂ, ਉਹਨਾਂ ਦੀ ਜਾਤ ਕਰਕੇ ਹੁੰਦਾ ਸੀ ਅਤੇ ਅੱਜ ਵੀ ਹੋ ਰਿਹਾ ਹੈ। ਸਮੱਸਿਆ ਤਾਂ ਜਾਤੀ ਸਿਸਟਮ ਅਤੇ ਵਰਣ ਵਿਵਸਥਾ ਦੀ ਹੈ। ਪਰ ਅਛੂਤ ਵਿਰੋਧੀ ਇਹਨਾਂ ਮੈਂਬਰਾਂ ਨੇ ਲੋਥੀਅਨ ਕਮੇਟੀ ਨੂੰ ਪ੍ਰਸਤੁਤ ਆਪਣੀ ਰਾਇ ਰਾਹੀਂ ਸ਼ਾ-ਬਦਿਕ ਜਾਲ ਦੁਆਰਾ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ।

ਦਰਅਸਲ, ਯੂਨੀਅਨਿਸਟ ਪਾਰਟੀ ਇਕ ਜ਼ਿਮੀਂਦਾਰਾ ਪਾਰਟੀ ਸੀ। ਇਸ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਧਰਮਾਂ ਨਾਲ ਸਬੰਧਤ ਵੱਡੇ ਲੈਂਡਲਾਰਡ ਸ਼ਾਮਲ ਸਨ। ਵੱਡੇ ਜ਼ਿਮੀਂਦਾਰਾਂ, ਜਾਗੀਰਦਾਰਾਂ ਅਤੇ ਪੂੰਜੀਪਤੀਆਂ ਦੇ ਆਪਣੇ ਨਿੱਜੀ ਹਿੱਤ ਹੁੰਦੇ ਹਨ। ਕਾਮੇ, ਕਿਰਤੀ, ਕਿਸਾਨਾਂ ਤੋਂ ਬਿਨਾਂ ਉਹਨਾਂ ਦੀ ਸਵਾਰਥ-ਪੂਰਤੀ ਨਹੀਂ ਹੋ ਸਕਦੀ, ਇਸ ਲਈ ਇਹ ਲੋਕ ਸ਼ਬਦਾਂ ਦੇ ਭਰਮਜਾਲ ਵਿਚ ਫਸਾ ਕੇ ਆਪਣੀ ਚੌਧਰ ਤੇ ਸਰਦਾਰੀ ਹਮੇਸ਼ਾ ਕਾਇਮ ਰੱਖਦੇ ਹਨ, ਪਰ ਸੱਚ ਦੀ ਪਰਖ ਤਾਂ ਉਹਨਾਂ ਦੀ ਕਥਨੀ ਤੋਂ ਨਹੀਂ, ਬਲਕਿ ਐਕਸ਼ਨ, ਅਰਥਾਤ ਕਾਰਜਾਂ ਤੋਂ ਹੁੰਦੀ ਹੈ। ਸਰ ਛੋਟੂ ਰਾਮ ਵੀ ਅਜਿਹੇ ਵਿਅਕਤੀਆਂ ਵਿਚੋਂ ਹੀ ਸੀ। ਉਸਨੇ ਆਪਣੇ ਕਾਰਜਾਂ ਰਾਹੀਂ ਹੀ ਨਹੀਂ, ਸਗੋਂ ਕਥਨੀ ਰਾਹੀਂ ਵੀ ਪੰਜਾਬ ਦੇ ਅਛੂਤ-ਅਧਿਕਾਰਾਂ ਦਾ ਜ਼ਬਰਦਸਤ ਵਿਰੋਧ ਕੀਤਾ।

ਪੰਜਾਬ ਦੇ ਅਛੂਤ ਰਜੱਤਨਾਮਿਆਂ ਵਿਚ ਵਸਦੇ ਸਨ, ਅਰਥਾਤ ਉਹਨਾਂ ਦੇ ਮਕਾਨ ਦਾ ਮਲਬਾ ਹੀ ਉਹਨਾਂ ਦੀ ਮਲਕੀਅਤ ਹੁੰਦੀ ਸੀ, ਜਦਕਿ ਮਕਾਨ ਹੇਠਲੀ ਜ਼ਮੀਨ ਦੀ ਮਾਲਕੀ ਜ਼ਿਮੀਂਦਾਰ ਕੋਲ ਹੀ ਸੀ। ਇਹ ਇਕ ਤਰ੍ਹਾਂ ਅਛੂਤ ਦਾ ਸ਼ੋਸ਼ਣ ਹੋ ਰਿਹਾ ਸੀ, ਜੱਟ-ਜ਼ਿਮੀਂਦਾਰ ਜਦੋਂ ਚਾਹੁਣ, ਉਹਨਾਂ ਨੂੰ ਆਪਣੀ ਜ਼ਮੀਨ ਤੋ ਂਉਠਾ ਸਕੇਦ ਸਨ। ਪੰਜਾਬ ਦੇ ਦਲਿਤਾਂ ਦੀ ਇਹ ਮੰਗ ਸੀ ਕਿ ਉਨ੍ਹਾਂ ਨੂੰ ਆਪਣੇ ਰਹਿਣ ਲਈ, ਮਕਾਨ ਆਦਿ ਬਣਾਉਣ ਲਈ ਥੋੜ੍ਹੀ ਬਹੁਤ ਜ਼ਮੀਨ ਖਰੀਦਣ ਦਾ ਅਧਿ-ਕਾਰ ਦਿੱਤਾ ਜਾਵੇ, ਤਾਂ ਕਿ ਉਹਨਾਂ ਦੀ ਗੁਲਾਮ ਵਿਵਸਥਾ ਦਾ ਅੰਤ ਹੋ ਸਕੇ। **(ਚਲਦਾ)**

**FIRST M.L.As. OF AD-DHARMA MANDAL**

**in First Legislative Assembly of Punjab—1937 A.D.**




1937 First Lahore Assembly Picture
Picture Credit: Mr. C. L. Chumber

(From Left to Right)
1st Row Sitting : (Last Three)—Mr. Gopal Singh Khalsa, Seth Kishan Dass, Ch. Jugal Kishore.
6th Row Standing : Mr. Mula Singh (8th), Mr. Bhagat Hans Raj (9th), Master Harnam Dass (Last).
N.B. Mr. Matu Ram & Mr. Faquir Chand M.L.As. are not seen in this picture. (Courtesy : Seth Kishan Dass)

# ਨੰਗਲ ਕਲਾਂ ਦੇ ਸ਼ਹੀਦ ਅਤੇ ਦੇਸ਼ ਭਗਤ



ਮਾਸਟਰ ਕਰਨੈਲ ਸਿੰਘ
ਨੰਗਲ ਕਲਾਂ
91. 98556-67300

ਦੁਆਬੇ ਦਾ ਇਹ ਪ੍ਰਸਿੱਧ ਪਿੰਡ ਗਦਰੀ ਬਾਬਿਆਂ ਅਤੇ ਬੱਬਰ ਅਕਾਲੀਆਂ ਦੇ ਨਾਮ ਨਾਲ ਮਸ਼ਹੂਰ ਹੈ। ਨੰਗਲ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਗੜ੍ਹਸ਼ੰਕਰ, ਬਲਾਕ ਮਾਹਿਲਪੁਰ ਦਾ ਪਿੰਡ ਹੈ, ਜੋ ਕਿ ਹੁਸ਼ਿਆਰਪੁਰ ਤੋਂ 22 ਕਿਲੋਮੀਟਰ ਦੂਰ ਮਾਹਿਲਪੁਰ ਚੰਡੀਗੜ੍ਹ ਸੜਕ ਤੋਂ 6 ਕਿਲੋਮੀਟਰ ਪੱਛਮ ਵਿਚ ਫਗਵਾੜੇ ਜਾਣ ਵਾਲੀ ਸੜਕ ਤੋਂ 1 ਕਿਲੋਮੀਟਰ ਹਟਵਾਂ ਹੈ। ਇਸ ਨੂੰ ਜੱਟ ਬੈਂਸ ਬਰਾਦਰੀ ਵੱਲੋਂ ਵਸਾਇਆ ਗਿਆ। ਬਾਅਦ ਵਿੱਚ ਕਿਰਤੀ ਸਮਾਜ ਦੀਆਂ ਬਰਾਦਰੀਆਂ ਨਾਲ ਸਬੰਧਤ ਲੋਕ ਆ ਕੇ ਵੱਸ ਗਏ। ਪਿੰਡ ਵਿੱਚ ਲੁਹਾਰ, ਤਰਖਾਣ, ਪੰਡਤ, ਨਾਈ, ਆਦਿ-ਧਰਮੀ, ਜੁਲਾਹੇ, ਬਾਜ਼ੀਗਰ, ਬਾਲਮੀਕ ਆਦਿਕ ਬਰਾਦਰੀਆਂ ਵੱਸਦੀਆਂ ਹਨ। ਗਦਰੀ ਬਾਬਾ ਦਲੀਪ ਸਿੰਘ ਫਾਲ੍ਹਾ ਨੇ ਪਿੰਡ ਵਿੱਚ 1911 ਈ: ਵਿੱਚ ਲੜਕੀਆਂ ਦਾ ਮਿਡਲ ਸਕੂਲ ਖੋਲਿਆ ਜੋ ਕਿ ਬਾਅਦ ਵਿੱਚ ਲੜਕੀਆਂ ਦੇ ਹਾਈ ਸਕੂਲ ਵਿੱਚ ਅਪਗ੍ਰੇਡ ਹੋਇਆ। 1968 ਵਿੱਚ ਕੋ-ਐਜੂਕੇਸ਼ਨ ਹਾਈ ਸਕੂਲ ਬਣਿਆ। ਪਿੰਡ ਵਿੱਚ ਪ੍ਰਾਇਮਰੀ ਸਕੂਲ ਵੀ ਚੱਲ ਰਿਹਾ ਹੈ। ਪਿੰਡ ਵਿੱਚ ਸਕੂਲ ਹੋਣ ਕਰਕੇ ਇੱਥੇ ਦੇ ਬੱਚੇ ਅਤੇ ਬੱਚੀਆਂ ਕਾਫੀ ਤਾਦਾਦ ਵਿੱਚ ਪੜ੍ਹ ਗਏ। ਮਾਹਿਲਪੁਰ ਸਰਦਾਰ ਹਰਭਜਨ ਸਿੰਘ ਬੈਂਸ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਬਣਾਇਆ ਅਤੇ ਨੰਗਲ ਕਲਾਂ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਨੇ ਉੱਚ-ਵਿੱਦਿਆ ਪ੍ਰਾਪਤ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁੱਕਿਆ।

ਪਿੰਡ ਦੇ ਲੋਕਾਂ ਦਾ ਮੁੱਖ ਕੰਮ ਖੇਤੀਬਾੜੀ ਕਰਨਾ ਸੀ ਪਰ ਜ਼ਮੀਨਾਂ ਥੋੜ੍ਹੀਆਂ ਸਨ। ਇਸ ਕਰਕੇ ਨੌਜਵਾਨਾਂ ਦਾ ਰੁਝਾਨ ਨੌਕਰੀਆਂ ਵੱਲ ਅਤੇ ਬਾਹਰਲੇ ਮੁਲਕਾਂ ਨੂੰ ਜਾਣ ਵੱਲ ਹੋ ਗਿਆ। 1905 ਤੋਂ ਇੱਥੋਂ ਦੇ ਲੋਕ ਕਨੇਡਾ, ਅਮਰੀਕਾ ਅਤੇ ਇੰਗਲੈਂਡ ਆਦਿ ਜਾਣ ਲੱਗ ਪਏ। ਬਾਹਰਲੇ ਅਜ਼ਾਦ ਮੁਲਕਾਂ ਦੀ ਅਜ਼ਾਦ ਫਿਜ਼ਾ ਨੇ ਅਤੇ ਗੋਰੇ ਲੋਕਾਂ ਦੇ ਤਾਹਨਿਆਂ ਕਾਰਣ ਆਪਣੇ ਭਾਰਤ ਨੂੰ ਅੰਗਰੇਜਾਂ ਦੀ ਗੁਲਾਮੀ ਤੋਂ ਅਜ਼ਾਦ ਕਰਾਉਣ ਵਾਲੀ ਸੋਚ ਇਹਨਾਂ ਦੇ ਦਿਮਾਗ ਵਿੱਚ ਘਰ ਕਰ ਗਈ। ਵਾਪਿਸ ਆਪਣੇ ਪਿੰਡ ਆ ਕੇ ਕਈ ਲੋਕਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਖ਼ੂਨ ਡੋਲ੍ਹਵਾਂ ਹਿੱਸਾ ਪਾਇਆ। ਨੰਗਲ ਕਲਾਂ ਨੇ ਜਿੱਥੇ ਭਾਰਤ ਨੂੰ ਅਜ਼ਾਦੀ ਲਈ ਦੇਸ਼ ਭਗਤ ਦਿੱਤੇ, ਉੱਥੇ ਅਜ਼ਾਦ ਭਾਰਤ ਵਿੱਚ ਨਾਮਵਰ ਖਿਡਾਰੀ ਅਤੇ ਦਰਸ਼ਣ ਸਿੰਘ ਜੀ ਕੋਮਲ ਵਰਗੇ ਉੱਘੇ ਸੰਗੀਤ ਪ੍ਰੋਫੈਸਰ ਵੀ ਦਿੱਤੇ।

ਸ਼ਹੀਦ ਜਵੰਦ ਸਿੰਘ
ਗਦਰੀ ਬਾਬਾ ਦਲੀਪ ਸਿੰਘ ਫ਼ਾਹਲਾ
ਮਹਾਂ ਸਿੰਘ (ਜੇਲ੍ਹੀ ਸ਼ਹੀਦ)
ਗਿਆਨੀ ਵਤਨ ਸਿੰਘ
ਗਿਆਨੀ ਵਰਿਆਮ ਸਿੰਘ
ਬੇਅੰਤ ਸਿੰਘ ਜੈਲਦਾਰ
ਪ੍ਰੀਤਮ ਸਿੰਘ
ਉਜਾਗਰ ਸਿੰਘ ਸਪੁੱਤਰ ਪਰਤਾਪ ਸਿੰਘ
ਹਜ਼ਾਰਾ ਸਿੰਘ ਸ਼ਾਹ
ਜੈ ਸਿੰਘ
ਇੰਡੋ ਚਾਈਨਾ ਵਾਰ ਦੇ ਸ਼ਹੀਦ ਉਜਾਗਰ ਸਿੰਘ
ਸੰਗੀਤ ਪ੍ਰੋਫੈਸਰ ਦਰਸ਼ਣ ਸਿੰਘ ਜੀ ਕੋਮਲ
ਗਦਰੀ ਪੰਡਤ ਰਾਮ ਰੱਖਾ ਸਪੁੱਤਰ ਜਵਾਹਰ ਰਾਮ ਸਸੋਲੀ

**ਪੰਜਾਬੀ ਸੂਬੇ:**

ਜਸਵੀਰ ਸਿੰਘ
ਗੁਰਦੇਵ ਸਿੰਘ ਨਿਧੱੜਕ
ਪਾਠੀ ਊਧਮ ਸਿੰਘ
ਪਾਠੀ ਬਿੱਕਰ ਸਿੰਘ

**ਸਾਕਾ ਨੀਲਾ ਤਾਰਾ ਦੇ ਸ਼ਹੀਦ:**

ਪਾਠੀ ਜੋਗਿੰਦਰ ਸਿੰਘ ਸਾਬਕਾ ਸਰਪੰਚ
ਖੇਡ ਜਗਤ:
ਪੰਡਤ ਨਰਿੰਦਰ ਪਾਲ
ਚੈਨ ਸਿੰਘ
ਕੋਚ ਰਘੁਵੀਰ ਸਿੰਘ
ਜਰਨੈਲ ਸਿੰਘ
ਸਰਪੰਚ ਅਵਤਾਰ ਸਿੰਘ ਕੈਨੇਡੀਅਨ

## ਸ਼ਹੀਦ ਜਵੰਦ ਸਿੰਘ ਨੰਗਲ ਕਲਾਂ

ਸ਼ਹੀਦ ਜਵੰਦ ਸਿੰਘ ਦਾ ਜਨਮ 1892 ਈਸਵੀ ਨੂੰ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਪਿਤਾ ਦਾ ਨਾਮ ਨਰੈਣ ਸਿੰਘ ਬੈਂਸ ਅਤੇ ਮਾਤਾ ਦਾ ਨਾਮ ਗੁਜ਼ਰੀ ਸੀ। 1907 ਈਸਵੀ ਵਿੱਚ ਆਪਣੇ ਵੱਡੇ ਭਰਾ ਹੀਰਾ ਸਿੰਘ ਨਾਲ ਵੈਨਕੂਵਰ ਕਨੇਡਾ ਚਲਾ ਗਿਆ। ਇੱਥੇ ਹੀ ਲੱਕੜ ਦੀਆਂ ਆਰਾ ਮਿਲ੍ਹਾਂ ਤੇ ਕੰਮ ਕੀਤਾ। ਉਹਨੀਂ ਦਿਨੀਂ ਪੰਜਾਬ ਤੋਂ ਕਾਫੀ ਲੋਕ ਇੱਥੇ ਕੰਮ ਕਰਦੇ ਸਨ। ਉਹਨਾਂ ਸਭ ਨਾਲ ਇੱਥੋਂ ਦੀ ਗੋਰੀ ਸਰਕਾਰ ਅਤੇ ਸਥਾਨਕ ਮਜ਼ਦੂਰ ਨਸਲੀ ਵਿਤਕਰਾ ਕਰਦੇ ਸਨ। 1910 ਈਸਵੀ ਵਿੱਚ ਕਨੇਡਾ ਸਰਕਾਰ ਨੇ ਕਾਨੂੰਨ ਬਣਾ ਕੇ ਭਾਰਤ ਤੋਂ ਸਿੱਧੇ ਆਉਣ ਦੀ ਪਾਬੰਦੀ ਲਗਾ ਦਿੱਤੀ। 1913 ਈਸਵੀ ਵਿੱਚ ਅਮਰੀਕਾ ਵਿੱਚ ਅਸਟਰੀਆ ਦੀਆਂ ਆਰਾ ਮਿਲ੍ਹਾਂ ਤੇ ਭਾਰਤੀ ਮਜ਼ਦੂਰਾਂ ਦਾ ਇਕੱਠ ਹੋਇਆ ਅਤੇ ਲਾਲਾ ਹਰਦਿਆਲ ਦੀ ਅਗਵਾਈ ਵਿੱਚ ਗਦਰ ਪਾਰਟੀ ਦਾ ਗਠਨ ਹੋਇਆ। ਜਵੰਦ ਸਿੰਘ ਇਸਦੇ ਸਰਗਰਮ ਮੈਂਬਰ ਬਣ ਗਏ। ਪਹਿਲੇ ਸੰਸਾਰ ਯੁੱਧ ਸਮੇਂ ਬ੍ਰਿਟਿਸ਼ ਸਰਕਾਰ ਖਿਲਾਫ ਹਥਿਆਰਬੰਦ ਘੋਲ ਕਰਕੇ ਭਾਰਤ ਨੂੰ ਅਜ਼ਾਦ ਕਰਾਉਣ ਦਾ ਸੰਕਲਪ ਲਿਆ। 26 ਮਈ 1914 ਨੂੰ ਕਾਮਾਗਾਟਾ ਮਾਰੂ ਦੀ ਘਟਨਾ ਦਾ ਇਹਨਾਂ ਉੱਪਰ ਗਹਿਰਾ ਅਸਰ ਹੋਇਆ। 22 ਅਗਸਤ 1914 ਨੂੰ ਕਨੇਡਾ ਤੋਂ ਗਦਰੀਆਂ ਨਾਲ ਇੱਕ ਸਮੁੰਦਰੀ ਜਹਾਜ਼ ਮੈਕਸੀਕੋ ਮਾਰੂ ਭਾਰਤ ਲਈ ਰਵਾਨਾ ਹੋਇਆ। ਜਵੰਦ ਸਿੰਘ ਆਪਣੇ ਸਾਥੀਆਂ ਨਾਲ ਭਾਰਤ ਨੂੰ ਚੱਲ ਪਿਆ। ਉਦੇਸ਼ ਨੂੰ ਚੱਲੋ, ਦੇਸ਼ ਮਾਂਗਤਾ ਹੈ ਕੁਰਬਾਨੀਆਂ, ਕਾਹਨੂੰ ਪਰਦੇਸਾਂ ਵਿੱਚ





ਰੋਲਦੇ ਜਵਾਨੀਆਂ, ਦੇਸ਼ ਨੂੰ ਚੱਲੋ, ਦੇਸ਼ ਨੂੰ ਚੱਲੋ'' ਇਹ ਕਵਿਤਾ ਸਾਰਿਆਂ ਦੇ ਦਿਮਾਗ ਵਿੱਚ ਸੀ। ਆਪ ਜੀ ਨਾਲ 11 ਖਤਰਨਾਕ ਗਦਰੀ ਸਨ, ਜਿਹਨਾਂ ਵਿੱਚ ਬੀਰ ਸਿੰਘ ਬਾਹੋਵਾਲ, ਹਰੀ ਸਿੰਘ ਸੂੰਢ ਅਤੇ ਨੰਦ ਸਿੰਘ ਕੈਲੇ ਵਰਗੇ ਸਿਰਲੱਥ ਯੋਧੇ ਸਨ। ਹਾਂਗਕਾਂਗ ਤੋਂ 'ਨਾਮਸੰਗ' ਜਹਾਜ਼ ਰਾਹੀਂ 13 ਅਕਤੂਬਰ ਨੂੰ ਭਾਰਤ ਪਹੁੰਚੇ।

ਪੰਜਾਬ ਪਹੁੰਚ ਕੇ ਪਾਰਟੀ ਹਾਈਕਮਾਨ ਨੇ ਇਹਨਾਂ ਦੀ ਡਿਊਟੀ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਲਗਾਈ। ਇਹਨਾਂ ਨੇ ਜ਼ਿਲ੍ਹੇ ਵਿੱਚ ਅੰਗਰੇਜਾਂ ਦੇ ਮੁਖਬਰਾਂ ਨੂੰ ਸੋਧਣ ਦਾ ਫੈਸਲਾ ਕੀਤਾ। ਭਾਈ ਬੰਤਾ ਸਿੰਘ ਸੰਗਵਾਲ ਅਤੇ ਭਾਈ ਬੂਟਾ ਸਿੰਘ ਅਕਲਗੜ੍ਹ (ਲੁਧਿਆਣਾ) ਨੇ 25 ਅਪ੍ਰੈਲ 1915 ਨੂੰ ਪਿਆਰਾ ਸਿੰਘ ਲੰਗੇਰੀ ਨੂੰ ਫੜਾਉਣ ਵਾਲੇ ਚੰਦਾ ਸਿੰਘ ਨੰਗਲ ਕਲਾਂ ਨੂੰ ਉਸਦੇ ਘਰ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਆਖਿਆ ਕਿ ਆਹ ਲੈ ਆਪਣੀ ਜੈਲਦਾਰੀ। ਕਨੇਡਾ ਤੋਂ ਮਦਦ ਨਾਂ ਪਹੁੰਚਣ ਕਰਕੇ ਪਾਰਟੀ ਵਿੱਚ ਆਰਥਿਕ ਸੰਕਟ ਪੈ ਗਿਆ। ਸ਼ਾਹੂ ਲੋਕਾਂ ਦੇ ਘਰ ਸਿਆਸੀ ਡਾਕੇ ਮਾਰਨ ਦੀ ਵਿਉਂਤ ਬਣਾਈ ਗਈ। ਜਵੰਦ ਸਿੰਘ ਨੇ ਆਪਣੇ ਸਾਥੀ ਕਰਤਾਰ ਸਿੰਘ ਸਰਾਭਾ, ਵਰਿਆਮ ਸਿੰਘ, ਰਾਮ ਰੱਖਾ, ਬੀਰ ਸਿੰਘ ਬਾਹੋਵਾਲ ਨਾਲ ਅੰਮ੍ਰਿਤਸਰ ਦੇ ਚੱਬੇ ਪਿੰਡ ਦੇ ਸ਼ਾਹੂਕਾਰ ਦੇ ਘਰ ਡਾਕਾ ਮਾਰਿਆ ਅਤੇ 18000 ਹੱਥ ਲੱਗੇ, ਪਰ ਵਰਿਆਮ ਸਿੰਘ ਹੱਥ ਵਿੱਚਲੇ ਬੰਬ ਦੇ ਫਟਣ ਨਾਲ ਮਾਰਿਆ ਗਿਆ। ਆਮ ਲੋਕ ਇਕੱਠੇ ਹੋ ਗਏ ਅਤੇ ਇਸ ਹੱਥੋ-ਪਾਈ ਵਿੱਚ ਪਸਤੌਲ ਚਲਾਉਣੇ ਪਏ। ਬੀਰ ਸਿੰਘ ਬਾਹੋਵਾਲ ਅਤੇ ਰਾਮ ਰੱਖਾ ਜ਼ਖ਼ਮੀ ਹੋ ਗਏ। 25 ਮਈ 1915 ਨੂੰ ਕਪੂਰਥਲੇ ਵਿੱਚ ਗਦਰੀਆਂ ਦੀ ਮੀਟਿੰਗ ਵਿੱਚ ਅਸਲੇਖਾਨੇ ਤੇ ਹਮਲਾ ਕਰਨ ਦੀ ਯੋਜਨਾ ਬਣਾਈ ਗਈ, ਪਰ ਸਿਰੇ ਨਾਂ ਚੜ੍ਹ ਸਕੀ। 12 ਮਈ 1915 ਨੂੰ ਬੱਲੇ ਵਾਲੇ ਪੁਲ ਦੀ ਗਾਰਦ ਪਾਸੋਂ ਹਥਿਆਰ ਖੋਹਣ ਦੀ ਸਕੀਮ ਬਣਾਈ ਗਈ। ਜਵੰਦ ਸਿੰਘ ਆਪਣੇ ਸਾਥੀਆਂ ਨਾਲ ਸਰਕੰਡ ਵਿੱਚ ਸ਼ਹਿ ਲਾ ਕੇ ਬੈਠ ਗਿਆ। ਜਦੋਂ ਤੜਕਸਾਰ 4 ਵਜ਼ੇ ਗੱਡੀ ਲੰਘੀ ਤਾਂ ਉਸ ਖੜਾਕ ਵਿੱਚ ਜਵੰਦ ਸਿੰਘ ਅਤੇ ਬੰਤਾ ਸਿੰਘ ਸੰਗਵਾਲ ਨੇ ਗਾਰਦ ਉੱਪਰ ਹਮਲਾ ਕਰਕੇ 7 ਬੰਦੂਕਾਂ, ਗੋਲੀ ਸਿੱਕੇ ਸਮੇਤ ਫੌਜੀ ਵਰਦੀਆਂ ਖੋਹ ਲਈਆਂ। ਫੌਜੀ ਵਰਦੀਆਂ ਲੈਕੇ ਤਰਨਤਾਰਨ ਵੱਲ ਚੱਲ ਪਏ। ਸਾਰੀ ਰਾਤ ਸਾਥੀਆਂ ਨਾਲ ਤੁਰਦੇ ਰਹੇ। ਬਿਆਸ ਦਰਿਆ ਪਾਰ ਕਰਨ ਲੱਗੇ ਤਾਂ ਪਿੱਛੇ ਲੱਗੀ ਪੁਲੀਸ ਵੀ ਪਹੁੰਚ ਗਈ। ਜਲਦਬਾਜ਼ੀ ਵਿੱਚ ਬੇੜੀ ਵਿੱਚ ਸਵਾਰ ਹੋ ਗਏ। ਪਰ ਬਦਕਿਸਮਤੀ ਨਾਲ ਪੁਲੀਸ ਨੇ ਗੋਲੀ ਚਲਾ ਦਿੱਤੀ, ਜਿਸ ਨਾਲ ਮਲਾਹ ਮਾਰਿਆ ਗਿਆ।

ਦਰਿਆ ਪਾਰ ਕਰਕੇ ਜਵੰਦ ਸਿੰਘ ਭੁੱਖਣਭਾਣਾ, ਥੱਕਿਆ ਹੋਇਆ ਲੇਟ ਗਿਆ ਅਤੇ ਹਥਿਆਰ ਲੁਕਾ ਦਿੱਤੇ। ਕੋਲੋ ਪੁਲੀਸ ਲੰਘੀ ਪਰ ਇਹ ਬੇਖੌਫ ਪਿਆ ਰਿਹਾ। ਪੁਲੀਸ ਨੇ ਸੋਚਿਆ ਕਿ ਕੋਈ ਮੁਸਾਫਿਰ ਹੋਵੇਗਾ। ਬਚਦੇ ਬਚਾਉਂਦੇ ਅਖੀਰ ਦੁਆਬੇ ਪਹੁੰਚ ਗਏ। ਇਸ ਤਰਾਂ 36 ਘੰਟੇ ਲਗਾਤਾਰ ਜਵੰਦ ਸਿੰਘ ਨੇ ਆਪਣੇ ਸਾਥੀਆਂ ਨਾਲ ਭੁੱਖ ਅਤੇ ਬੇਅਰਾਮੀ ਦੀ ਅਵਸਥਾ ਵਿੱਚ ਪੁਲੀਸ ਨਾਲ ਮੁਕਾਬਲਾ ਕਰਕੇ ਇੱਕ ਮਿਸਾਲ ਕਾਇਮ ਕੀਤੀ। ਪਿੰਡ ਪਹੁੰਚ ਕੇ ਝੋਲੀਚੱਕਾਂ ਨੂੰ ਸੋਧਾ ਲਾਉਂਦੇ ਤੇ ਸਾਧਾਂ ਦੇ ਡੇਰਿਆਂ ਤੇ ਰਾਤਾਂ ਕੱਟਦੇ। ਬੀਬੀ ਗੁਲਾਬ ਕੌਰ ਪਿੰਡ ਵਿੱਚ ਭੇਸ ਵਟਾ ਕੇ ਚੂੜੀਆਂ ਆਦਿਕ ਵੇਚਦੀ ਅਤੇ ਪੁਲੀਸ ਦੀ ਸੂਹ ਰੱਖਦੀ ਅਤੇ ਖਤਰੇ ਤੋਂ ਅਗਾਊਂ ਸੁਚੇਤ ਕਰ ਦਿੰਦੀ। ਇਸ ਤਰਾਂ ਦੋ ਸਾਲ ਪੁਲੀਸ ਨੂੰ ਭਾਜੜਾਂ ਪਾਈ ਰੱਖੀਆਂ। ਸਰਕਾਰ ਨੇ ਜਵੰਦ ਸਿੰਘ ਨੂੰ ਫੜਾਉਣ ਵਾਲੇ ਨੂੰ 2000 ਰੁਪਇਆ ਨਗਦ ਅਤੇ ਮੁਰੱਬੇ ਦਾ ਇਨਾਮ ਰੱਖ ਦਿੱਤਾ। ਖੇਰੜ ਦੇ ਹਰਨਾਮ ਸਿੰਘ ਨੇ ਕਾਲੇਵਾਲ ਦੀ ਧਰਮਸ਼ਾਲਾ ਵਿੱਚੋਂ 28 ਮਾਰਚ 1917 ਨੂੰ ਗ੍ਰਿਫਤਾਰ ਕਰਵਾ ਦਿੱਤਾ। ਗ੍ਰਿਫਤਾਰੀ ਤੋਂ ਬਾਅਦ ਵੀ ਆਪ ਚੜ੍ਹਦੀ ਕਲਾ ਵਿੱਚ ਹੀ ਰਹੇ। ਸਰਕਾਰ ਨੇ ਸੈਂਟਰਲ ਜੇਲ੍ਹ ਲਾਹੌਰ ਵਿੱਚ ਗਦਰੀਆਂ ਉੱਪਰ ਚੱਲੇ ਅਖੀਰਲੇ ਮੁਕੱਦਮੇ (ਚੌਥਾ ਲਾਹੌਰ ਸਾਜਸ਼ ਕੇਸ) ਵਿੱਚ ਫੈਸਲਾ ਦਿੱਤਾ। 26 ਮਈ 1917 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਅਤੇ ਜਾਇਦਾਦ ਜਬਤ ਕਰਨ ਲਈ ਵੀ ਹੁਕਮ ਦਿੱਤੇ। ਅਖੀਰ ਇਸ ਗਦਰੀ ਯੋਧੇ ਨੂੰ 16 ਜੂਨ 1917 ਨੂੰ ਸ਼ਨਿਚਰਵਾਰ ਵਾਲੇ ਦਿਨ ਫਾਂਸੀ ਦੀ ਸਜ਼ਾ ਦਿੱਤੀ ਗਈ। ਇਹਨਾਂ ਦੀ ਯਾਦ ਵਿੱਚ 17 ਜੁਲਾਈ 2017 ਨੂੰ ਪਹਿਲੀ ਸ਼ਤਾਬਦੀ ਬੜੀ ਸ਼ਰਧਾ ਨਾਲ ਮਨਾਈ ਗਈ। ਇਹਨਾਂ ਦੀ ਫੋਟੋ ਸਿੱਖ ਅਜਾਇਬਘਰ ਦਰਬਾਰ ਸਾਹਿਬ ਵਿੱਚ 2020 ਵਿੱਚ ਸਥਾਪਿਤ ਕੀਤੀ ਗਈ।

## ਗਦਰੀ ਬਾਬਾ ਦਲੀਪ ਸਿੰਘ ਫ਼ਾਹਲਾਂ

ਬਾਬਾ ਦਲੀਪ ਸਿੰਘ ਦਾ ਜਨਮ 1881 ਦੇ ਲਗਭਗ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਵਿੱਚ ਹੋਇਆ। ਇਹਨਾਂ ਦੇ ਪਿਤਾ ਜੀ ਦਾ ਨਾਮ ਸੁੰਦਰ ਸਿੰਘ ਬੈਂਸ ਸੀ। ਆਪ 5 ਭੈਣ ਭਰਾ ਸਨ। ਆਪ ਦਾ ਵਿਆਹ ਜੱਸੋ ਮਜ਼ਾਰੇ ਦੀ ਲੜਕੀ ਹਰਨਾਮ ਕੌਰ ਨਾਲ ਹੋਇਆ। ਅਨਪੜ੍ਹ ਹੋਣ ਦੇ ਬਾਵਜੂਦ ਆਪ ਬੜੀ ਤੀਖਣ ਬੁੱਧੀ ਵਾਲੇ ਅਤੇ ਸਰੀਰਿਕ ਤੌਰ ਤੇ ਬਲਵਾਨ ਸਨ। ਕੱਦ ਕਾਠ ਵਧੀਆ ਹੋਣ ਕਰਕੇ ਆਪ ਦਾ ਨਾਮ ਫਾਲ੍ਹਾ ਪੈ ਗਿਆ। ਉਸ ਸਮੇਂ ਦੇ ਪੰਜਾਬ ਦੇ ਜੁਆਨਾਂ ਦਾ ਰੁਝਾਨ ਅੰਗਰੇਜਾਂ ਦੀ ਫੌਜ਼ ਵਿੱਚ ਭਰਤੀ ਹੋਣਾ ਜਾਂ ਫਿਰ ਸਿੰਘਾਪੁਰ ਰੰਗੂਨ ਰਾਹੀਂ ਬਾਹਰਲੇ ਮੁਲਕਾਂ ਅਮਰੀਕਾ, ਕਨੇਡਾ, ਇੰਗਲੈਂਡ ਨੂੰ ਜਾਣਾ ਸੀ। ਆਪ ਵੀ 1906 ਈਸਵੀ ਨੂੰ ਹਾਂਗਕਾਂਗ ਰਾਹੀਂ ਵੈਨਕੂਵਰ (ਕਨੇਡਾ) ਪਹੁੰਚ ਗਏ। ਕਨੇਡਾ ਪਹੁੰਚ ਕੇ ਪਹਿਲਾਂ ਗੱਡੀ ਦੀ ਲਾਈਨ ਵਿਛਾਉਣ ਦਾ ਕੰਮ ਕੀਤਾ ਤੇ ਫਿਰ ਆਰਾ ਮਿਲ੍ਹ ਤੇ ਕੰਮ ਕਰਨ ਲੱਗ ਪਏ। ਕੰਮ ਕਰਦੇ ਸਮੇਂ ਸਾਥੀ ਮਜ਼ਦੂਰਾਂ ਅਤੇ ਅੰਗਰੇਜ਼ ਮਜ਼ਦੂਰਾਂ ਨਾਲ ਰਹਿੰਦੇ ਹੋਏ ਸਮਾਜਿਕ ਸੋਝੀ ਆਈ ਅਤੇ ਇਸ ਸਿੱਟੇ ਤੇ ਪਹੁੰਚੇ ਕਿ ਸਾਡੀ ਗੁਲਾਮੀ ਦਾ ਮੁੱਖ ਕਾਰਣ ਅਨਪੜ੍ਹਤਾ, ਜਾਤੀਵਾਦ ਅਤੇ



ਬਾਬਾ ਦਲੀਪ ਸਿੰਘ ਫਾਹਲਾ

ਸਮਾਜਿਕ ਕੁਰੀਤੀਆਂ ਹਨ।1911 ਈਸਵੀ ਨੂੰ ਜਹਾਜ਼ ਰਾਹੀਂ ਕਨੇਡਾ ਦੀ ਧਰਤੀ ਤੋਂ ਵਾਪਿਸ ਭਾਰਤ ਨੂੰ ਰਵਾਨਾ ਹੋਏ। ਪਿੰਡ ਨੰਗਲ ਕਲਾਂ ਆ ਕੇ ਪਹਿਲਾਂ ਲੜਕੀਆਂ ਦਾ ਸਕੂਲ ਖੋਲਣ ਦਾ ਨਿਰਣਾ ਲਿਆ। ਇਸ ਮਕਸਦ ਲਈ ਪਟਵਾਰੀ ਦੀ ਮਦਦ ਨਾਲ ਆਪਣੀ ਜ਼ਮੀਨ ਦਾ ਵਟਾਂਦਰਾ ਕਰਕੇ ਸੜਕ ਉੱਪਰ ਲੈ ਆਂਦਾ। ਆਪਣੀ ਘਰਵਾਲੀ ਨੂੰ ਕਿਹਾ ਕਿ ਆਪਾਂ ਵਾਂਢੇ ਜਾਣਾ ਹੈ। ਗਹਿਣੇ ਆਦਿਕ ਪਾ ਲੈ। ਘਰ ਵਾਲੀ ਖੁਸ਼ੀ ਨਾਲ ਤਿਆਰ ਹੋਈ। ਜਿੱਥੇ ਸਕੂਲ ਬਣਾਉਣਾ ਸੀ, ਉੱਥੇ ਹੋਰ ਪਿੰਡ ਵਾਸੀ ਵੀ ਇੱਕਠੇ ਕੀਤੇ ਹੋਏ ਸਨ। ਉਸ ਥਾਂ ਤੇ ਜਦੋਂ ਹਰਨਾਮ ਕੌਰ ਨਾਲ ਆਏ ਤਦ ਹਰਨਾਮ ਕੌਰ ਅੱਗੇ ਆਪਣਾ ਪੱਲਾ ਫੈਲਾ ਕੇ ਆਖਿਆ ਕਿ ਮੈਂ ਇਸ ਜਗ੍ਹਾ ਲੜਕੀਆਂ ਦਾ ਸਕੂਲ ਬਣਾਉਣਾ ਚਾਹੁੰਦਾ ਹਾਂ। ਕ੍ਰਿਪਾ ਕਰਕੇ ਮੈਨੂੰ ਆਪਣੇ ਸਾਰੇ ਗਹਿਣੇ ਸਕੂਲ ਬਣਾਉਣ ਲਈ ਦਾਨ ਕਰ ਦੇ। ਤਦ ਹਰਨਾਮ ਕੌਰ ਨੇ ਖੁਸ਼ੀ ਨਾਲ ਸਾਰੇ ਗਹਿਣੇ ਦੇ ਦਿੱਤੇ। ਬਾਕੀ ਪਿੰਡ ਦੇ ਲੋਕਾਂ ਨੇ ਵੀ ਸਰਦਾ ਬਣਦਾ ਦਾਨ ਦਿੱਤਾ। ਇਸ ਤਰਾਂ ਇਹ ਸਾਰੇ ਇਲਾਕੇ ਵਿੱਚ ਪਹਿਲਾ ਲੜਕੀਆਂ ਦਾ ਸਕੂਲ ਬਣਿਆ ਜਿਹੜਾ ਕਿ ਹੁਣ ਕੋ-ਐਜੂਕੇਸ਼ਨ ਹਾਈ ਸਕੂਲ ਨੰਗਲ ਕਲਾਂ ਦੇ ਨਾਮ ਨਾਲ ਚੱਲ ਰਿਹਾ ਹੈ। ਇਸ ਤਰਾਂ ਆਸ ਪਾਸ ਦੇ ਪਿੰਡਾਂ ਦੀਆਂ ਲੜਕੀਆਂ ਇੱਥੇ ਪੜ੍ਹਨ ਆਉਂਦੀਆਂ ਸਨ। ਇਸ ਤਰਾਂ ਇਲਾਕੇ ਵਿੱਚ ਵਿੱਦਿਆ ਦਾ ਪਸਾਰ ਹੋਇਆ, ਜਿਸ ਨਾਲ ਕਿ ਅੱਗੇ ਜਾ ਕੇ ਪਿੰਡ ਦੀ ਤਰੱਕੀ ਦਾ ਰਾਹ ਖੁੱਲ ਗਿਆ। ਪਿੰਡ ਦੀ ਧਰਮਸ਼ਾਲਾ ਤੇ ਲੁੱਕ ਨਾਲ ਲਿਖਿਆ 'ਲੜਕੀਆਂ ਨੂੰ ਪੜ੍ਹਾਉ' ਕਾਫੀ ਦੇਰ ਤੱਕ ਦਿੱਸਦਾ ਰਿਹਾ।

ਪਿੰਡ ਵਿੱਚ ਦਾ ਸਕੂਲ ਦਾ ਕੰਮ ਸਰਕਾਰੀ ਹੱਥਾਂ ਵਿੱਚ ਸੌਂਪ ਕੇ ਆਪ ਫਿਰ ਕਨੇਡਾ ਚਲੇ ਗਏ। 1913 ਨੂੰ ਬਣੀ ਗਦਰ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ। ਕਨੇਡਾ ਦੇ ਗੁਰਦੁਆਰੇ ਵਿੱਚ 5 ਸਤੰਬਰ 1914 ਨੂੰ ਬੇਲਾ ਸਿੰਘ ਜਿਆਣ ਨੇ ਗੁਰਦੁਆਰੇ ਵਿੱਚ ਤਾਰਾ ਸਿੰਘ ਅਤੇ ਬਦਨ ਸਿੰਘ ਤੇ ਗੋਲੀ ਚਲਾ ਦਿੱਤੀ ਅਤੇ ਸ਼ਹੀਦ ਕਰ ਦਿੱਤੇ ਅਤੇ ਇੱਕ ਗੋਲੀ ਦਲੀਪ ਸਿੰਘ ਦੇ ਲੱਗੀ ਪਰ ਬਚਾਅ ਹੋ ਗਿਆ। 1916 ਨੂੰ ਕਨੇਡਾ ਤੋਂ ਬਾਬਾ ਦਲੀਪ ਸਿੰਘ ਫਾਹਲਾ ਅਮਰੀਕਾ ਪਹੁੰਚ ਗਏ। ਪਹਿਲੇ ਸੰਸਾਰ ਯੁੱਧ ਵਿੱਚ ਗਦਰ ਪਾਰਟੀ ਦਾ ਰੁੱਖ ਅੰਗਰੇਜਾਂ ਦੇ ਖਿਲਾਫ ਸੀ ਅਤੇ ਫੌਜੀਆਂ ਨੂੰ ਅੰਗਰੇਜਾਂ ਦੀ ਮਦਦ ਨਾ ਕਰਨ ਦੀ ਸਲਾਹ ਦਿੱਤੀ। ਲਾਰਡ ਹਾਰਪਿਕਨਸ ਵਿਸ਼ੇਸ਼ ਤੌਰ ਤੇ ਗਦਰ ਪਾਰਟੀ ਦੀ ਸੂਹ ਰੱਖਦਾ ਸੀ। 6 ਅਪ੍ਰੈਲ 19146 ਨੂੰ ਅਮਰੀਕਾ ਸਰਕਾਰ ਨੇ ਗਦਰ ਪਾਰਟੀ ਦੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਾਰਟੀ ਦਫਤਰ ਯੁਗੰਤੋ ਆਸ਼ਰਮ ਤੋਂ ਫੁੱਟ ਦਾ ਸ਼ਿਕਾਰ ਹੋ ਗਿਆ। ਇਸ ਔਖੇ ਸਮੇਂ ਆਪ ਨੇ ਪਾਰਟੀ ਦੀ ਪ੍ਰਧਾਨਤਾ ਕੀਤੀ ਅਤੇ ਪਾਰਟੀ ਨੂੰ ਨਵੇਂ ਸਿਰਿਓਂ ਲਾਮਬੰਦ ਕੀਤਾ। ਗਦਰ ਪਾਰਟੀ ਦੇ ਭਵਿੱਖ ਦੀ ਰਣਨੀਤੀ ਕਿਹੋ ਜਿਹੀ ਹੋਵੇ, ਇਸ ਲਈ ਰੂਸ ਦੀ ਕਾਮਿਊਨਿਸਟ ਪਾਰਟੀ ਨੂੰ ਜਾਨਣ ਲਈ ਰਤਨ ਸਿੰਘ, ਸੰਤੋਖ ਸਿੰਘ ਮਾਸਕੋ ਨੂੰ ਚਲੇ ਗਏ। ਵਾਪਸੀ ਤੇ ਉਹਨਾਂ ਨੇ ਗਦਰ ਪਾਰਟੀ ਨੂੰ ਨਵੀਂ ਲੀਹ ਦਿੱਤੀ। ਇਸ ਤਰਾਂ ਗਦਰ ਪਾਰਟੀ ਨੇ ਮਾਰਕਸਵਾਦ ਦੀ ਸੋਚ ਅਪਣਾ ਲਈ। 1925 ਤੋਂ ਪਹਿਲਾਂ ਗਦਰ ਪਾਰਟੀ ਦੇ ਕਾਫੀ ਵਰਕਰ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਜਾ ਚੁੱਕੇ ਸਨ, ਜਿਨ੍ਹਾਂ ਵਿੱਚ ਕਰਤਾਰ ਸਿੰਘ ਸਰਾਭਾ, ਜਵੰਦ ਸਿੰਘ, ਬੀਰ ਸਿੰਘ, ਨੰਦ ਸਿੰਘ ਕੈਲੇ ਵਰਗੇ ਸੂਰਮੇ ਸਨ। ਇਹਨਾਂ ਵਿੱਚੋਂ ਬਹੁਤੇ ਫੜੇ ਗਏ ਅਤੇ ਭਾਰਤ ਵਿੱਚ ਫਾਂਸੀ ਦਿੱਤੇ ਗਏ। ਯੁਗੰਤੋ ਆਸ਼ਰਮ ਵਿੱਚੋਂ ਨਿਕਲਦੀ ਅਖਬਾਰ, ਸਿੰਘਾਪੁਰ, ਰੰਗੂਨ ਆਦਿਕ ਤੋਂ ਹੁੰਦੀ ਹੋਈ ਪੰਜਾਬ ਪਹੁੰਚਦੀ। ਪੰਜਾਬ ਵਿੱਚ ਇਸਨੂੰ ਉੜਦਾ ਪਰੈਸ ਰਾਹੀਂ ਅੱਗੋਂ ਸਾਈਕਲੋਸਟਾਇਲ ਕਰਕੇ ਵੰਡਿਆ ਜਾਂਦਾ। ਲਾਲਾ ਹਰਦਿਆਲ ਨੇ ਪਹਿਲਾ ਅਖਬਾਰ 1913 ਵਿੱਚ ਛਾਪਣਾ ਸ਼ੁਰੂ ਕੀਤਾ ਸੀ। ਬਾਅਦ ਵਿੱਚ ਮੰਗੂ ਰਾਮ ਵਰਗੇ ਅਨੇਕਾਂ ਯੋਧੇ ਗਦਰ ਪਾਰਟੀ ਨਾਲ ਜੁੜ ਗਏ। ਬਾਬਾ ਜੁਆਲਾ ਸਿੰਘ, ਜਿਸ ਦਾ ਆਲੂਆਂ ਦਾ ਫਾਰਮ ਸੀ, ਨੇ ਸਾਥੀਆਂ ਨਾਲ ਮਿਲ ਕੇ ਸਟਾਕਟਨ ਵਿੱਚ ਗੁਰਦੁਆਰਾ ਬਣਾਇਆ ਜੋ ਕਿ ਸਿਆਸੀ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਚੀਨ ਵਿੱਚ ਅਜ਼ਾਦੀ ਦਾ ਘੋਲ ਚੱਲ ਰਿਹਾ ਸੀ। ਇਸ ਨੂੰ ਦਬਾਉਣ ਲਈ ਬਰਤਾਨੀਆ ਫੌਜ਼ ਵਿੱਚ ਭਰਤੀ ਹੋਏ ਸਿੱਖ ਪੰਜਾਬੀਆਂ ਨੂੰ ਵਰਤਿਆ ਗਿਆ। ਜਿਸਦਾ ਗਦਰ ਪਾਰਟੀ ਨੇ ਵਿਰੋਧ ਕੀਤਾ। 1926 ਤੋਂ 1928 ਤੱਕ ਦਲੀਪ ਸਿੰਘ ਫਾਹਲਾ ਨੂੰ ਗਦਰ ਪਾਰਟੀ ਦੀ ਪ੍ਰਧਾਨਤਾ ਦਿੱਤੀ, ਜੋ ਕਿ ਆਪ ਨੇ ਬੜੀ ਸੂਝਬੂਝ ਨਾਲ ਨਿਭਾਈ। ਚੀਨ ਦੇ ਹਾਂਕੋ ਸ਼ਹਿਰ ਤੋਂ (ਦੋ ਹਫਤਾਵਾਰ) ਅਖਬਾਰ ਕੱਢਿਆ ਗਿਆ। 1927 ਵਿੱਚ ਜਲੰਧਰ ਦੇ ਦੇਸ਼ ਸੇਵਕ ਅਖਬਾਰ ਰਾਹੀਂ ਸ਼੍ਰੋਮਣੀ ਅਕਾਲੀ ਦਲ ਨੂੰ ਬੇਨਤੀ ਕੀਤੀ ਕਿ ਚੀਨ ਵਿੱਚ ਚੱਲ ਰਹੇ ਅਜ਼ਾਦੀ ਦੇ ਸੰਗਰਾਮ ਵਿੱਚ ਸਿੱਖ ਫੌਜੀ ਚੀਨ ਦੀ ਮਦਦ ਕਰਨ। 1929 ਵਿੱਚ ਤੇਜਾ ਸਿੰਘ ਸੁਤੰਤਰ ਕੈਲੀਫੋਰਨੀਆ ਪਹੁੰਚੇ। ਇੱਥੇ ਬਾਬਾ ਦਲੀਪ ਸਿੰਘ ਨਾਲ ਉਹਨਾਂ ਦੀ ਗੂੜ੍ਹੀ ਦੋਸਤੀ ਬਣ ਗਈ। 1931 ਵਿੱਚ ਗਦਰ ਪਾਰਟੀ ਦੀ ਮੀਟਿੰਗ ਸੱਦੀ ਗਈ, ਜਿਸ ਵਿੱਚ ਦਲੀਪ ਸਿੰਘ ਨੇ ਬੜਾ ਜੋਸ਼ੀਲਾ ਭਾਸ਼ਣ ਦਿੱਤਾ। ਬਾਬਾ ਦਲੀਪ ਸਿੰਘ ਫਾਹਲੇ ਨੇ ਅਮਰੀਕਾ ਵਿੱਚ ਰਹਿੰਦੇ ਭਾਰਤੀ ਟਾਊਟਾਂ ਨੂੰ ਸੋਧਣ ਦਾ ਫੈਸਲਾ ਕੀਤਾ। ਡਾਕਟਰ ਭਾਗ ਸਿੰਘ ਨੇ ਤੇਜਾ ਸਿੰਘ ਸੁਤੰਤਰ ਨੂੰ ਕਿਹਾ ਕਿ ਦਲੀਪ ਸਿੰਘ ਹੀ ਇਹਨਾਂ ਨੂੰ ਸੋਧ ਸਕਦਾ ਹੈ। ਇਸ ਤਰਾਂ 25 ਤੋਂ ਵੱਧ ਟਾਊਟਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਕੰਨੋ-ਕੰਨ ਖਬਰ ਵੀ ਨਹੀਂ ਹੋਣ ਦਿੱਤੀ। ਦਲੀਪ ਸਿੰਘ 1938 ਵਿੱਚ ਦੁਬਾਰਾ ਭਾਰਤ ਆ ਗਏ। ਇੱਥੇ ਆਕੇ ਸਕੂਲ ਦੀ ਇਮਾਰਤ ਨੂੰ ਠੀਕ ਕਰਵਾਇਆ। ਦੂਸਰੇ ਸੰਸਾਰ ਯੁੱਧ ਸਮੇਂ ਫੌਜ਼ ਨੂੰ ਕਮਿਊਨਿਸਟਾਂ ਵਿਰੁੱਧ ਨਾਂ ਲੜਣ ਲਈ ਆਖਿਆ ਗਿਆ, ਜਿਸ ਤੇ ਬਹੁਤ ਸਾਰੇ ਲੀਡਰਾਂ ਨਾਲ ਆਪ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਮਿੰਟਗੁਮਰੀ ਜੇਲ੍ਹ ਵਿੱਚ ਕੁੱਝ ਸਮਾਂ ਰੱਖ ਕੇ ਇਹਨਾਂ ਨੂੰ ਪਿੰਡ ਵਿੱਚ ਹੀ ਜੂਹ ਬੰਦ ਕਰ ਦਿੱਤਾ ਅਤੇ ਇੱਕ ਸਿਪਾਹੀ ਇਹਨਾਂ ਦੀ ਨਿਗਰਾਨੀ ਕਰਨ ਲਈ ਛੱਡ ਦਿੱਤਾ। ਪਿੰਡ ਰਹਿ ਕੇ ਦਲੀਪ ਸਿੰਘ ਨੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਤੇਜਾ ਸਿੰਘ ਸੁਤੰਤਰ ਵੀ ਅੰਡਰਗ੍ਰਾਊਂਡ ਹੋ ਗਿਆ। ਕਦੀ ਕਦੀ ਚੋਰੀ ਛਿੱਪੇ ਤੇਜਾ ਸਿੰਘ ਸੁਤੰਤਰ ਇਹਨਾਂ ਨੂੰ ਮਿਲਣ ਲਈ ਪਿੰਡ ਆਉਂਦਾ ਰਿਹਾ। ਡਾਕਟਰ ਭਾਗ ਸਿੰਘ, ਅਰਜਣ ਸਿੰਘ ਸੱਚ ਅਤੇ ਜੋਗਿੰਦਰ ਸਿੰਘ ਆਦਿਕ ਪਿੰਡ ਆਕੇ ਸਿਆਸੀ ਸਲਾਹਾਂ ਕਰਦੇ ਅਤੇ ਉਹਨਾਂ ਦੀ ਸਲਾਹ ਮੰਨਦੇ। ਪਿੰਡ ਵਿੱਚ ਸਮਾਜ ਸੁਧਾਰ ਲਹਿਰ ਚਲਾਈ। ਵਿਆਹਾਂ ਸ਼ਾਦੀਆਂ ਤੇ ਖਰਚ ਘੱਟ ਕਰਨ ਲਈ ਆਖਦੇ, ਆਦਿ-ਧਰਮੀਆਂ ਦੇ ਘਰਾਂ ਵਿੱਚ ਜਾ ਕੇ ਲੜਕੀਆਂ ਨੂੰ ਸਕੂਲ ਭੇਜਣ ਲਈ ਆਖਦੇ, ਲੜਕਿਆਂ ਨੂੰ ਵੀ ਪੜ੍ਹਾਈ ਲਈ ਪ੍ਰੇਰਦੇ, ਮਾਹਿਲਪੁਰ ਕਾਲਜ ਨੇੜੇ ਹੋਣ ਕਾਰਣ ਬਹੁਤੇ ਵਿਦਿਆਰਥੀ ਕਾਲਜ ਪੜ੍ਹਨ ਲੱਗ ਪਏ। ਘਰਾਂ ਵਿੱਚ ਜਾਕੇ ਆਖਦੇ ਕਿ ਤੁਸੀਂ ਜ਼ਮੀਨਾਂ ਖਰੀਦ ਕੇ ਚੰਗੇ ਘਰ ਬਣਾਉ। ਇਸ ਤਰਾਂ ਜੋਗਿੰਦਰ ਸਿੰਘ ਆਦਿਧਰਮੀ ਨੂੰ ਇੰਗਲੈਂਡ ਭੇਜਿਆ ਅਤੇ ਉਸ ਨੂੰ ਕਿਹਾ ਕਿ ਵੱਧ ਤੋਂ ਵੱਧ ਪਿੰਡੋਂ ਗਏ ਹੋਏ ਬੰਦਿਆਂ ਨੂੰ ਆਪਣੇ ਪਾਸ ਰੱਖ ਕੇ ਕੰਮ ਤੇ ਲਗਵਾ ਕੇ ਅੱਗੇ ਤੋਰਨਾ। ਇਸ ਤਰਾਂ ਕੋਲਧਰ ਪਰਿਵਾਰ ਆਪ ਜੀ ਦੇ ਕਾਫੀ ਨਜ਼ਦੀਕ ਹੋ ਕੇ ਸੇਵਾ ਕਰਨ ਲੱਗਾ। ਅਖੀਰਲੇ ਸਮੇਂ ਵੀ ਕੌਲਧਰ ਪਰਵਿਾਰ ਦੇ ਸਰਬਣ ਸਿੰਘ ਅਤੇ ਹਰਬੰਸ ਸਿੰਘ ਹੀ ਇਹਨਾਂ ਦੇ ਪਾਸ ਸਨ। 1961 ਵਿੱਚ ਇਹ ਮਹਾਨ ਗਦਰੀ ਦੇਸ਼ ਨੂੰ ਇੰਨਕਲਾਬ ਦੇ ਕੇ ਸਦਾ ਲਈ ਸੌਂ

**(ਬਾਕੀ ਅਗਲੇ ਸਫੇ 'ਤੇ)**

# ਨੰਗਲ ਕਲਾਂ ਦੇ ਸ਼ਹੀਦ ਅਤੇ ਦੇਸ਼ ਭਗਤ

(ਸਫਾ 14 ਦੀ ਬਾਕੀ)

ਗਿਆ। ਇਹਨਾਂ ਦੀ ਯਾਦ ਵਿੱਚ ਜੋਗਿੰਦਰ ਸਿੰਘ ਨੇ ਪਿੰਡ ਵਿੱਚ ਪਹਿਲਾ ਗੇਟ 1966 ਵਿੱਚ ਬਣਵਾਇਆ। ਪਿੰਡ ਵਿੱਚ ਕਾਨਫਰੰਸ ਕਰਵਾਈ ਗਈ, ਜਿਸ ਵਿੱਚ ਤੇਜਾ ਸਿੰਘ ਸੁਤੰਤਰ ਜੋ ਕਿ ਉਸ ਸਮੇਂ ਂ.ਫ. ਸਨ, ਆਪਣੇ ਕਾਮਿਊਨਿਸਟ ਲੀਡਰਾਂ ਨਾਲ ਪਹੁੰਚੇ। ਅੱਜ ਵੀ ਪਿੰਡ ਵਿੱਚ ਬਾਬੇ ਦੀ ਹਵੇਲੀ ਦੇਖ ਕੇ ਬਾਬਾ ਦਲੀਪ ਸਿੰਘ ਨਾਲ ਕੀਤੀਆਂ ਗੱਲਾਂ ਯਾਦ ਆਉਂਦੀਆਂ ਹਨ।

## ਜੇਲ੍ਹੀ ਸ਼ਹੀਦ ਭਾਈ ਮਹਾਂ ਸਿੰਘ

ਭਾਈ ਮਹਾਂ ਸਿੰਘ ਦਾ ਜਨਮ 13 ਜੁਲਾਈ 1860 ਨੂੰ ਬਾਬਾ ਸਾਹਿਬ ਸਿੰਘ ਦੇ ਘਰ ਪਿੰਡ ਨੰਗਲ ਕਲਾਂ ਵਿੱਚ ਹੋਇਆ। ਆਪ ਜੀ ਦੀ ਮਾਤਾ ਜੀ ਦਾ ਨਾਮ ਜੀਵੀ ਜੀ ਸੀ। ਬਚਪਨ ਵਿੱਚ ਗੁਰਮੁੱਖੀ ਗੁਰਦੁਆਰਾ ਸਾਹਿਬ ਦੇ ਭਾਈ ਜੀ ਪਾਸੋਂ ਸਿੱਖੀ ਅੰਮ੍ਰਿਤ ਦਾਤ ਪ੍ਰਾਪਤ ਕਰਕੇ ਆਪ ਜੀ ਪੱਕੇ ਨਿਤਨੇਮੀ ਅਤੇ ਚੜ੍ਹਦੀਕਲਾ ਵਾਲੇ ਗੁਰਸਿੱਖ ਬਣ ਗਏ। 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦੀ ਕਾਨਫਰੰਸ ਵਿੱਚ ਸ਼ਾਮਿਲ ਹੋਏ। ਇੱਥੇ ਪੁਲੀਸ ਦੀਆਂ ਡਾਂਗਾ ਨਾਲ ਜ਼ਖਮੀ ਹੋਏ ਅਤੇ 1 ਸਾਲ 6 ਮਹੀਨੇ ਦੀ ਕੈਦ ਦੀ ਸਜ਼ਾ ਕੱਟੀ। ਇਸ ਘਟਨਾ ਤੋਂ ਬਾਅਦ ਆਪ ਤੰਨ ਮੰਨ ਧੰਨ ਨਾਲ ਦੇਸ਼ ਸੇਵਾ ਵਿੱਚ ਜੁੱਟ ਪਏ। 1920 ਤੋਂ 1922 ਤੱਕ ਮਹੰਤ ਸੁੰਦਰ ਦਾਸ ਦੇ ਕਬਜ਼ੇ ਤੋਂ ਗੁਰਦੁਆਰਾ ਗੁਰੂ ਕਾ ਬਾਗ ਮੁਕਤ ਕਰਾਣ ਲਈ ਗ੍ਰਿਫਤਾਰੀ ਦਿੱਤੀ। ਇਸ ਮੋਰਚੇ ਵਿੱਚ ਕੁੱਲ 5605 ਸਿੰਘਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਸਨ। ਇਸ ਤੋਂ ਬਾਅਦ ਜੈਤੋਂ ਦਾ ਮੋਰਚਾ ਚੱਲਿਆ। ਇਸ ਮੋਰਚੇ ਵਿੱਚ 15 ਸਤੰਬਰ 1923 ਨੂੰ ਗ੍ਰਿਫਤਾਰੀ ਦਿੱਤੀ। ਇਸ ਮੋਰਚੇ ਵਿੱਚ ਅੰਗਰੇਜ ਹਕੂਮਤ ਨੇ ਸਿੰਘਾਂ ਉੱਪਰ ਬਹੁਤ ਅੱਤਿਆਚਾਰ ਕੀਤਾ। ਸਰਦਾਰ ਮਹਾਂ ਸਿੰਘ ਬਹੁਤ ਬੁਰੀ ਤਰਾਂ ਜ਼ਖਮੀ ਹੋ ਗਏ। ਜੈਤੋ ਦੇ ਮੋਰਚੇ ਵਿੱਚ ਇੱਕ ਆਪ ਜੀ ਨੂੰ ਢਾਈ ਸਾਲ ਦੀ ਕੈਦ ਹੋਈ ਅਤੇ ਇਹ ਮੋਰਚਾ 1925 ਨੂੰ ਖਤਮ ਹੋ ਗਿਆ। ਇਸ ਮੋਰਚੇ ਦੀ ਫਤਿਹ ਦੀ ਖੁਸ਼ੀ ਵਿੱਚ ਸਿੱਖ ਪੰਥ ਨੇ ਲੱਡੂ ਵੰਡੇ।

ਸੰਨ 1929 ਵਿੱਚ ਪੇਸ਼ਾਵਰ ਦੇ ਇੱਕ ਬਜ਼ਾਰ ਕਿਸਾ ਖਵਾਨੀ ਜਾਂ ਕਿਸਾ ਖਾਸੀ ਬਜ਼ਾਰ ਵਿੱਚ ਅੰਗਰੇਜਾਂ ਨੇ ਮੁਸਲਮਾਨ ਭਰਾਵਾਂ ਉੱਪਰ ਬਹੁਤ ਜ਼ੁਲਮ ਕੀਤਾ ਅਤੇ ਜ਼ਲ੍ਹਿਆਂ ਵਾਲੇ ਬਾਗ ਦੀ ਯਾਦ ਤਾਜ਼ਾ ਕਰ ਦਿੱਤੀ। ਇਸ ਬਜ਼ਾਰ ਵਿੱਚ ਬਹੁਤ ਸਾਰੇ ਮੁਸਲਮਾਨ ਮਾਰੇ ਗਏ। ਮੁਸਲਮਾਨ ਭਰਾਵਾਂ ਨੇ ਇੱਕਠੇ ਹੋ ਕੇ ਅੰਗਰੇਜਾਂ ਖਿਲਾਫ ਪ੍ਰਦਰਸ਼ਨ ਕੀਤੇ ਅਤੇ ਇਸ ਵਿੱਚ ਸਿੱਖ ਪੰਥ ਨੇ ਉਹਨਾਂ ਦਾ ਸਾਥ ਦਿੱਤਾ। ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਇੱਕ ਜੱਥਾ ਚੱਲਿਆ। ਇਸ ਵਿੱਚ ਮਹਾਂ ਸਿੰਘ ਸ਼ਾਮਲ ਹੋ ਗਏ ਅਤੇ ਪੇਸ਼ਾਵਰ ਨੂੰ ਜੱਥੇ ਨਾਲ ਚੱਲ ਪਏ। ਅੰਗਰੇਜ ਹਕੂਮਤ ਨੇ ਇਸ ਜੱਥੇ ਨੂੰ ਰਸਤੇ ਵਿੱਚ ਰੋਕ ਲਿਆਂ ਅਤੇ ਮਹਾਂ ਸਿੰਘ ਜੀ ਨੂੰ ਜੱਥੇ ਸਮੇਤ ਕਸੂਰ ਜੇਲ੍ਹ ਵਿੱਚ ਭੇਜ ਦਿੱਤਾ। ਜੇਲ੍ਹ ਦੀਆਂ ਸੱਖਤੀਆਂ ਨੂੰ ਬਿਰਧ ਅਵਸਥਾ ਕਰਕੇ ਸਹਾਰ ਨਾਂ ਸਕੇ ਅਤੇ ਬਿਮਾਰ ਹੋ ਗਏ। ਆਤਮਿਕ ਤੌਰ ਤੇ ਆਪ ਬਹੁਤ ਬਲਵਾਨ ਸਨ। ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਬਾਬਾ ਜੀ ਤੁਸੀਂ ਮਾਫੀ ਲਿਖ ਕੇ ਦੇ ਦਿਉ ਅਤੇ ਅਸੀਂ ਤੁਹਾਨੂੰ ਰਿਹਾਅ ਕਰਵਾ ਦਿੰਦੇ ਹਾਂ। ਪਰ ਮਹਾਂ ਸਿੰਘ ਨੇ ਇਸ ਨੂੰ ਆਪਣੀ ਕਮਜ਼ੋਰੀ ਨਾਂ ਬਣਨ ਦਿੱਤਾ ਅਤੇ ਮਾਫੀ ਨਾਲ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਅੰਤ ਅਕਤੂਬਰ 1930 ਦੁਸਹਿਰੇ ਵਾਲੇ ਦਿਨ ਕਸੂਰ ਜੇਲ੍ਹ ਵਿੱਚ ਚੜ੍ਹਾਈ ਕਰ ਗਏ। ਕਸੂਰ ਜੇਲ੍ਹ ਅਧਿਕਾਰੀਆਂ ਨੇ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਪੰਜ ਪਿਆਰਿਆਂ ਨੂੰ ਇਹਨਾਂ ਦੀ ਦੇਹ ਸੌਂਪ ਦਿੱਤੀ ਅਤੇ ਸਿੱਖ ਮਰਿਯਾਦਾ ਨਾਲ ਆਪ ਜੀ ਦਾ ਸੰਸਕਾਰ ਕਰ ਦਿੱਤਾ ਗਿਆ। ਪਿੰਡ ਵਿੱਚ ਇਹਨਾਂ ਦੀ ਯਾਦ ਵਿੱਚ ਜੋਗਿੰਦਰ ਸਿੰਘ ਜੀ ਵੱਲੋਂ ਗੇਟ ਬਣਾਇਆ ਹੋਇਆ ਹੈ।

## ਗਿਆਨੀ ਵਤਨ ਸਿੰਘ


ਗਿਆਨੀ ਵਤਨ ਸਿੰਘ ਜੀ ਨੰਗਲ ਕਲਾਂ

ਗਿਆਨੀ ਵਤਨ ਸਿੰਘ ਜੀ ਦਾ ਜਨਮ 1896 ਈਸਵੀ ਨੂੰ ਸਰਦਾਰ ਈਸ਼ਰ ਸਿੰਘ ਬੈਂਸ ਦੇ ਘਰ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਬਚਪਨ ਤੋਂ ਹੀ ਆਪ ਨਿਰਮਲ ਬੁੱਧੀ ਅਤੇ ਵਾਹਿਗੁਰੂ ਦਾ ਸਿਮਰਨ ਕਰਨ ਵਾਲੇ ਸਨ। ਪ੍ਰਾਇਮਰੀ ਵਿੱਦਿਆ ਤੋਂ ਬਾਅਦ ਆਪ ਜੀ ਨੇ ਮੈਟ੍ਰਿਕ ਕੀਤੀ। ਬਾਅਦ ਵਿੱਚ ਗਿਆਨੀ ਕੀਤੀ। ਨੰਗਲ ਕਲਾਂ ਦੇ ਲਾਗੇ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਹੈ। ਜਿਆਣ ਵਾਲੇ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਗੋਂਦਪੁਰ ਦੀ ਸੇਵਾ ਨੰਗਲ ਖੁਰਦ ਦੇ ਸੰਤ ਬਾਬਾ ਬਿਸ਼ਨ ਸਿੰਘ ਜੀ ਨੂੰ ਸੌਂਪ ਦਿੱਤੀ। ਬਿਸ਼ਨ ਸਿੰਘ ਜੀ ਨੇ ਗਿਆਨੀ ਵਤਨ ਸਿੰਘ ਜੀ ਨੂੰ ਸਾਰਾ ਹਿਸਾਬ ਕਿਤਾਬ ਰੱਖਣ ਲਈ ਕਹਿ ਦਿੱਤਾ। ਇਸ ਤਰਾਂ ਟਾਹਲੀ ਸਾਹਿਬ ਦੇ ਪਹਿਲੇ ਗੁਰਦੁਆਰੇ ਦੀ ਸੇਵਾ ਵਿੱਚ ਯੋਗਦਾਨ ਪਾਇਆ। ਨਿਤਨੇਮੀ ਅਤੇ ਬਾਣੀ ਦੇ ਰਸੀਏ ਹੋਣ ਕਰਕੇ ਆਪ ਨੂੰ ਸੰਤਾਂ ਨੇ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕਾਇਆ।

ਉਸ ਸਮੇਂ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ। ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੀ ਸੇਵਾ ਸੋਢੀਆਂ ਪਾਸ ਸੀ। ਅਨੰਦਪੁਰ ਸਾਹਿਬ ਮੇਲੇ ਉੱਪਰ ਬਹੁਤ ਗੁਰਮਰਿਯਾਦਾ ਦੇ ਉਲਟ ਹੋ ਰਿਹਾ ਸੀ। ਸੰਤ ਬਾਬਾ ਹਰਨਾਮ ਸਿੰਘ ਜੀ ਨੇ 13 ਪੋਹ 1922 ਨੂੰ ਫਹਿਤਗੜ੍ਹ ਸਾਹਿਬ ਦੇ ਜੋੜ ਮੇਲੇ ਤੇ ਅਨੰਦਪੁਰ ਸਾਹਿਬ ਦੇ ਨੂੰ ਸੋਢੀਆਂ ਤੋਂ ਮੁਕਤ ਕਰਾਣ ਲਈ ਸੰਗਤ ਪਾਸ ਮਨਜ਼ੂਰੀ ਲਈ। ਇਸ ਤਰਾਂ ਇਲਾਕੇ ਦੇ ਪਤਵੰਤਿਆਂ ਸੱਜਣਾਂ ਦੀ ਇੱਕ ਮੀਟਿੰਗ ਸੱਦੀ ਗਈ, ਜਿਸ ਵਿੱਚ 40 ਸਿੰਘਾਂ ਨੇ ਭਾਗ ਲਿਆ। ਨੰਗਲ ਕਲਾਂ ਤੋਂ ਗਿਆਨੀ ਵਤਨ ਸਿੰਘ, ਗਿਆਨੀ ਵਰਿਆਮ ਸਿੰਘ ਅਤੇ ਹਜ਼ਾਰਾ ਸਿੰਘ ਸ਼ਾਹ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ। ਇਸ ਤਰਾਂ ਸੰਤਾਂ ਦੀ ਅਗਵਾਈ ਵਿੱਚ ਗੁਰਦੁਆਰਾ ਕੇਸਗੜ੍ਹ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਸਾਹਿਬ ਸੋਢੀਆਂ ਪਾਸੋਂ ਅਜ਼ਾਦ ਕਰਾ ਲਏ ਗਏ। ਸਰਦਾਰ ਪ੍ਰਤਾਪ ਸਿੰਘ ਨੂੰ ਜੱਥੇਦਾਰ ਥਾਪਿਆ ਗਿਆ। ਮੂਲਾ ਸਿੰਘ ਬਾਹੋਵਾਲ ਨੂੰ ਜਰਨੈਲ ਦੀ ਵਰਦੀ ਪੁਆਈ ਗਈ ਅਤੇ ਮੇਲੇ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ। ਗਿਆਨੀ ਵਤਨ ਸਿੰਘ ਜੀ ਹਰਖੋਵਾਲ ਸੰਤਾਂ ਦੀ ਸਰਪ੍ਰਸਤੀ ਹੇਠ ਕੇਸਗੜ੍ਹ ਸਾਹਿਬ ਸੇਵਾ ਕਰਦੇ ਰਹੇ।


ਬਾਬਾ ਦਲੀਪ ਸਿੰਘ ਜੀ ਦੇ ਨਕਸ਼ੇ ਕਦਮ ਤੇ ਚੱਲ ਕੇ ਇਹਨਾਂ ਨੇ ਸਮਾਜ ਵਿੱਚ ਲੜਕੀਆਂ ਨੂੰ ਵਿੱਦਿਆ ਦੇਣ ਲਈ ਅਹਿਮ ਰੋਲ ਨਿਭਾਇਆ। 24 ਜਨਵਰੀ 1928 ਨੂੰ ਜਲੰਧਰ ਦੇਸ਼ ਸੇਵਕ ਅਖਬਾਰ ਦੇ ਦਫਤਰ ਵਿੱਚ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਦੁਆਬੇ ਦੇ ਪ੍ਰਸਿੱਧ ਵਿਦਵਾਨਾਂ ਨੇ ਹਿੱਸਾ ਲਿਆ ਅਤੇ ਇਸਤਰੀਆਂ ਦੀ ਵਿੱਦਿਆ ਲਈ ਸਮੇਂ ਦੀ ਜਰੂਰੀ ਲੋੜ ਮਹਿਸੂਸ ਕੀਤੀ। ਜਲੰਧਰ ਵਿੱਚ ਇਸਤਰੀ ਮਹਾਂਵਿਦਿਆਲਾ ਖੋਲਣ ਲਈ ਯਤਨ ਕਰਨ ਲਈ ਕਿਹਾ। ਇਸ ਤੋਂ ਬਾਅਦ 22 ਫਰਵਰੀ 1928 ਨੂੰ ਲੜਕੀਆਂ ਦੀ ਪੜ੍ਹਾਈ ਲਈ ਕਾਰਜਕਾਰੀ ਕਮੇਟੀ ਬਣਾਈ ਗਈ, ਜਿਸਦੇ ਪ੍ਰਧਾਨ ਪ੍ਰਤਾਮ ਸਿੰਘ ਗੜ੍ਹਸ਼ੰਕਰ, ਮੀਤ ਪ੍ਰਧਾਨ ਜੱਥੇਦਾਰ ਪ੍ਰਤਾਪ ਸਿੰਘ ਕੋਟ ਫਤੂਹੀ, ਸਕੱਤਰ ਗਿਆਨੀ ਵਤਨ ਸਿੰਘ, ਮੀਤ ਸਕੱਤਰ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਨੂੰ ਬਣਾਇਆ ਗਿਆ। ਇਸ ਤਰਾਂ ਦੁਆਬੇ ਵਿੱਚ ਲੜਕੀਆਂ ਲਈ ਸਕੂਲ ਖੁੱਲਣੇ ਸ਼ੁਰੂ ਹੋ ਗਏ।

ਗਿਆਨੀ ਵਤਨ ਸਿੰਘ ਜੀ ਨੇ ਬੱਬਰ ਅਕਾਲੀ ਲਹਿਰ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜੁਲਾਈ 1936 ਨੂੰ 29, 30, 31 ਤਾਰੀਖਾਂ ਨੂੰ ਮਾਹਿਲਪੁਰ ਕਿਰਤੀ ਕਾਂਗਰਸ ਦੀ ਕਾਨਫਰੰਸ ਦਿਹਾੜੀ ਸੱਦੀ ਗਈ। ਇਸ ਨੂੰ ਸਫਲ ਬਣਾਉਣ ਲਈ ਇਲਾਕੇ ਦੇ ਸਾਰੇ ਲੀਡਰਾਂ ਨੇ ਪੂਰਾ ਜੋਰ ਲਗਾ ਦਿੱਤਾ। ਗਿਆਨੀ ਵਤਨ ਸਿੰਘ ਜੀ ਨੇ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਦਿਨ ਰਾਤ ਇੱਕ ਕਰ ਦਿੱਤਾ। ਇਸ ਕਾਨਫਰੰਸ ਵਿੱਚ ਪਹਿਲੀ ਵਾਰ ਲਾਊਡ ਸਪੀਕਰ ਦੀ ਵਰਤੋਂ ਕੀਤੀ ਗਈ ਅਤੇ 31 ਜੁਲਾਈ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਸੰਬੋਧਨ ਕੀਤਾ। ਏਡਾ ਵੱਡਾ ਇੱਕਠ ਦੇਖ ਕੇ ਨਹਿਰੂ ਖੁਸ਼ ਹੋ ਗਿਆ। ਸਰਕਾਰ ਦੇ ਖਿਲਾਫ ਪ੍ਰੋਪੇਗੰਡਾ ਕਰਨ ਅਤੇ ਬਗਾਵਤੀ ਭਾਸ਼ਣਾਂ ਕਰਕੇ ਆਪ ਜੀ ਨੂੰ 6 ਸਾਲ ਦੀ ਸਜ਼ਾ ਹੋਈ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਆਪ ਨੇ ਸਮਾਜ ਸੇਵਾ ਜਾਰੀ ਰੱਖੀ।

ਘਰ ਦੀ ਜ਼ਮੀਨ ਥੋੜੀ ਸੀ ਅਤੇ ਆਪ ਜੀ ਦਾ ਪਰਿਵਾਰ ਵੱਡਾ ਹੋਣ ਕਰਕੇ ਗਿਆਨੀ ਜੀ ਨੇ ਨਿਰੋਬੀ ਜਾਣ ਦੀ ਤਿਆਰੀ ਕੀਤੀ ਤਾਂ ਕਿ ਘਰ ਦਾ ਗੁਜ਼ਾਰਾ ਚਲਾਇਆ ਜਾ ਸਕੇ। 1962 ਨੂੰ ਆਪ ਕੀਨੀਆ ਚਲੇ ਗਏ। ਉੱਥੇ ਜਾਕੇ ਆਪਣੇ ਸੁਭਾਓ ਕਰਕੇ ਲੋਕਾਂ ਵਿੱਚ ਬਹੁਤ ਹਰਮਨ ਪਿਆਰੇ ਹੋ ਗਏ। ਸੰਗਤ ਦੀ ਮਦਦ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰਵਾਈ। ਆਪ ਕੰਮ ਕਰਦੇ ਅਤੇ ਸਵੇਰੇ ਸ਼ਾਮ ਆਪ ਨਿਤਨੇਮ ਕਰਦੇ ਅਤੇ ਗੁਰਪੁਰਬ ਮਨਾਉਂਦੇ। ਨਿਰੋਬੀ ਦੇ ਲੋਕ ਆਪ ਜੀ ਦੀ ਬਹੁਤ ਕਦਰ ਕਰਦੇ ਸਨ। ਵਾਪਿਸ 1967 ਵਿੱਚ ਪਿੰਡ ਵਿੱਚ ਸਿੰਘ ਸਭਾ ਗੁਰਦੁਆਰਾ ਦੀ ਇਮਾਰਤ ਸ਼ੁਰੂ ਕਰਵਾਈ। ਸੰਗਤ ਦੇ ਸਹਿਯੋਗ ਨਾਲ ਗੁਰਪੁਰਬ ਸਮੇਂ ਨਗਰ ਕੀਰਤਨ ਸਜਾਏ ਜਾਂਦੇ ਹਨ ਅਤੇ ਦਿਨ ਤਿਉਹਾਰ ਇੱਥੇ ਮਨਾਏ ਜਾਂਦੇ ਹਨ। ਆਖੀਰ 18 ਅਪ੍ਰੈਲ 1969 ਨੂੰ ਬਾਣੀ ਦਾ ਜਾਪ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਅਤੇ ਇੱਕ ਬਹੁਤ ਵਧੀਆ ਦਾਨਸ਼ਵੰਦ ਸਾਥੋਂ ਸਦਾ ਲਈ ਵਿਛੜ ਗਿਆ।

## ਗਿਆਨੀ ਵਰਿਆਮ ਸਿੰਘ

ਗਿਆਨੀ ਵਰਿਆਮ ਸਿੰਘ ਜੀ ਦਾ ਜਨਮ 28 ਫਰਵਰੀ 1898 ਨੂੰ ਬਸੰਤ ਸਿੰਘ ਦੇ ਘਰ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਪ੍ਰਤਾਪ ਕੌਰ ਸੀ। ਘਰ ਦੇ ਖੇਤੀਬਾੜੀ ਦਾ ਕੰਮ ਕਰਦੇ ਸਨ, ਇਸ ਲਈ ਘਰ ਵਿੱਚ ਦੁੱਧ ਘਿਉ ਆਦਿਕ ਦਾ ਕੋਈ ਤੋਟਾ ਨਹੀਂ ਸੀ। ਖੁੱਲਾ ਖਾਣ-ਪੀਣ ਕਰਕੇ ਆਪ ਜਲਦੀ ਹੀ ਚੰਗੀ ਸਿਹਤ ਵਾਲੇ ਉੱਚੇ ਲੰਮੇ ਨੌਜਵਾਨ ਬਣ ਗਏ। ਮੈਟ੍ਰਿਕ ਕਰਕੇ 1914 ਵਿੱਚ ਪਹਿਲੇ ਵਿਸ਼ਵ ਯੁੱਧ ਸਮੇਂ ਆਪ ਫੌਜ਼ ਵਿੱਚ ਭਰਤੀ ਹੋ ਗਏ। ਰੁੜਕੀ ਕੈਂਪ ਵਿੱਚ ਸੁਪਰ ਮਾਈਨਰ


ਗਿਆਨੀ ਵਰਿਆਮ ਸਿੰਘ

ਸਰਵਿਸ ਵਿੱਚ ਟਰੇਨਿੰਗ ਸਮੇਂ ਤਰਨ ਦੀ ਸਿੱਖਲਾਈ ਲਈ ਅਤੇ ਇੱਕ ਚੰਗੇ ਤੈਰਾਕ ਬਣ ਗਏ। ਇੱਥੇ ਆਪ ਜੀ ਦਾ ਮੇਲ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਨਾਲ ਹੋਇਆ। ਉਹਨਾਂ ਨੇ ਪੰਜਾ ਪਿਆਰਿਆਂ ਪਾਸੋਂ ਅੰਮ੍ਰਿਤ ਛਕਾਇਆ। ਅੰਮ੍ਰਿਤ ਪਾਨ ਕਰਕੇ ਆਪ ਜੀ ਗੁਰਸਿੱਖੀ ਵਾਲਾ ਜੀਵਨ ਬਤੀਤ ਕਰਨ ਲੱਗ ਪਏ।

ਆਪ ਜੀ ਦੀ ਕੰਪਨੀ ਇੱਕ ਵਾਰ ਸਰਹੱਦੀ ਸੂਬੇ (ਪਾਕਿਸਤਾਨ) ਵਿੱਚ ਗਈ। ਵਰਿਆਮ ਸਿੰਘ ਆਪਣੇ ਇੱਕ ਸਾਥੀ ਨਾਲ ਨਦੀ ਪਾਰ ਕਰਕੇ ਇੱਕ ਪਿੰਡ ਵਿੱਚ ਚਲੇ ਗਏ। ਪਿੰਡ ਦੇ ਪਠਾਣਾਂ ਨੇ ਇਕੱਠੇ ਹੋਕੇ ਦੋਨਾਂ ਫੌਜੀਆਂ ਨੂੰ ਘੇਰ ਲਿਆ ਅਤੇ ਇੱਕ ਮਕਾਨ ਵਿੱਚ ਬੰਦ ਕਰ ਦਿੱਤਾ। ਰਾਤ ਨੂੰ ਦਰਵਾਜੇ ਦਾ ਸ਼ੀਸ਼ਾ ਪੁੱਟ ਕੇ ਬਾਹਰ ਨਿਕਲ ਕੇ ਭੱਜ ਗਏ। ਇਹਨਾਂ ਦਾ ਸਾਥੀ ਪਿੰਡ ਵਾਲਿਆਂ ਨੇ ਫੜ ਕੇ ਮਾਰ ਦਿੱਤਾ। ਦੂਸਰੇ ਦਿਨ ਫੌਜ ਨੇ ਸਾਰਾ ਪਿੰਡ ਘੇਰ ਲਿਆ ਅਤੇ ਬਹੁਤ ਕੁੱਟਮਾਰ ਕੀਤੀ।

1919 ਨੂੰ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਬੀਤ ਗਿਆ। ਇਸ ਸਾਕੇ ਦਾ ਇਹਨਾਂ ਤੇ ਬਹੁਤ ਅਸਰ ਹੋਇਆ। ਇਹਨਾਂ ਫੌਜ ਦੀ ਨੌਕਰੀ ਛੱਡ ਦਿੱਤੀ। ਪਿੰਡ ਆਕੇ ਅਕਾਲੀ ਲਹਿਰ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹੁਸ਼ਿਆਰਪੁਰ ਵਿੱਚ ਪਹਿਲੀ ਅਕਾਲੀ ਕਾਨਫਰੰਸ ਹੋਈ। ਇਸ ਕਾਨਫਰੰਸ ਵਿੱਚ ਵਰਿਆਮ ਸਿੰਘ ਜੀ ਨੇ ਬੜਾ ਜੋਸ਼ੀਲਾ ਭਾਸ਼ਣ ਦਿੱਤਾ। ਅੰਗਰੇਜਾਂ ਵਿਰੁੱਧ ਬਗਾਵਤੀ ਭਾਸ਼ਣ ਦੇਣ ਕਰਕੇ ਆਪ ਜੀ ਨੂੰ 2 ਸਾਲ ਦੀ ਸਖਤ ਸਜ਼ਾ ਹੋਈ। 1 ਸਾਲ ਦੀ ਸਜਾ ਕਰਨਾਲ ਜੇਲ੍ਹ ਵਿੱਚ ਕੱਟੀ ਅਤੇ ਦੂਸਰੇ ਸਾਲ ਮੁਲਤਾਨ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਮੂਲਾ ਸਿੰਘ ਬਾਹੋਵਾਲ ਵੀ ਆਪ ਦੇ ਨਾਲ ਜੇਲ੍ਹ ਵਿੱਚ ਸੀ। ਜੇਲ੍ਹ ਵਿੱਚ ਕੋਹਲੂ ਗੇੜਨ ਦੀ ਸਜ਼ਾ ਦਿੱਤੀ ਜਾਂਦੀ। ਇਸ ਤਰਾਂ ਜੇਲ੍ਹ ਦੀਆਂ ਕਠਿਨਾਈਆਂ ਸਹਾਰਦੇ ਹੋਏ ਸਜ਼ਾ ਪੂਰੀ ਕੀਤੀ। ਜੇਲ੍ਹ ਤੋਂ ਰਿਹਾਅ ਹੋ ਕੇ ਪਿੰਡ ਦੇ ਗਿਆਨੀ ਵਤਨ ਸਿੰਘ ਜੀ ਨਾਲ ਗਿਆਨੀ ਪਾਸ ਕੀਤੀ। ਦੁਆਬੇ ਵਿੱਚ ਲੜਕੀਆਂ ਦੀ ਪੜ੍ਹਾਈ ਲਈ ਯਤਨ ਕਰਦੇ ਰਹੇ। ਦੁਆਬੇ ਵਿੱਚ ਵਿੱਦਿਆ ਦੇ ਪਸਾਰ ਲਈ ਲੜਕੀਆਂ ਲਈ ਸਕੂਲ ਕਾਲਜ ਖੁੱਲਣੇ ਸ਼ੁਰੂ ਹੋ ਗਏ।

1929 ਨੂੰ ਆਪ ਜੀ ਦਾ ਵਿਆਹ ਭਗਵਾਨ ਕੌਰ ਨਾਲ ਹੋਇਆ। ਵਰਿਆਮ ਸਿੰਘ ਜੀ ਦੇ ਘਰ 2 ਲੜਕੇ ਅਤੇ 4 ਲੜਕੀਆਂ ਨੇ ਜਨਮ ਲਿਆ। ਸਾਰਿਆਂ ਬੱਚਿਆਂ ਨੂੰ ਆਪ ਜੀ ਨੇ ਚੰਗੀ ਤਰਾਂ ਪੜ੍ਹਾਇਆ। ਪਹਿਲਾਂ ਆਪ ਜੀ ਅਨੰਦਪੁਰ ਸਾਹਿਬ ਖਾਲਸਾ ਸਕੂਲ ਵਿੱਚ ਪੰਜਾਬੀ ਅਧਿਆਪਕ ਰਹੇ। ਖੁਆਸ ਪੁਰਹੀਰਾਂ (ਹੁਸ਼ਿਆਰਪੁਰ) ਵੀ ਕਾਫੀ ਸਮਾਂ ਨੌਕਰੀ ਕੀਤੀ। ਖਾਲਸਾ ਹਾਈ ਸਕੂਲ ਬੱਡੋਂ 12 ਸਾਲ ਆਪ ਜੀ ਪੰਜਾਬੀ ਅਧਿਆਪਕ ਰਹੇ। ਫਿਰ ਕੁੱਝ ਸਮਾਂ ਮਾਹਿਲਪੁਰ ਸਕੂਲ ਵਿੱਚ ਪੜ੍ਹਾਇਆ। ਫਿਰ ਖਾਲਸਾ ਹਾਈ ਸਕੂਲ ਪਾਲਦੀ 1950 ਤੋਂ 1954 ਤੱਕ ਮੁੱਖ ਅਧਿਆਪਕ ਸਰਦਾਰ ਮੰਗਲ ਸਿੰਘ ਜੀ ਪਾਸ ਬਤੌਰ ਪੰਜਾਬੀ ਅਧਿਆਪਕ ਕੰਮ ਕੀਤਾ। ਆਪ ਜੀ ਦੇ ਲੜਕੇ ਸੁਰਜੀਤ ਸਿੰਘ ਅਤੇ ਰਣਜੀਤ ਸਿੰਘ ਕਨੇਡਾ ਚਲੇ ਗਏ। ਆਪ ਜੀ ਪਤਨੀ ਭਗਵਾਨ ਕੌਰ ਸਮੇਤ 1975 ਵਿੱਚ ਕਨੇਡਾ ਡੰਕਨ ਸ਼ਹਿਰ ਵਿੱਚ ਰਹਿਣ ਲੱਗ ਪਏ। ਸੰਨ 1992 ਵਿੱਚ ਕੁੱਝ ਸਮਾਂ ਬਿਮਾਰ ਰਹਿ ਕੇ ਆਪ ਜੀ ਅਕਾਲ ਚਲਾਣਾ ਕਰ ਗਏ।

## ਬੇਅੰਤ ਸਿੰਘ ਜੈਲਦਾਰ

ਬੇਅੰਤ ਸਿੰਘ ਦਾ ਜਨਮ 1898 ਈਸਵੀ ਨੂੰ ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਮ ਚੰਦਾ ਸਿੰਘ ਸੀ। ਆਪ ਜੀ ਦੇ ਪਿਤਾ ਜੀ ਦਾ ਪਰਿਵਾਰ ਕਾਫੀ ਵੱਡਾ ਸੀ। ਜੈਲਦਾਰੀ ਇਹਨਾਂ ਨੂੰ ਵਿਰਸੇ ਵਿੱਚ ਪ੍ਰਾਪਤ ਹੋਈ। ਸਕੂਲ ਵਿੱਚ ਵਿੱਦਿਆ ਮੈਟ੍ਰਿਕ ਤੱਕ ਪ੍ਰਾਪਤ ਕੀਤੀ। ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਹੋਣ ਕਰਕੇ ਜਲਦੀ ਹੀ ਫੌਜ਼ ਵਿੱਚ ਭਰਤੀ ਹੋ ਗਏ। ਪਰੰਤੂ ਕੁੱਝ ਸਮੇਂ ਬਾਅਦ ਫੌਜ ਦੀ ਨੌਕਰੀ ਛੱਡ ਦਿੱਤੀ। ਪਿੰਡ ਆਕੇ ਗੜ੍ਹਸ਼ੰਕਰ ਵਾਲੀ ਜ਼ਮੀਨ ਦਾ ਕੰਮ ਸੰਭਾਲਿਆ। ਪਿਤਾ ਦੀ ਗਦਾਰੀ ਦਾ ਉਹਨਾਂ ਦੇ ਮਨ ਵਿੱਚ ਬਹੁਤ ਰੋਸ ਸੀ। ਇਸ ਕਲੰਕ ਨੂੰ ਧੋਣ ਲਈ ਬੱਬਰ ਅਕਾਲੀਆਂ ਨੂੰ ਸੰਘਰਸ਼ ਵਿੱਚ ਹਥਿਆਰਾਂ ਦੀ ਮਦਦ ਕਰਨ ਲੱਗ ਪਿਆ। ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਰਾਈਫਲ ਅਤੇ ਧੰਨਾ ਸਿੰਘ ਨੂੰ ਪਸਤੌਲ ਕਾਰਤੂਸ ਆਦਿਕ ਅਸਲਾ ਚੋਰੀ ਛਿਪੇ ਦਿੰਦਾ ਰਿਹਾ। ਅੰਗਰੇਜਾਂ ਨੂੰ ਇਸ ਦੀ ਭਿਣਕ ਪੈ ਗਈ। ਅੰਗਰੇਜ ਸਰਕਾਰ ਨੇ ਬੱਬਰਾਂ ਨੂੰ ਫੜਾਉਣ ਲਈ ਆਖਿਆ ਪਰ ਬੇਅੰਤ ਸਿੰਘ ਨੇ ਨਾਂਹ ਕਰ ਦਿੱਤੀ। ਅੰਗਰੇਜਾਂ ਨੇ ਵਾਅਦਾ ਮਾਫ ਗਵਾਹ ਖੜੇ ਕਰਕੇ 3 ਅਪ੍ਰੈਲ 1924 ਨੂੰ ਮੁਕੱਦਮਾ ਦਰਜ ਕਰ ਦਿੱਤਾ ਜੋ ਕਿ ਮਿਸਟਰ ਲੁਈ-ਏ-ਬੂਲ ਦੀ ਅਦਾਲਤ ਵਿੱਚ ਚੱਲਿਆ। ਕਾਫੀ ਗਵਾਹੀਆਂ ਅਤੇ ਸੁਣਵਾਈਆਂ ਤੋਂ ਬਾਅਦ ਅਖੀਰ ਵਿੱਚ ਇਸ ਮੁਕੱਦਮੇ ਵਿੱਚੋਂ ਬਰੀ ਹੋ ਗਏ।

ਬੇਅੰਤ ਸਿੰਘ ਨੇ ਆਪਣੀ ਜ਼ਮੀਨ ਤੇ ਗੜ੍ਹਸ਼ੰਕਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਗੜ੍ਹਸ਼ੰਕਰ ਮਿਊਂਸੀਪਲਿਟੀ ਜਦੋਂ ਬਣੀ ਤਦ ਇਹਨਾਂ ਨੂੰ ਪ੍ਰਧਾਨ ਚੁਣਿਆ ਗਿਆ। ਇੱਥੇ ਹੀ ਉਹਨਾਂ ਨੇ ਇੱਕ ਪ੍ਰਾਈਵੇਟ ਸਕੂਲ ਖੋਲਿਆ ਅਤੇ ਫਿਰ ਉਹਨਾਂ ਦੇ ਪਰਿਵਾਰ ਨੇ ਇਹ ਸਕੂਲ ਪਿੰਡ ਸਦਰਪੁਰ ਗੜ੍ਹਸ਼ੰਕਰ ਤੋਂ 4 ਕਿਲੋਮੀਟਰ ਦੂਰ ਨੰਗਲ ਰੋਡ ਤੇ ਇਹਨਾਂ ਦੇ ਨਾਮ ਤੇ ਐਸ.ਬੀ.ਐਸ. ਬਣਾ ਦਿੱਤਾ। 1950 ਵਿੱਚ ਆਪ ਜੀ ਨੂੰ ਮੂੰਹ ਦੀ ਬਿਮਾਰੀ ਕਰਕੇ ਬੰਬਈ ਹਸਪਤਾਲ ਦਾਖਲ ਕਰਵਾਇਆ ਗਿਆ। ਉੱਥੇ ਹੀ ਹਸਪਤਾਲ ਵਿੱਚ ਬੇਅੰਤ ਸਿੰਘ ਜੀ ਅਕਾਲ ਚਲਾਣਾ ਕਰ ਗਏ।

## ਦੇਸ਼ ਭਗਤ ਸਰਦਾਰ ਪ੍ਰੀਤਮ ਸਿੰਘ

ਸਰਦਾਰ ਪ੍ਰੀਤਮ ਸਿੰਘ ਜੀ ਦਾ ਜਨਮ 1905 ਈਸਵੀ ਨੂੰ ਸਰਦਾਰ ਭਗਵਾਨ ਸਿੰਘ ਬੈਂਸ ਦੇ ਘਰ ਪਿੰਡ ਨੰਗਲ ਕਲਾਂ ਦੇ ਵਿੱਚ ਹੋਇਆ। ਖੇਤੀਬਾੜੀ ਦਾ ਕਾਰੋਬਾਰ ਸੀ। ਬਚਪਨ ਵਿੱਚ ਇਹਨਾਂ ਨੇ ਪ੍ਰਾਇਮਰੀ ਸਿੱਖਿਆ ਪ੍ਰਾਪਤ ਕਰਕੇ ਮਿਡਲ ਤੱਕ ਪੜ੍ਹਾਈ ਕੀਤੀ। ਉਸ ਸਮੇਂ ਪਿੰਡ ਦੇ ਬਹੁਤ ਸਾਰੇ ਦੇਸ਼


ਸਰਦਾਰ ਪ੍ਰੀਤਮ ਸਿੰਘ ਨੰਗਲ ਕਲਾਂ

ਭਗਤ ਜੈਤੋ ਦੇ ਮੋਰਚੇ ਜਾਂ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਜਾਂਦੇ ਸਨ। ਹਜ਼ਾਰਾ ਸਿੰਘ ਸ਼ਾਹ ਨਾਲ ਆਪ ਵੀ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਗਏ। ਲਾਠੀਚਾਰਜ ਸਮੇਂ ਸਰੀਰ ਦਾ ਕੁੱਝ ਹਲਕਾ ਹੋਣ ਕਰਕੇ ਤੜਫਣ ਲੱਗਿਆ ਤਾਂ ਹਜ਼ਾਰਾ ਸਿੰਘ ਸ਼ਾਹ ਪ੍ਰੀਤਮ ਸਿੰਘ ਤੇ ਲੰਮਾ ਪੈ ਗਿਆ ਤੇ ਜ਼ਿਆਦਾ ਸੱਟਾਂ ਤੋਂ ਬਚਾਅ ਹੋ ਗਿਆ। ਇਸ ਮੋਰਚੇ ਵਿੱਚ ਪ੍ਰੀਤਮ ਸਿੰਘ ਨੂੰ 2 ਸਾਲ ਹਰਾਸ਼ ਕੀਤਾ ਅਤੇ 1 ਸਾਲ ਦੀ ਸਜ਼ਾ ਹੋਈ ਜੋ ਕਿ ਮੁਲਤਾਨ ਵਿੱਚ ਪੂਰੀ ਕੀਤੀ।

ਕੁੱਝ ਸਮਾਂ ਫੌਜ ਦੀ ਨੌਕਰੀ ਕੀਤੀ, ਫਿਰ ਡਰਾਇਵਰੀ ਦਾ ਕੰਮ ਸ਼ੁਰੂ ਕਰ ਦਿੱਤਾ। ਅਕਾਲੀ ਲਹਿਰ ਅਤੇ ਕਾਂਗਰਸ ਵੱਲੋਂ ਵਿਦੇਸ਼ੀ ਸ਼ਰਾਬ ਦੀ ਪਿਕਟਿੰਗ ਵਿੱਚ ਹਿੱਸਾ ਲਿਆ। ਇਸ ਕਰਕੇ ਆਪ ਨੂੰ 10 ਮਹੀਨੇ ਦੀ ਕੈਦ ਕੱਟਣੀ ਪਈ।

ਅਜ਼ਾਦੀ ਤੋਂ ਬਾਅਦ ਆਪ ਆਪਣੇ ਪਿੰਡ ਖੇਤੀਬਾੜੀ ਦਾ ਕੰਮ ਅਤੇ ਟੈਕਸੀ ਚਲਾਣ ਦਾ ਕੰਮ ਕਰਦੇ ਰਹੇ। ਅੰਤ ਸਮਾਂ ਪਿੰਡ ਵਿੱਚ ਹੀ ਬਿਤਾਇਆ। ਇਹਨਾਂ ਦਾ ਪਰਿਵਾਰ ਇਸ ਸਮੇਂ ਇੰਗਲੈਂਡ ਵਿੱਚ ਰਹਿ ਰਿਹਾ ਹੈ।

## ਉਜਾਗਰ ਸਿੰਘ ਸਪੁੱਤਰ ਪਰਤਾਪ ਸਿੰਘ

ਆਪ ਸੰਨ 1890 ਵਿੱਚ ਪਿੰਡ ਨੰਗਲ ਕਲਾਂ ਵਿੱਚ ਪਰਤਾਪ ਸਿੰਘ ਜੀ ਦੇ ਘਰ ਪੈਦਾ ਹੋਏ। ਕਨੇਡਾ ਪਹੁੰਚ ਕੇ ਰੇਵੋਲੇਸ਼ਨਰੀ ਪਾਰਟੀ ਦੇ ਮੈਂਬਰ ਬਣ ਗਏ। 1913 ਵਿੱਚ ਸਮੁੰਦਰੀ ਜਹਾਜ਼ ਰਾਹੀਂ ਵਾਪਿਸ ਭਾਰਤ ਆ ਰਹੇ ਸਨ, ਜਦੋਂ ਜਹਾਜ਼ ਸਿੰਘਾਪੁਰ ਪਹੁੰਚਿਆ ਤਾਂ ਇੱਕ ਅੰਗਰੇਜ ਅਫਸਰ ਨੇ ਇਹਨਾਂ ਨੂੰ ਗਾਲ ਕੱਢ ਦਿੱਤੀ। ਗੁੱਸੇ ਵਿੱਚ ਆਕੇ ਇਹਨਾਂ ਨੇ ਅੰਗਰੇਜ ਅਫਸਰ ਦੇ ਮੂੰਹ ਤੇ ਜ਼ੋਰ ਨਾਲ ਮੁੱਕਾ ਮਾਰਿਆ ਤੇ

# ਨੰਗਲ ਕਲਾਂ ਦੇ ਸ਼ਹੀਦ ਅਤੇ ਦੇਸ਼ ਭਗਤ

(ਸਫਾ 15 ਦੀ ਬਾਕੀ)

ਅਫਸਰ ਦਾ ਜਬਾੜਾ ਤੋੜ ਦਿੱਤਾ। ਆਪ ਨੂੰ 1 ਮਹੀਨਾਂ ਸਿੰਘਾਪੁਰ ਜੇਲ੍ਹ ਵਿੱਚ ਰੱਖਿਆ ਗਿਆ। ਪਿੰਡ ਪਹੁੰਚਣ ਤੇ 1920 ਤੱਕ ਆਪ ਨੂੰ ਸਖਤ ਪੁਲੀਸ ਨਿਗਰਾਨੀ ਹੇਠ ਰੱਖਿਆ ਗਿਆ। ਉ-ਜਾਗਰ ਸਿੰਘ ਨੂੰ ਹਰ ਰੋਜ਼ ਮਾਹਿਲਪੁਰ ਥਾਣੇ ਹਾਜ਼ਰੀ ਦੇਣੀ ਪੈਂਦੀ ਸੀ।

## ਹਜ਼ਾਰਾ ਸਿੰਘ ਸ਼ਾਹ

ਹਜ਼ਾਰਾ ਸਿੰਘ ਸ਼ਾਹ ਸਪੁੱਤਰ ਬੂੜ ਸਿੰਘ ਸ਼ਾਹ ਨੇ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਭਾਗ ਲਿਆ ਅਤੇ ਜ਼ਖਮੀ ਹੋ ਗਏ। ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰ-ਦੁਆਰੇ ਨੂੰ ਸੋਢੀਆਂ ਪਾਸੋਂ ਅਜ਼ਾਦ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ।

## ਜੈ ਸਿੰਘ

ਜੈ ਸਿੰਘ ਸਪੁੱਤਰ ਲਛਮਣ ਸਿੰਘ ਨੇ ਜੈਤੋ ਦੇ ਮੋਰਚੇ ਵਿੱਚ ਹਿੱਸਾ ਲਿਆ ਅਤੇ 1½ ਸਾਲ ਨਾਭਾ ਬੀੜ ਜੇਲ੍ਹ ਵਿੱਚ ਕੈਦ ਕੱਟੀ।

## ਇੰਡੋ ਚਾਈਨਾ ਵਾਰ ਦੇ ਸ਼ਹੀਦ ਉਜਾਗਰ ਸਿੰਘ

ਉਜਾਗਰ ਸਿੰਘ ਜੀ ਦਾ ਜਨਮ ਸੰਨ 1934 ਨੂੰ



ਉਜਾਗਰ ਸਿੰਘ ਕੈਂਥ

ਪਿੰਡ ਨੰਗਲ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਪਿਤਾ ਜੀ ਦਾ ਨਾਮ ਰਲਾ ਸਿੰਘ ਅਤੇ ਮਾਤਾ ਦਾ ਨਾਮ ਬਿਸ਼ਨ ਕੌਰ ਸੀ। ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਚੜ੍ਹਦੀ ਉਮਰ ਅਤੇ ਚੰਗੀ ਸਿਹਤ ਹੋਣ ਕਰਕੇ ਇਹ ਕੱਬਡੀ ਦੇ ਬਹੁਤ ਸ਼ੋਕੀਨ ਸਨ। 18 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ। ਸੰਨ 1955 ਵਿੱਚ ਇਹਨਾਂ ਦਾ ਵਿਆਹ ਬਲਵੰਤ ਕੌਰ ਨਾਲ ਹੋਇਆ ਅਤੇ ਇਹਨਾਂ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ। 1962 ਵਿੱਚ ਚੀਨ ਨੇ ਭਾਰਤ ਤੇ ਹਮਲਾ ਕਰ ਦਿੱਤਾ। ਉਸ ਸਮੇਂ ਇਹ ਪਿੰਡ ਛੁੱਟੀ ਆਏ ਹੋਏ ਸਨ। ਟੈਲੀਗ੍ਰਾਮ ਮਿਲਣ ਤੇ ਆਪ ਜਲਦੀ ਤਿਆਰ ਹੋ ਕੇ ਆਪਣੀ ਸਿੱਖ ਰੈਜੀਮੈਂਟ ਵਿੱਚ ਪਹੁੰਚ ਗਏ। ਬਾਰਡਰ ਤੇ ਆਪ ਬੜੀ ਬਹਾਦਰੀ ਨਾਲ ਲੜੇ ਅਤੇ ਸ਼ਹੀਦੀ ਪ੍ਰਾਪਤ ਗਏ। ਸ਼ਹੀਦੀ ਉਪਰੰਤ 16 ਦਸੰਬਰ 1999 ਨੂੰ ਇਹਨਾਂ ਦੇ ਪਰਿਵਾਰ ਨੂੰ ਉਜਾਗਰ ਸਿੰਘ ਦੀ ਸ਼ਹੀਦੀ ਉਪਰੰਤ ਵਿਸ਼ੇਸ਼ ਸਨਮਾਨ ਸਰਕਾਰ ਵੱਲੋਂ ਦਿੱਤਾ ਗਿਆ।

## ਸੰਗੀਤ ਪ੍ਰੋਫੈਸਰ ਦਰਸ਼ਣ ਸਿੰਘ ਕੋਮਲ

ਪ੍ਰੋਫੈਸਰ ਦਰਸ਼ਣ ਸਿੰਘ ਜੀ ਕੋਮਲ ਦਾ ਜਨਮ ਪਿੰਡ ਨੰਗਲ ਕਲਾਂ 1918 ਨੂੰ ਸਰਦਾਰ ਮਲੂਕ ਸਿੰਘ ਜੀ ਘਰ ਹੋਇਆ।ਬਚਪਨ ਵਿੱਚ ਚੇਚਕ ਦੀ ਬਿਮਾਰੀ ਕਾਰਨ ਆਪ ਜੀ ਦੀ ਅੱਖਾਂ ਦੀ ਰੋਸ਼ਨੀ ਸਦਾ ਲਈ ਚਲੀ ਗਈ।ਪਿੰਡ ਦੇ ਗਿਆਨੀ ਵਤਨ ਸਿੰਘ ਜੀ ਨੇ ਇਨਾਂ ਨੂੰ ਚੀਫ ਖ਼ਾਲਸਾ ਦੀਵਾਨ ਅੰਮ੍ਰਿਤਸਰ ਯਤੀਮ ਖਾਨੇ ਵਿੱਚ ਸੰਗੀਤ ਵਿਦਿਆ ਸਿੱਖਣ ਲਈ ਭੇਜ



ਸੰਗੀਤ ਪ੍ਰੋਫੈਸਰ ਦਰਸ਼ਣ ਸਿੰਘ ਜੀ 'ਕੋਮਲ'

ਦਿੱਤਾ।ਉੱਥੇ ਉਸਤਾਦ ਸਾਂਈ ਦਿਤਾ ਜੀ ਪਾਸੋਂ ਸੰਗੀਤ ਵਿਦਿਆ ਸਿੱਖੀ। ਮੁਲਤਾਨ ਵਿੱਚ ਮਾਸਟਰ ਹੁਕਮ ਚੰਦ ਪਾਸੋਂ 7 ਸਾਲ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ। ਆਪ ਜੀ ਹਰ ਕਿਸਮ ਦਾ ਸਾਜ ਜਿਵੇਂ ਸਾਰੰਗੀ, ਤਬਲਾ, ਹਰਮੋਨੀਅਮ, ਜਲ ਤਰੰਗ ਆਦਿਕ ਬਾ-ਖੂਬੀ ਬਜਾ ਲੈਂਦੇ ਸਨ। ਆਪ ਕਾਫੀ ਸਮਾਂ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਰਹੇ, ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਆਪ ਜੀ ਦੀ ਤਸਵੀਰ ਲਗਾਈ ਗਈ ਹੈ।

ਦਰਸ਼ਨ ਸਿੰਘ ਜੀ ਕੋਮਲ ਇੱਕ ਸੰਗੀਤਕਾਰ ਹੋਣ ਦੇ ਨਾਲ ਨਾਲ ਉੱਘੇ ਕਵੀ ਵੀ ਸਨ, ਆਪ ਜੀ ਦੀ ਲਿਖਤਾਂ ਕੋਮਲ ਕਲੀਆਂ, ਕੋਮਲ ਤਰਾਨੇ ਕਾਵਿ ਸੰਗ੍ਰਹਿ ਹਨ। ਕੋਮਲ ਜੀ ਦੀਆਂ ਸਦਾਬਹਾਰ ਕਵਿਤਾਵਾਂ ਅੱਜ ਵੀ ਸਟੇਜਾਂ ਉੱਪਰ ਗਾਈਆਂ ਜਾਂਦੀਆ ਹਨ। ਆਪ ਜੀ ਨੇ ਪਿੰਡਾਂ ਵਿੱਚ ਸੰਗੀਤ ਦੀ ਵਿਦਿਆ ਦੇਣ ਲਈ ਸੰਗੀਤ ਵਿਦਿਆਲੇ ਖੋਲੇ, ਹੁਸ਼ਿਆਰਪੁਰ ਵਿੱਚ ਘੰਟਾ ਘਰ ਦੇ ਕੋਲ ਗੁਰੂ ਨਾਨਕ ਸੰਗੀਤ ਵਿਦਿਆਲਾ ਖੋਲਿਆ। ਆਪ ਜੀ ਦੇ ਪਾਸੋਂ ਬਹੁਤ ਸਾਰੇ ਸ਼ਗਿਰਦ ਸੰਗੀਤ ਸਿੱਖ ਕੇ ਸਿੱਖ ਜਗਤ ਦਰਬਾਰ ਦੇ ਸ਼ਿਗਾਰ ਬਣੇ। ਭਾਈ ਦਿਦਾਰ ਸਿੰਘ, ਭਾਈ ਚੰਨਣ ਸਿੰਘ ਜੀ ਮਜਬੂਰ, ਭਾਈ ਧਰਮ ਸਿੰਘ ਜੀ, ਸਮਸ਼ੇਰ ਸਿੰਘ ਜੀ ਜਖਮੀ,ਅਜੀਤ ਸਿੰਘ ਜੀ ਲੁਟੇਰਾ ਪਿੰਡ ਲਕਸੀਹਾਂ ਤੋਂ, ਨਰੰਜਣ ਸਿੰਘ ਜੀ, ਗੁਰਬਚਨ ਸਿੰਘ ਜੀ ਹਮਦਰਦ, ਕਰਤਾਰ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਸ਼ਗਿਰਦਾਂ ਨੂੰ ਆਪ ਜੀ ਨੇ ਸੰਗੀਤ ਦੀ ਤਾਲੀਮ ਦਿੱਤੀ।

ਦੇਸ਼ ਦੀ ਅਜ਼ਾਦੀ ਲਹਿਰ ਵਿੱਚ ਇਨ੍ਹਾਂ ਨੇ ਬੜੀਆਂ ਜੋਸ਼ੀਲੀਆ ਕਵਿਤਾਵਾ ਲਿਖੀਆ।

ਇਹੋ ਜਿਹੀ ਹਵਾ ਛੱਡ ਆਪਣੀ ਸਮਾਧੀ ਵਿੱਚੋਂ,
ਬੰਦੇ ਨੂੰ ਜਹਾਨ ਵਿੱਚ ਬੰਦਾ ਠੁਕਰਾਵੇ ਨਾ।
ਹੱਸ ਹੱਸ ਭੋਰਾਂ ਦੀਆਂ ਫੁੱਲਾਂ ਨਾਲ ਹੋਣ ਗੱਲਾ,
ਇਨਾਂ ਦੀ ਪ੍ਰੀਤ ਵਿੱਚ ਰੋਕ ਕੋਈ ਪਾਵੇ ਨਾ।
ਰੋਕੇ ਨ ਚਕੋਰਾਂ ਨੂੰ ਕੋਈ ਚੰਨ ਵੱਲ ਵੇਖਣੇ ਤੋਂ,
ਦੀਵੇ ਵੱਲ ਕੋਈ ਪਰਵਾਨੇ ਨੂੰ ਹਟਾਵੇ ਨਾ।
ਕੋਇਲਾਂ ਨੂੰ ਬਾਗਾਂ ਵਿੱਚ ਕੂਕਣਾਂ ਸਾਹਿਬ ਹੋਏ,
ਬੁਲਬੁਲਾਂ ਨੂੰ ਕੋਮਲਾ ਕੋਈ ਪਿੰਜਰੇ ਵਿੱਚ ਪਾਵੇ ਨਾ।

ਆਖੀਰ 3 ਅਪ੍ਰੈਲ 1962 ਈ. ਨੂੰ 44 ਸਾਲ ਦੀ ਉਮਰ ਵਿੱਚ ਇਹ ਸੰਗੀਤ ਸਮਰਾਟ ਸਾਥੋਂ ਸਦਾ ਲਈ ਵਿਛੜ ਗਿਆ। ਇਨ੍ਹਾਂ ਦੀ ਯਾਦ ਵਿੱਚ ਹਰ ਸਾਲ 3 ਅੱਸੂ ਨੂੰ ਮਾਸਟਰ ਅਜੀਤ ਸਿੰਘ ਜੀ ਸੋਹਲ ਵਲੋਂ 'ਕੋਮਲ ਬਰਸੀ' ਮਨਾਈ ਜਾਂਦੀ ਹੈ। ਕੋਮਲ ਜੀ ਦੀ ਯਾਦ ਨੂੰ ਸਮਰਪਿਤ ਪਿੰਡ ਵਿੱਚ ਇਨ੍ਹਾਂ ਦੇ ਸ਼ਗਿਰਦਾ ਵਲੋਂ ਕੋਮਲ ਗੇਟ ਵੀ ਬਣਾਇਆ ਗਿਆ ਹੈ।

## ਗਦਰੀ ਪੰਡਤ ਰਾਮ ਰੱਖਾ ਸਸੋਲੀ



Ram Rakkha (Sasoli, Hoshiarpur)

He was the principal accused in Mandlay conspiracy case. Sentenced to transportation for life. Died in cellular jail, Andeman while on hunger strike in 1919.

ਰਾਮ ਰੱਖਾ ਜੀ ਦਾ ਪਿਤਰੀ ਪਿੰਡ ਨੰਗਲ ਕਲਾਂ ਅਤੇ ਪਿਤਾ ਜੀ ਦਾ ਨਾਮ ਜਵਾਹਰਦਾਸ ਬਾਲੀ ਸੀ। ਪਿਤਾ ਜੀ ਦੀ ਅਚਾਨਕ ਮੌਤ ਤੋਂ ਬਾਅਦ ਇਨ੍ਹਾਂ ਦੀ ਮਾਤਾ ਆਪ ਜੀ ਨੂੰ ਪਿੰਡ ਸਸੋਲੀ ਲੈ ਗਏ। ਉੱਥੇ ਪੜ੍ਹ ਕੇ ਅੰਗਰੇਜ਼ ਦੀ ਪੁਲਿਸ ਵਿੱਚ ਭਰਤੀ ਹੋ ਗਏ। ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਫੋਜ਼ ਵਿੱਚੋਂ ਬਗਾਵਤ ਕਰਨ ਦੀ ਕੋਸ਼ਸ਼ ਕੀਤੀ ਜਿਸ ਤੇ ਅੰਗਰੇਜ਼ ਨੇ ਇਨ੍ਹਾਂ ਨੂੰ ਕਾਲੇਪਾਣੀ ਦੀ ਸਜ਼ਾ ਦਿੱਤੀ। ਅੰਤ 1 ਜੂਨ 1918 ਨੂੰ ਜੇਲ ਵਿੱਚ ਹੀ ਸ਼ਹੀਦੀ ਪ੍ਰਾਪਤ ਕਰ ਗਏ।

## ਅਵਤਾਰ ਸਿੰਘ ਕਨੇਡੀਅਨ (ਸਾਬਕਾ ਸਰਪੰਚ)

ਇਸ ਪਿੰਡ ਦੇ ਜੰਮਪਲ ਅਵਤਾਰ ਸਿੰਘ ਜੋ ਕਿ ਕੈਨੇਡਾ ਵਿੱਚ ਰਹਿੰਦੇ ਸਨ। 1958 ਵਿੱਚ ਕਨੇਡੀਅਨ ਸਾਰਟੀਫਾਈਡ ਪਾਈਲਟ ਬਣੇ। ਇੰਡੋ-ਕਨੇਡੀਅਨ ਟਾਈਮਜ਼



S. Avtar Singh canadian
( Ex Sarpanch)

ਵੀਕਲੀ ਦੇ ਜਨਰਨਲਿਸਟ 12 ਸਾਲ ਰਹੇ। ਮਰਣ ਉਪਰੰਤ ਔਰਗਨ(100 ਫੀਸਦੀ) ਡੋਨਰ ਸਨ। ਨੰਗਲ ਕਲਾਂ ਉਸ ਸਮੇਂ ਪੰਜ ਲੱਖ ਰੁਪਿਆ ਖਰਚ ਕੇ ਪਿੰਡ ਨੂੰ ਇੱਕ ਨਵੀਂ ਦਿੱਖ ਦਿੱਤੀ, ਉਸ ਸਮੇਂ ਸਿਚਾਈ ਲਈ ਵੱਡਾ ਟਿਊਬਵੈੱਲ ਲਗਾਇਆ। ਪਿੰਡ ਦੇ ਗੰਦੇ ਛੱਪੜ ਨੂੰ ਮੱਛੀ ਫਾਰਮ ਦਾ ਰੂਪ ਦਿੱਤਾ। ਸੜਕ ਉਪਰ ਬੋਰਡ ਲਿੱਖ ਕੇ ਲਗਵਾਏ। ਪਿੰਡ ਵਿੱਚ ਮੌਜੂਦਾ ਪੰਚਾਇਤ ਘਰ ਜਿਸ ਦਾ ਉਦਘਾਟਨ 19.09.1966 ਨੂੰ ਮੌਜੂਦਾ ਡੀ.ਸੀ ਪਾਸੋਂ ਕਰਵਾਇਆ। 1968 ਵਿੱਚ ਪਿੰਡ ਨੰਗਲ ਕਲਾਂ ਨੂੰ ਸਰਵਉੱਚਤਮ ਪਿੰਡ ਦਾ ਸਰਕਾਰ ਵਲੋਂ ਦਰਜਾ ਦਿੱਤਾ ਗਿਆ। ਖੇਡਾਂ ਦੇ ਕੌਮੀ ਨੈਸ਼ਨਲ ਮੁਕਾਬਲਿਆ ਵਿੱਚ ਰਨਰ ਅੱਪ ਰਿਹਾ। ਆਲ ਇੰਡੀਆ ਰੇਡਿਓ ਜਲੰਧਰ ਤੋਂ ਅਤੇ ਲੋਕ ਸੰਪਰਕ ਵਿਭਾਗ ਵਲੋਂ ਪਿੰਡ ਵਿੱਚ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਂਦੇ ਸਨ। ਸਰਪੰਚ ਅਵਤਾਰ ਸਿੰਘ ਜੀ ਦੀ ਮਿਹਨਤ ਸਦਕਾ ਪਿੰਡ ਨੇ ਬਹੁਤ ਤਰੱਕੀ ਕੀਤੀ।



ਮੈਂ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਮਾਸਟਰ ਕਰਨੈਲ ਸਿੰਘ ਨੰਗਲ ਕਲਾਂ ਦਾ ਬਹੁਤ-ਬਹੁਤ ਧੰਨਵਾਦੀ ਹਾਂ ਅਤੇ ਉਹ ਵਧਾਈ ਦੇ ਪਾਤਰ ਹਨ, ਜਿਹਨਾਂ ਆਪਣੇ ਪਿੰਡ ਨੰਗਲ ਕਲਾਂ ਦੇ ਸ਼ਹੀਦਾਂ ਬਾਰੇ ਹਫਤਾਵਾਰੀ ਅਖਬਾਰ "ਦੇਸ਼-ਦੁਆਬਾ" ਵਿਚ ਵਿਸ਼ੇਸ ਲੇਖ ਛਾਪ ਕੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ। ਇਹ ਇਕ ਬਹੁਤ ਵਧੀਆ ਉਪਰਾਲਾ ਹੈ ਅਤੇ ਅਲੋਪ ਹੋ ਰਹੇ ਸ਼ਹੀਦਾਂ ਦੇ ਇਤਿਹਾਸ ਬਾਰੇ ਜਾਣਕਾਰੀ ਨੂੰ ਉਘਾੜਿਆ ਹੈ। ਅਸੀਂ ਆਸ ਕਰਦੇ ਹਾਂ ਕਿ ਮਾਸਟਰ ਕਰਨੈਲ ਸਿੰਘ ਨੰਗਲ ਕਲਾਂ ਇਸੇ ਤਰ੍ਹਾਂ ਇਤਿਹਾਸਕ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਦੇ ਰਹਿਣਗੇ।

**– ਸਤਨਾਮ ਸਿੰਘ 'ਨੰਗਲ ਕਲਾਂ' (ਯੂਬਾ ਸਿਟੀ)**

# ਆਸਾਨੀ ਨਾਲ ਬਾਜ਼ ਨਹੀ ਆਵੇਗਾ ਚੀਨ



ਬ੍ਰਹਮਾ ਚੇਲਾਨੀ

ਲੱਦਾਖ ਵਿਚ ਭਾਰਤੀ ਜ਼ਮੀਨ ’ਤੇ ਬਦਨੀਅਤੀ ਦੀ ਮਨਸ਼ਾ ਨਾਲ ਚੀਨ ਨੇ ਜੋ ਹਮਲਾਵਰ ਰੁਖ਼ ਦਿਖਾਇਆ ਹੈ, ਉਹ ਕੋਈ ਨਵੀਂ ਗੱਲ ਨਹੀਂ। ਇਹ ਸਾਲ 1979 ਵਿਚ ਵੀਅਤਨਾਮ ਵਿਚ ਘੁਸਪੈਠ ਦੀ ਉਸ ਦੀ ਨਾਕਾਮ ਰਣਨੀਤੀ ਦਾ ਹੀ ਇਕ ਵਿਸਥਾਰ ਹੈ। ਇਹ ਰਣਨੀਤੀ ਅਸਲ ਵਿਚ ਬਿਨਾਂ ਜੰਗ ਲੜੇ ਹੀ ਜ਼ਮੀਨ ’ਤੇ ਕਬਜ਼ਾ ਕਰਨ ’ਤੇ ਕੇਂਦਰਿਤ ਹੈ। ਇਸੇ ਲੜੀ ਵਿਚ ਉਸ ਨੇ 1988 ਵਿਚ ਜਾਨਸਨ ਰੀਫ ਅਤੇ 1995 ਵਿਚ ਮਿਸਚੀਫ ਰੀਫ ’ਤੇ ਕਬਜ਼ਾ ਕਰਨ ਦੇ ਨਾਲ ਹੀ ਸੰਨ 2012 ਵਿਚ ਸਕਾਰਬਰੋ ਸ਼ੋਲ ’ਤੇ ਵੀ ਕਬਜ਼ਾ ਕਰ ਲਿਆ ਸੀ।

ਸੰਨ 2013 ਤੋਂ ਉਸ ਨੇ ਗੁਆਂਢੀ ਮੁਲਕਾਂ ਦੀਆਂ ਜ਼ਮੀਨਾਂ ’ਤੇ ਆਪਣਾ ਦਾਅਵਾ ਠੋਕਣਾ ਤੇਜ਼ ਕਰ ਦਿੱਤਾ। ਉਸ ਨੇ ਇਕ ਵੀ ਗੋਲ਼ੀ ਦਾਗ਼ੇ ਬਿਨਾਂ ਹੀ ਦੱਖਣੀ ਚੀਨ ਸਾਗਰ ਦੇ ਭੂ-ਰਜਨੀਤਕ ਨਕਸ਼ੇ ਨੂੰ ਬਦਲ ਦਿੱਤਾ। ਦੁਰਗਮ ਉੱਚਾਈ ਵਾਲੇ ਲੱਦਾਖ ਦੇ ਇਲਾਕਿਆਂ ਵਿਚ ਚੀਨੀ ਫ਼ੌਜ ਅਰਥਾਤ ਪੀਐੱਲਏ ਵੱਲੋਂ ਅਪਣਾਇਆ ਗਿਆ ਹਮਲਾਵਰ ਰੁਖ਼ 1980 ਦੇ ਦਹਾਕੇ ਵਿਚ ਅਪਣਾਈ ਗਈ ਜ਼ਮੀਨ ਹੜੱਪਣ ਦੀ ਨੀਤੀ ਤੋਂ ਅਲੱਗ ਹੈ।

ਹੁਣ ਚੀਨ ਸਰਹੱਦ ’ਤੇ ਖ਼ਾਲੀ ਪਈ ਜ਼ਮੀਨ ’ਤੇ ਭਾਰਤ ਦੇ ਨੱਕ ਥੱਲਿਓਂ ਕਬਜ਼ਾ ਕਰਨ ਦੀ ਆਪਣੀ ਆਮ ਰਵਾਇਤ ਤੋਂ ਦੂਰ ਚਲਾ ਗਿਆ ਹੈ। ਦੱਖਣੀ ਚੀਨ ਸਾਗਰ ਵਿਚ ਚੀਨ ਦਾ ਖੇਤਰੀ ਵਿਸਥਾਰ ਮੁੱਖ ਤੌਰ ’ਤੇ ਵਿਵਾਦਿਤ ਪਰ ਖ਼ਾਲੀ ਪਏ ਸ਼ੋਲਜ਼ ਅਤੇ ਰੀਫਸ ਨੂੰ ਹਥਿਆਉਣ ’ਤੇ ਕੇਂਦਰਿਤ ਰਿਹਾ ਹੈ। ਬਾਅਦ ਵਿਚ ਉਸ ਨੇ ਉਨ੍ਹਾਂ ਨੂੰ ਮਸਨੂਈ ਟਾਪੂਆਂ ਵਿਚ ਬਦਲ ਦਿੱਤਾ। ਇਸੇ ਲੜੀ ਵਿਚ ਪੀਐੱਲਏ ਨੇ 2017 ਵਿਚ ਹਿਮਾਲਿਆਈ ਖੇਤਰ ਵਿਚ ਵਸੋਂ ਰਹਿਤ ਅਤੇ ਉਜਾੜ ਡੋਕਲਾਮ ਪਠਾਰ ਵਿਚ ਘੁਸਪੈਠ ਕੀਤੀ। ਦੁਨੀਆ ਵਿਚ ਸਭ ਤੋਂ ਛੋਟੇ ਦੇਸ਼ਾਂ ’ਚੋਂ ਇਕ ਭੂਟਾਨ ਨੇ ਦਾਅਵਾ ਕੀਤਾ ਕਿ ਇਹ ਉਸ ਦਾ ਖੇਤਰ ਹੈ। ਕਿਉਂਕਿ ਭਾਰਤ ਨੇ ਭੂਟਾਨ ਨੂੰ ਸੁਰੱਖਿਆ ਉਪਲਬਧ ਕਰਵਾਉਣ ਦੀ ਗਾਰੰਟੀ ਦਿੱਤੀ ਹੋਈ ਸੀ ਤਾਂ ਇਸ ਘੁਸਪੈਠ ਨੂੰ ਲੈ ਕੇ ਡੋਕਲਾਮ ਦੇ ਦੱਖਣ-ਪੱਛਮੀ ਕੋਨੇ ’ਤੇ ਭਾਰਤ ਅਤੇ ਚੀਨੀ ਫ਼ੌਜ ਵਿਚਾਲੇ 10 ਹਫ਼ਤਿਆਂ ਦਾ ਲੰਬਾ ਟਕਰਾਅ ਚੱਲਿਆ।

ਚੀਨੀ ਹਮਲਾਵਰ ਰੁਖ਼ ਗੁਆਂਢੀ ਮੁਲਕਾਂ ਦੀ ਜ਼ਮੀਨ ਹੜੱਪਦਾ ਜਾ ਰਿਹਾ ਹੈ। ਚੀਨ ਸਮਰਥਕ ਕਮਿਊਨਿਸਟ ਸਰਕਾਰ ਵਾਲੇ ਨੇਪਾਲ ਵਿਚ ਲੀਕ ਹੋਈ ਇਕ ਹਾਲੀਆ ਅੰਦਰੂਨੀ ਰਿਪੋਰਟ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਉਸ ਦੀ ਜ਼ਮੀਨ ਚੀਨੀ ਨਿਰਮਾਣ ਪ੍ਰਾਜੈਕਟਾਂ ਦੀ ਭੇਟ ਚੜ੍ਹਦੀ ਜਾ ਰਹੀ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਕੋਸ਼ਿਸ਼ ਸਦਕਾ ਨਦੀਆਂ ਦੀ ਧਾਰਾ ਵਿਚ ਵੀ ਬਦਲਾਅ ਹੋ ਰਿਹਾ ਹੈ। ਪੂਰਬੀ ਚੀਨ ਸਾਗਰ ਵਿਚ ਜਾਪਾਨ ਦੇ ਸ਼ਾਸਨ ਹੇਠਲੇ ਸੇਨਕਾਕੂ ਟਾਪੂ ਵਿਚ ਵੀ ਚੀਨ ਨੇ ਘੁਸਪੈਠ ਕੀਤੀ ਹੈ। ਇਸ ਦਾ ਮਕਸਦ ਉੱਥੇ ਜਾਪਾਨੀ ਪਕੜ ਨੂੰ ਢਿੱਲੀ ਕਰ ਕੇ ਆਪਣੀ ਪ੍ਰਭੂਸੱਤਾ ਦੇ ਦਾਅਵੇ ਨੂੰ ਮਜ਼ਬੂਤ ਕਰਨਾ ਹੈ।

ਚੀਨ ਦੇ ਅਜਿਹੇ ਹਮਲਾਵਰ ਰੁਖ਼ ਦੇ ਅੱਗੇ ਜਾਪਾਨ ਖ਼ੁਦ ਨੂੰ ਰੱਖਿਆਤਮਕ ਸਥਿਤੀ ਵਿਚ ਮਹਿਸੂਸ ਕਰ ਰਿਹਾ ਹੈ। ਭਾਰਤ ਵਿਰੁੱਧ ਹਮਲਾਵਰ ਰੁਖ਼ ਚੀਨੀ ਫ਼ੌਜ ਦੀ ਤਿਕੜਮਾਂ ਵਾਲੀ ਰਵਾਇਤ ਨੂੰ ਹੀ ਦਰਸਾਉਂਦਾ ਹੈ ਅਤੇ ਇਹ ਰਵਾਇਤ ਇਹੀ ਇਸ਼ਾਰਾ ਕਰਦੀ ਹੈ ਕਿ ਚੀਨ ਦੇ ਵਿਸਥਾਰਵਾਦੀ ਮਨਸੂਬੇ ਵਿਚ ਫਸੀਆਂ ਹੋਈਆਂ ਹਨ। ਛਲ-ਕਪਟ ਅਤੇ ਅਣਕਿਆਸੇ ਹਮਲੇ ਚੀਨ ਦੀ ਫ਼ੌਜੀ ਰਣਨੀਤੀ ਦਾ ਅਟੁੱਟ ਹਿੱਸਾ ਹਨ। ਲੱਦਾਖ ਵਿਚ ਉਸ ਦੀ ਹਿਮਾਕਤ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਭਾਰਤ ਵਿਚ ਦਿੱਤੇ ਗਏ ਇਸ ਬਿਆਨ ਦੇ ਛੇ ਮਹੀਨੇ ਬਾਅਦ ਹੀ ਦੇਖਣ ਨੂੰ ਮਿਲੀ ਜਿਸ ਵਿਚ ਸ਼ੀ ਨੇ ਕਿਹਾ ਸੀ ਕਿ ਭਾਰਤ ਅਤੇ ਚੀਨ ਦੇ ਰਿਸ਼ਤੇ ਇਕ ਨਵੇਂ ਦੌਰ ਵਿਚ ਦਾਖ਼ਲ ਹੋ ਗਏ ਹਨ। ਸ਼ੀ ਨੇ ਭਾਰਤ ’ਤੇ ਉਦੋਂ ਵਾਰ ਕੀਤਾ ਜਦ ਉਸ ਦਾ ਧਿਆਨ ਚੀਨ ਤੋਂ ਉਪਜੇ ਕੋਰੋਨਾ ਵਾਇਰਸ ਨਾਲ ਨਜਿੱਠਣ ਵਿਚ ਦੁਨੀਆ ਦੇ ਸਭ ਤੋਂ ਸਖ਼ਤ ਲਾਕਡਾਊਨ ਨੂੰ ਲਾਗੂ ਕਰਨ ਵਿਚ ਲੱਗਾ ਹੋਇਆ ਸੀ।



Jon Berkeley/Getty/REUTERS

ਖ਼ਤਰਨਾਕ ਦੌਰ ਵਿਚ ਦਾਖ਼ਲ ਹੋ ਗਏ ਹਨ। ਚੀਨੀ ਫ਼ੌਜ ਵੱਡੇ ਨਿਰਲੱਜ ਤਰੀਕੇ ਨਾਲ ਉਸ ਜ਼ਮੀਨ ’ਤੇ ਕਾਬਜ਼ ਹੋ ਗਈ ਹੈ ਜੋ ਅਸਲ ਵਿਚ ਦੂਜੇ ਦੇਸ਼ ਦੇ ਫ਼ੌਜੀ ਗਸ਼ਤ ਵਾਲੇ ਇਲਾਕੇ ਵਿਚ ਆਉਂਦੀ ਸੀ। ਇਸ ਹਰਕਤ ਕਾਰਨ ਚੀਨ ਅਤੇ ਭਾਰਤ ਦੇ ਦੁਵੱਲੇ ਰਿਸ਼ਤਿਆਂ ਵਿਚ 1962 ਦੀ ਜੰਗ ਮਗਰੋਂ ਸਭ ਤੋਂ ਵੱਡੀ ਗਿਰਾਵਟ ਦੇਖੀ ਜਾ ਰਹੀ ਹੈ। ਭਾਰਤੀ ਫ਼ੌਜ ਦੀ ਕਿਸੇ ਸੰਭਾਵੀ ਕਾਰਵਾਈ ਦਾ ਜਵਾਬ ਦੇਣ ਲਈ ਚੀਨੀ ਫ਼ੌਜ ਨੇ ਹਿਮਾਲਿਅਨ ਇਲਾਕੇ ਵਿਚ ਭਾਰਤ ਨਾਲ ਲੱਗਦੀ ਸਰਹੱਦ ’ਤੇ ਫ਼ੌਜੀ ਜਮਾਵੜਾ ਵਧਾ ਦਿੱਤਾ ਹੈ। ਹੁਣ ਦੋਵੇਂ ਧਿਰਾਂ ਦੁਨੀਆ ਦੀ ਸਭ ਤੋਂ ਦੁਰਗਮ ਸਰਹੱਦ ਦੇ ਆਲੇ-ਦੁਆਲੇ ਤਲਖ਼ ਫ਼ੌਜੀ ਅੜਿਕਾ

ਚੀਨ ਨੇ ਲੱਦਾਖ ਦੇ ਉਨ੍ਹਾਂ ਇਲਾਕਿਆਂ ਵਿਚ ਘੁਸਪੈਠ ਕੀਤੀ ਜੋ ਅਸਲ ਵਿਚ ਉਸ ਦੀ ਮਸਨੂਈ ਤੌਰ ’ਤੇ ਖਿੱਚੀ ਗਈ ਸਰਹੱਦ ਤੋਂ ਵੀ ਖਾਸੇ ਦੂਰ ਹਨ। ਇਸ ਨੇ ਸ਼ੀ ਦੀ ਅਗਵਾਈ ਵਿਚ ਚੀਨ ਦੀ ਜ਼ਮੀਨ ’ਤੇ ਕਬਜ਼ਾ ਕਰਨ ਦੀ ਭੁੱਖ ਨੂੰ ਹੀ ਉਜਾਗਰ ਕੀਤਾ ਹੈ। ਬੀਜਿੰਗ ਨੇ ਵਾਰ-ਵਾਰ ਦੁਹਰਾਇਆ ਹੈ ਕਿ ਉਹ ਕਿਸੇ ਵੀ ਨਵੇਂ ਭੂਗੋਲਿਕ-ਖੇਤਰ ’ਤੇ ਦਾਅਵਾ ਕਰ ਸਕਦਾ ਹੈ ਜਾਂ ਕਿਸੇ ਵੀ ਵਕਤ, ਕਿਤੇ ਵੀ ਮੌਜੂਦਾ ਸਥਿਤੀ ਨੂੰ ਖ਼ਤਮ ਕਰ ਸਕਦਾ ਹੈ। ਮਿਸਾਲ ਦੇ ਤੌਰ ’ਤੇ ਇਸੇ ਸਾਲ ਜੁਲਾਈ ਤੋਂ ਬੀਜਿੰਗ ਨੇ ਭੂਟਾਨ ਦੇ ਪੂਰਬੀ ਹਿੱਸੇ ’ਤੇ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੀ ਸਰਹੱਦ ਸਿਰਫ਼ ਅਰੁਣਾਚਲ ਨਾਲ ਮਿਲਦੀ ਹੈ। ਇਸ ਨਵੇਂ ਦਾਅਵੇ ਦੇ ਨਾਲ ਹੀ ਚੀਨ ਨੇ ਅਰੁਣਾਚਲ ਅਤੇ ਭੂਟਾਨ ਵਿਰੁੱਧ ਇਕ ਨਵੀਂ ਮੁਹਿੰਮ ਛੇੜ ਦਿੱਤੀ ਹੈ। ਚੀਨ ਦੇ ਸਰਕਾਰੀ ਮੀਡੀਆ ਨੇ ਅਚਾਨਕ ਹੀ ਇਹ ਵੀ ਲੱਭ ਲਿਆ ਕਿ ਤਜਾਕਿਸਤਾਨ ਵਿਚ ਪਾਮੀਰ ਦਾ ਪਠਾਰ ਇਤਿਹਾਸਕ ਤੌਰ ’ਤੇ ਚੀਨ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਮਈ ਵਿਚ ਉਸ ਨੇ ਨੇਪਾਲੀ ਪ੍ਰਭੂਸੱਤਾ ਦੇ ਪ੍ਰਤੀਕ ਅਤੇ ਦੁਨੀਆ ਦੇ ਸਭ ਤੋਂ ਉੱਚੇ ਪਰਬਤ ਮਾਊਂਟ ਐਵਰੈਸਟ ’ਤੇ ਵੀ ਦਾਅਵਾ ਠੋਕਿਆ ਸੀ। ਪਿਛਲੇ ਮਹੀਨੇ ਹੀ ਚੀਨੀ ਸਰਕਾਰੀ ਜਹਾਜ਼ ਜਾਪਾਨ ਦੇ ਦੱਖਣੀ ਬਿੰਦੂ ਓਕਿਨੋਤਰੀ ਟਾਪੂ ਦੇ ਵਿਸ਼ੇਸ਼ ਆਰਥਿਕ ਖੇਤਰ ਅਰਥਾਤ ਈਈਜ਼ੈਡ ਵਿਚ ਸਮੁੰਦਰੀ ਖੋਜ ਸਰਗਰਮੀਆਂ ਕਰਦਾ ਦੇਖਿਆ ਗਿਆ।

ਜਦ ਟੋਕੀਓ ਨੇ ਇਸ ਦਾ ਵਿਰੋਧ ਕੀਤਾ ਤਾਂ ਬੀਜਿੰਗ ਨੇ ਕਿਹਾ ਕਿ ਇਸ ਈਈਜ਼ੈਡ ’ਤੇ ਜਾਪਾਨ ਦੇ ਇਕਲੌਤੇ ਦਾਅਵੇ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ ਕਿਉਂਕਿ ਓਕਿਨੋਤਰੀ ਕੋਈ ਟਾਪੂ ਨਹੀ ਸਗੋਂ ਚੱਟਾਨਾਂ ਦਾ ਸਮੂਹ ਹੈ। ਕਿਸੇ ਦੇਸ਼ ਦੀ ਜ਼ਮੀਨ ’ਤੇ ਕਬਜ਼ਾ ਕਰਨਾ ਅਤੇ ਇਹ ਦਾਅਵਾ ਕਰਨਾ ਕਿ ਉਹ ਪ੍ਰਾਚੀਨ ਕਾਲ ਤੋਂ ਚੀਨ ਦਾ ਹਿੱਸਾ ਹੈ, ਚੀਨੀ ਕਮਿਊਨਿਸਟ ਪਾਰਟੀ ਦੀ ਪੁਰਾਣੀ ਤਿਕੜਮ ਹੈ। ਇਸੇ ਕੜੀ ਵਿਚ ਉਸ ਨੇ ਗਲਵਾਨ ਵਾਦੀ ’ਤੇ ਆਪਣਾ ਦਾਅਵਾ ਕੀਤਾ ਹੈ। ਕਿਉਂਕਿ ਚੀਨ 1951 ਵਿਚ ਤਿੱਬਤ ’ਤੇ ਕਬਜ਼ਾ ਕਰਨ ਕਰ ਕੇ ਭਾਰਤ ਦਾ ਗੁਆਂਢੀ ਬਣਿਆ ਸੀ, ਇਸ ਲਈ ਭਾਰਤ, ਨੇਪਾਲ, ਭੂਟਾਨ ਅਤੇ ਦੂਰ-ਦੁਰਾਡੇ ਸਥਿਤ ਉੱਤਰੀ ਮਿਆਂਮਾਰ ਦੇ ਨਾਲ ਚੀਨ ਦੀ ਸਰਹੱਦ ਲੱਗ ਗਈ। ਅਸਲ ਵਿਚ ਸ਼ੀ ਜਿਨਪਿੰਗ ਉੱਥੋਂ ਸ਼ੁਰੂਆਤ ਕਰਨੀ ਚਾਹੁੰਦੇ ਹਨ ਜਿੱਥੋਂ ਮਾਓ ਨੇ ਕੰਮ ਅਧੂਰਾ ਛੱਡ ਦਿੱਤਾ ਸੀ। ਮਾਓ ਤਿੱਬਤ ਨੂੰ ਚੀਨ ਦੀ ਤਲੀ ਦੇ ਨਾਲ ਹੀ ਨੇਪਾਲ, ਭੂਟਾਨ ਦੇ ਇਲਾਵਾ ਲੱਦਾਖ, ਸਿੱਕਮ ਅਤੇ ਅਰੁਣਾਚਲ ਵਰਗੇ ਤਿੰਨ ਭਾਰਤੀ ਇਲਾਕਿਆਂ ਨੂੰ ਉਸ ਦੀਆਂ ਪੰਜ ਉਂਗਲਾਂ ਮੰਨਦਾ

(ਬਾਕੀ ਅਗਲੇ ਸਫੇ ‘ਤੇ)






### ਔਰਤ ਸਮਾਨਤਾ ਦਿਵਸ 26 ਅਗਸਤ 'ਤੇ ਵਿਸ਼ੇਸ਼

# ਭਾਰਤ ਵਿੱਚ ਔਰਤਾਂ ਦੇ ਹੱਕਾਂ ਦਾ ਹੋ ਰਿਹਾ ਹੈ ਤ੍ਰਿਸਕਾਰ

**ਬਹੁਤੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਦੁਨੀਆਂ ਦੀ ਅੱਧੀ ਅਬਾਦੀ ਔਰਤਾਂ ਦੀ ਹੈ। ਦੇਸ਼ ਭਾਰਤ 'ਚ ਵੀ ਅੱਧੀ ਆਬਾਦੀ ਔਰਤਾਂ ਹਨ। ਪਰ ਇਹਨਾਂ ਔਰਤਾਂ/ਲੜਕੀਆਂ ਦੇ ਹੱਕਾਂ ਦੀ ਅਣਦੇਖੀ ਲਗਾਤਾਰ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਦੇਸ਼ ਭਾਰਤ ਵਿਚ ਔਰਤਾਂ ਦੇ ਕੰਮਾਂ ਦੇ ਸਥਾਨਾਂ 'ਚ ਉਹਨਾਂ ਦੀ ਸੁਰੱਖਿਆ, ਕੰਮ ਦੇ ਘੰਟਿਆਂ ਤੇ ਬਰਾਬਰ ਤਨਖਾਹ, ਭਰੂਣ ਹੱਤਿਆ, ਦਾਜ ਦਹੇਜ ਵਿਰੁੱਧ, ਛੋਟੀ ਉਮਰ 'ਚ ਵਿਆਹ ਨਾ ਹੋਣ ਦੇਣ ਬਾਰੇ ਕਨੂੰਨ ਬਣੇ ਹੋਏ ਹਨ, ਦੇਸ਼ 'ਚ ਔਰਤਾਂ ਨੂੰ ਪਾਰਲੀਮੈਂਟ ਵਿਚ 33ਫੀਸਦੀ ਰਿਜ਼ਰਵੇਸ਼ਨ ਅਤੇ ਪੰਚਾਇਤਾਂ/ਨਗਰਪਾਲਿਕਾਵਾਂ ਵਿਚ 50 ਫੀਸਦੀ ਸੀਟਾਂ ਮੁਹੱਈਆ ਕਰਨ ਦੀ ਗੱਲ ਆਖੀ ਗਈ ਹੈ। ਪਰ ਇਹਨਾਂ ਸਾਰੇ ਕਾਨੂੰਨਾਂ ਨੂੰ ਲਾਗੂ ਕਰਨ 'ਚ ਸਰਕਾਰਾਂ ਸੰਜੀਦਾ ਨਹੀਂ। ਚੁਣੀਆਂ ਪੰਚਾਂ, ਸਰਪੰਚਾਂ, ਨਗਰਪਾਲਿਕਾਵਾਂ ਦੀਆਂ ਐਮ.ਸੀ. ਦੇ ਥਾਂ ਉਹਨਾਂ ਦੇ ਮਰਦ ਪਤੀ, ਪੁੱਤਰ ਜਾਂ ਪਿਤਾ ਕੰਮ ਕਰਦੇ ਹਨ ਅਤੇ ਸਰਕਾਰੀ ਦਫ਼ਤਰਾਂ 'ਚ ਜਾਂ ਮੀਟਿੰਗਾਂ 'ਚ ਭਾਗੀਦਾਰੀ ਤੋਂ ਬਿਨਾਂ ਹੋਰ ਕੁਝ ਵੀ ਕੰਮ ਉਹਨਾਂ ਦੇ ਹਿੱਸੇ ਨਹੀਂ ਰਹਿੰਦਾ।**



**ਗੁਰਮੀਤ ਪਲਾਹੀ**
**91-98158-02070**

ਔਰਤਾਂ ਦੇ ਹੱਕਾਂ ਨੂੰ ਮਨੁੱਖੀ ਹੱਕਾਂ ਵਜੋਂ ਵੇਖਿਆ ਜਾਂਦਾ ਹੈ। ਔਰਤਾਂ ਦੇ ਇਹ ਹੱਕ ਘਰੇਲੂ ਹਿੰਸਾ, ਗ਼ੁਲਾਮੀ ਅਤੇ ਵਿਤਕਰੇ ਤੋਂ ਮੁਕਤੀ ਵਜੋਂ ਤਾਂ ਪ੍ਰਵਾਨੇ ਜਾਣ ਦੀ ਗੱਲ ਕੀਤੀ ਹੀ ਜਾਂਦੀ ਹੈ ਪਰ ਨਾਲ ਦੀ ਨਾਲ ਮਰਦਾਂ ਬਰੋਬਰ ਸਿੱਖਿਆ, ਕ੍ਰਿਤ ਕਮਾਈ ਤੋਂ ਬਰੋਬਰ ਤਨਖਾਹ ਅਤੇ ਜਾਇਦਾਦ ਦਾ ਅਧਿਕਾਰ ਵੀ ਉਸ ਦੇ ਹੱਕਾਂ ਵਿਚ ਸ਼ਾਮਲ ਹੈ। ਦੁਨੀਆਂ ਭਰ ਵਿਚ ਵੱਖੋ-ਵੱਖਰੀਆਂ ਰਿਵਾਇਤਾਂ, ਕਾਨੂੰਨ ਅਤੇ ਵਰਤਾਰੇ ਤਹਿਤ ਔਰਤਾਂ ਨੂੰ ਸਦੀਆਂ ਤੋਂ ਲਿਤਾੜਿਆ ਜਾਂਦਾ ਰਿਹਾ। ਉਹਨਾਂ ਦੇ ਜਜ਼ਬਿਆਂ ਦਾ ਘਾਣ ਕੀਤਾ ਜਾਂਦਾ ਰਿਹਾ। ਭਾਵੇਂ ਸਮੇਂ-ਸਮੇਂ 'ਤੇ ਸਮਾਜ 'ਚ ਕੁਝ ਚਿੰਤਕਾਂ ਨੇ ਔਰਤਾਂ ਦੇ ਹੱਕਾਂ ਲਈ ਆਵਾਜ਼ ਉਠਾਈ, ਉਹਨਾਂ ਨੂੰ ਮਰਦਾਂ ਬਰਾਬਰ ਅਧਿਕਾਰਾਂ ਦੀ ਵਕਾਲਤ ਕੀਤੀ। ਔਰਤਾਂ ਦੇ ਹੱਕਾਂ ਲਈ ਅਮਰੀਕਾ, ਕੈਨੇਡਾ ਅਤੇ ਹੋਰ ਪੱਛਮੀ ਦੇਸ਼ਾਂ ਅਤੇ ਚੀਨੀ ਇਨਕਲਾਬ ਵੇਲੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਵੋਟ ਦਾ ਅਧਿਕਾਰ ਦੇਣ ਲਈ ਮੁਹਿੰਮਾਂ ਛਿੜੀਆਂ। ਪੱਛਮੀ ਦੁਨੀਆਂ ਵਿਚ ਪਹਿਲੇ ਪੜਾਅ 'ਚ ਮੱਧ ਵਰਗ ਅਤੇ ਉੱਚ ਵਰਗ ਦੀਆਂ ਔਰਤਾਂ ਨੂੰ ਸਿਆਸੀ ਦੁਨੀਆਂ 'ਚ ਪ੍ਰਵੇਸ਼ ਲਈ ਅਧਿਕਾਰ ਮਿਲੇ। ਦੂਜੇ ਪੜਾਅ ਅਤੇ ਤੀਜੇ ਪੜਾਅ ਵਿਚ ਔਰਤਾਂ ਨੂੰ ਸਿੱਖਿਆ, ਕੰਮ ਦੇ ਖੇਤਰ ਅਤੇ ਵੋਟ ਦਾ ਬਰੋਬਰ ਅਧਿਕਾਰ ਮਿਲਿਆ। ਪਰ ਯੂਨਾਈਟਿਡ ਨੈਸ਼ਨਲ ਹਿਊਮਨ ਡਿਵੈਲਪਮੈਂਟ ਦੀ 2004 ਦੀ ਇਕ ਰਿਪੋਰਟ ਅਨੁਸਾਰ ਇਕ ਔਰਤ ਨੂੰ ਮਰਦਾਂ ਦੇ ਮੁਕਾਬਲੇ 20ਫੀਸਦੀ ਵੱਧ ਕੰਮ ਕਰਨਾ ਪੈਂਦਾ ਹੈ ਭਾਵੇਂ ਕਿ ਉਹ ਘਰ ਦੇ ਕੰਮ ਹੀ ਕਿਉਂ ਨਾ ਹੋਣ? ਯੂਨਾਈਟਿਡ ਨੈਸ਼ਨਲ ਅਨੁਸਾਰ ਦੁਨੀਆਂ 'ਚ ਕੁਲ ਕੀਤੇ ਜਾਂਦੇ ਕੰਮਾਂ ਵਿਚ 66ਫੀਸਦੀ ਹਿੱਸਾ ਔਰਤਾਂ ਦਾ ਹੈ (ਭਾਰਤ ਦੀ ਫੀਸਦੀ 48 ਹੈ) ਉਹ 50ਫੀਸਦੀ ਖਾਣ ਵਾਲੇ ਪਦਾਰਥ ਪੈਦਾ ਕਰਦੀਆਂ ਹਨ ਅਤੇ ਉਹਨਾਂ ਨੂੰ ਕੰਮ ਬਦਲੇ ਸਿਰਫ਼ 10ਫੀਸਦੀ ਆਮਦਨ ਪ੍ਰਾਪਤ ਹੁੰਦੀ ਹੈ ਅਤੇ ਇਕ ਫੀਸਦੀ ਔਰਤਾਂ ਹੀ ਜਾਇਦਾਦ ਦੀਆਂ ਮਾਲਕ ਹਨ। ਦੁਨੀਆਂ ਭਰ ਵਿਚ ਭਾਵੇਂ ਹੁਣ ਨੌਕਰੀਪੇਸ਼ਾ ਔਰਤਾਂ ਦੀ ਗਿਣਤੀ ਵਧੀ ਹੈ, ਪਰ ਦੁਨੀਆਂ ਦੀਆਂ ਕੁਲ ਪਾਰਲੀਮੈਂਟਾਂ ਵਿਚ ਉਹਨਾਂ ਦੀ ਫੀਸਦੀ ਸਿਰਫ਼ 24.3 ਹੈ। ਇਹ ਫੀਸਦੀ ਭਾਰਤ ਵਿਚ 14 ਹੈ। ਇਹ ਸਥਿਤੀ ਸਿਰਫ਼ ਕੰਮ ਦੇ ਖੇਤਰ ਜਾਂ ਸਿਆਸੀ ਖੇਤਰ ਦੀ ਹੀ ਨਹੀਂ ਹੈ, ਸਗੋਂ ਮਿਲੇ ਦੂਜੇ ਅਧਿਕਾਰਾਂ ਦੀ ਵੀ ਹੈ।

ਲੜਕੀਆਂ ਔਰਤਾਂ ਦੀ ਭਾਰਤ ਵਿਚਲੀ ਸਥਿਤੀ ਕੋਈ ਬਹੁਤੀ ਸੁਖਾਵੀਂ ਨਹੀਂ। ਭਰੂਣ ਹੱਤਿਆ (ਪੇਟ 'ਚ ਲੜਕੀਆਂ ਦਾ ਕਤਲ), ਦਾਜ ਦਹੇਜ ਦੇ ਮਾਮਲੇ 'ਚ ਦੁਰਵਿਵਹਾਰ, ਛੋਟੀ ਉਮਰ ਵਿਚ ਸ਼ਾਦੀ-ਵਿਆਹ, ਨੌਕਰੀਆਂ ਜਾਂ ਕ੍ਰਿਤ 'ਚ ਘੱਟ ਤਨਖਾਹ, ਘਰੇਲੂ ਹਿੰਸਾ, ਸਿੱਖਿਆ ਲਈ ਲੜਕੀਆਂ ਨੂੰ ਪਿੱਛੇ ਸੁੱਟੀ ਰੱਖਣਾ ਇਹੋ ਜਿਹਾ ਵਰਤਾਰਾ ਹੈ, ਜੋ ਭਾਰਤ 'ਚ ਔਰਤਾਂ ਦੀ ਦਰਦਨਾਕ ਸਥਿਤੀ ਵਰਨਣ ਕਰਦਾ ਹੈ। ਬਚਪਨ 'ਚ ਲੜਕੀਆਂ ਨੂੰ ਮਿਲਦੀ ਲੜਕਿਆਂ ਦੇ ਮੁਕਾਬਲੇ ਘੱਟ ਖੁਰਾਕ, ਬਹੁਤੇ ਸਮਾਜਾਂ ਵਿਚ ਸਿੱਖਿਆ ਨਾ ਦੇਣ ਦੀ ਪ੍ਰਵਿਰਤੀ, ਲੜਕਿਆਂ ਦੇ ਮੁਕਾਬਲੇ ਲੜਕਿਆਂ 'ਚ ਅਜੀਬ ਕਿਸਮ ਦੀ ਹੀਣਭਾਵਨਾ ਪੈਦਾ ਕਰਦੀ ਹੈ। ਭਾਵੇਂ ਕਿ ਅਜੋਕੇ ਸਮੇਂ 'ਚ ਸਿੱਖਿਆ ਦੇ ਖੇਤਰ 'ਚ ਲੜਕੀਆਂ ਵੱਡੀਆਂ ਮੱਲਾਂ ਮਾਰ ਰਹੀਆਂ ਹਨ, ਸਕੂਲ-ਕਾਲਜਾਂ ਵਿਚਲੀਆਂ ਪ੍ਰੀਖਿਆਵਾਂ ਵਿਚ ਉੱਚੇ ਸਥਾਨ ਮੱਲ ਰਹੀਆਂ ਹਨ। ਪਰ ਉਚੇਰੀ ਸਿੱਖਿਆ ਲਈ ਬਹੁਤ ਘੱਟ ਗਿਣਤੀ ਵਿਚ ਲੜਕੀਆਂ ਸਿੱਖਿਆ ਪ੍ਰਾਪਤ ਕਰਦੀਆਂ ਹਨ। ਇਹੋ ਹਾਲ ਦੇਸ਼ ਦੀਆਂ ਪ੍ਰਸ਼ਾਸ਼ਨਿਕ ਨੌਕਰੀਆਂ ਅਤੇ ਹੋਰ ਨੌਕਰੀਆਂ ਵਿਚ ਹੈ। ਪੇਂਡੂ ਲੜਕੀਆਂ/ਔਰਤਾਂ ਦੀ ਹਾਲਤ ਸ਼ਹਿਰ 'ਚ ਰਹਿੰਦੀਆਂ ਔਰਤਾਂ ਦੇ ਮੁਕਾਬਲੇ ਬਹੁਤ ਮੰਦੀ ਹੈ। ਸ਼ਹਿਰੀ ਖੇਤਰ ਦੇ ਸਲੱਮ ਏਰੀਆ ਵਿਚ ਤਾਂ ਲੜਕੀਆਂ/ਔਰਤਾਂ ਸਬੰਧੀ ਬਹੁਤ ਕੁਝ ਅਣਸੁਖਾਵਾਂ ਵੇਖਣ ਨੂੰ ਮਿਲਦਾ ਹੈ। ਇਥੇ ਘਰੇਲੂ ਹਿੰਸਾ, ਕੁੱਟਮਾਰ, ਭੁੱਖਮਰੀ ਆਮ ਹੈ। ਇਹੋ ਜਿਹੀ ਦਰਦਨਾਕ ਹਾਲਤ ਵਿਚ ਕੋਵਿਡ-19 ਨੇ ਹੋਰ ਵਾਧਾ ਕੀਤਾ ਹੈ। ਔਰਤਾਂ ਨਾਲ ਦੇਸ਼ ਭਰ 'ਚ ਘਰਾਂ 'ਚ ਬਦਸਲੂਕੀ, ਬਲਾਤਕਾਰ ਦੀਆਂ ਘਟਨਾਵਾਂ, ਜ਼ਬਰਦਸਤੀ ਸੈਕਸ ਨੇ ਔਰਤਾਂ ਦੀ ਸਥਿਤੀ ਬਦ ਤੋਂ ਬਦਤਰ ਕੀਤੀ ਹੈ। ਕੁਲ 160 ਦੇਸ਼ਾਂ ਵਿਚੋਂ ਭਾਰਤ ਦਾ ਸਥਾਨ ਔਰਤਾਂ ਦੀ ਸਥਿਤੀ ਦੇ ਮਾਮਲੇ ਉੱਤੇ 127ਵਾਂ ਹੈ। ਸੈਕੰਡਰੀ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਸਿਰਫ਼ 39 ਫੀਸਦੀ ਹਨ ਜਦਕਿ ਮਰਦਾਂ ਦੀ ਫੀਸਦੀ 61ਫੀਸਦੀ ਹੈ। ਸਾਲ 2018 'ਚ ਥਾਮਸਨ ਰਿਊਪਰ ਫਾਊਂਡੇਸ਼ਨ ਨੇ ਭਾਰਤ 'ਚ ਔਰਤਾਂ ਦੀ ਸਥਿਤੀ ਬਾਰੇ ਲਿਖਿਆ ਕਿ ਭਾਰਤ ਸੈਕਸ ਹਿੰਸਾ ਦੇ ਮਾਮਲੇ 'ਚ ਦੁਨੀਆਂ ਦਾ ਸਭ ਤੋਂ ਭਿਅੰਕਰ ਦੇਸ਼ ਹੈ। ਭਾਵੇਂ ਕਿ ਦੇਸ਼ ਦੇ ਭਾਰਤੀ ਵੂਮੈਨ ਕਮਿਸ਼ਨ ਨੇ ਇਸ ਰਿਪੋਰਟ ਨੂੰ ਨਕਾਰਿਆ ਹੈ। ਪਰ ਇਸ ਤੱਥ ਨੂੰ ਕਿਵੇਂ ਨਕਾਰਿਆ ਜਾ ਸਕਦਾ ਹੈ ਕਿ ਮਰਦ ਔਰਤ ਨੂੰ ਅਰਧਾਂਗਨੀ ਜਾਂ ਵੈਟਰਹਾਫ ਆਖਦਾ ਹੈ ਅਤੇ ਪਤੀ, ਆਪਣੀ ਪਤਨੀ ਨੂੰ ਬਰਾਬਰ ਦਾ ਅਧਿਕਾਰ ਦੇਣ ਲਈ ਜਾਂ ਉਸਨੂੰ ਬਣਦਾ ਮਹੱਤਵ ਦੇਣ ਲਈ ਵੀ ਤਿਆਰ ਨਹੀਂ ਹੈ। ਮੁਸਲਿਮ ਔਰਤਾਂ ਦੀ ਸਥਿਤੀ ਉਸ ਵੇਲੇ ਹੋਰ ਵੀ ਔਖੀ ਹੁੰਦੀ ਹੈ, ਜਦੋਂ ਉਸਨੂੰ ਬੁਰਕੇ ਵਿਚ ਰਹਿ ਕੇ ਸਮਾਜ ਵਿਚ ਵਿਚਰਨਾ ਪੈਂਦਾ ਹੈ।

ਭਾਵੇਂ ਕਿ ਹਿੰਦੂ ਔਰਤਾਂ ਵੀ ਘੁੰਡ ਕੱਢ ਕੇ ਓਪਰੇ ਮਰਦਾਂ ਤੋਂ ਚਿਹਰਾ ਛੁਪਾਉਂਦੀਆਂ ਹਨ। ਬਿਨਾਂ ਸ਼ੱਕ ਔਰਤਾਂ/ਲੜਕੀਆਂ ਹੁਸ਼ਿਆਰ ਹਨ, ਮਿਹਨਤੀ ਹਨ, ਆਪਣੇ ਕੰਮ 'ਚ ਮਾਹਰ ਹਨ। ਉਹ ਕੰਮ ਵਾਲੇ ਥਾਵਾਂ 'ਚ ਪੂਰੇ ਮਨੋਂ ਕੰਮ ਕਰਦੀਆਂ ਹਨ। ਅਧਿਆਪਕਾਂ ਵਜੋਂ ਕੰਮ ਕਰਦੀਆਂ ਔਰਤਾਂ/ਲੜਕੀਆਂ ਨੇ ਦੇਸ਼ ਵਿਚ ਆਪਣੀ ਪਹਿਚਾਣ ਬਣਾਈ ਹੋਈ ਹੈ। ਨਰਸਿੰਗ ਦੇ ਖੇਤਰ 'ਚ ਉਸਦੀਆਂ ਵਿਲੱਖਣ ਪ੍ਰਾਪਤੀਆਂ ਹਨ। ਪਰ ਕੰਮ ਵਾਲੇ ਥਾਵਾਂ ਉੱਤੇ ਉਹਨਾਂ ਨਾਲ ਕਈ ਹਾਲਤਾਂ ਵਿਚ ਇਹੋ ਜਿਹਾ ਵਰਤਾਰਾ ਕੀਤਾ ਜਾਂਦਾ ਹੈ ਕਿ ਉਹ ਬਹੁਤੀਆਂ ਹਾਲਤਾਂ ਵਿਚ ਆਪਣੇ ਆਪ ਨੂੰ ਬੇਬੱਸ ਸਮਝਦੀਆਂ ਹਨ। ਕੰਮ ਵਾਲੇ ਥਾਵਾਂ 'ਤੇ ਜਾਂ ਮਾਰਕੀਟ ਵਿਚ ਜਾਂ ਬੱਸਾਂ, ਰੇਲਾਂ 'ਚ ਸਫ਼ਰ ਕਰਦਿਆਂ ਉਹਨਾਂ ਨੂੰ ਜਿਸ ਕਿਸਮ ਦੇ ਗੰਦੇ ਇਸ਼ਾਰਿਆਂ, ਗੁੰਡੇ ਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਨਾਲ ਉਹਨਾਂ ਦਾ ਮਨ ਵਲੂੰਧਰਿਆ ਜਾਂਦਾ ਹੈ। ਹੈਰਾਨੀ ਅਤੇ ਪ੍ਰੇਸ਼ਾਨੀ ਦੀ ਗੱਲ ਤਾਂ ਇਹ ਹੈ ਕਿ ਛੋਟੀਆਂ ਲੜਕੀਆਂ, ਔਰਤਾਂ ਨਾਲ ਘਰਾਂ 'ਚ ਇਕੱਲਿਆ ਵੇਖ ਕੇ ਜੋ ਬਲਾਤਕਾਰ, ਛੇੜਖਾਨੀ ਦੀਆਂ ਘਟਨਾਵਾਂ ਹੁੰਦੀਆਂ ਹਨ, ਉਹ ਉਹਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਜਾਂ ਜਾਣੂ-ਪਛਾਣੂ ਲੋਕਾਂ ਵੱਲੋਂ ਹੁੰਦੀਆਂ ਹਨ। 2012-16 ਦੇ ਨੈਸ਼ਨਲ ਕਰਾਈਮ ਬਿਊਰੋ ਦੇ ਅੰਕੜਿਆਂ ਅਨੁਸਾਰ ਹੋਏ ਕੁਲ ਬਲਾਤਕਾਰ ਵਿਚੋਂ ਕੁਲ 40 ਫ਼ੀਸਦੀ ਬਲਾਤਕਾਰ ਨਾਬਾਲਗਾਂ ਦੇ ਹੋਏ ਅਤੇ 95 ਫ਼ੀਸਦੀ ਬਲਾਤਕਾਰ ਕਰਨ ਵਾਲੇ ਉਹਨਾ ਦੇ ਰਿਸ਼ਤੇਦਾਰ ਸਨ। ਭਾਰਤ ਵਰਗੇ ਦੇਸ਼ ਜਿੱਥੇ ਅੱਜ ਵੀ ਛੂਆਛਾਤ ਦਾ ਬੋਲਬਾਲਾ ਹੈ। ਇਸ ਵਿਚ ਵੀ ਬਹੁਤ ਦਰਦ ਔਰਤਾਂ ਨੂੰ ਹੰਢਾਉਣਾ ਪੈਂਦਾ ਹੈ। ਔਰਤਾਂ ਨੂੰ ਮੰਦਰਾਂ ਵਿਚ ਜਾਣ ਦੀ ਆਗਿਆ ਨਹੀਂ। ਖੂਹਾਂ ਤੋਂ ਪਾਣੀ ਭਰਨੋਂ ਉਹ ਤਰਸ ਜਾਂਦੀਆਂ ਹਨ। ਕੀ ਇਹ ਉਹਨਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ।

ਮਨੁੱਖ ਦੇ ਪੰਜ ਮੁੱਢਲੇ ਅਧਿਕਾਰ ਸਾਡੀਆਂ ਵਿਸ਼ਵ ਪੱਧਰੀ ਸੰਸਥਾਵਾਂ ਵੱਲੋਂ ਪ੍ਰਵਾਨਤ ਹਨ। ਪਹਿਲਾ ਬਰਾਬਰਤਾ ਅਤੇ ਵਿਤਕਰੇ ਤੋਂ ਆਜ਼ਾਦੀ, ਦੂਜਾ ਜ਼ਿੰਦਗੀ ਅਤੇ ਨਿੱਜੀ ਸੁਰੱਖਿਆ ਦੀ ਆਜ਼ਾਦੀ, ਤੀਜਾ ਹਿੰਸਾ ਅਤੇ ਤ੍ਰਿਸਕਾਰ ਵਤੀਰੇ ਤੋਂ ਆਜ਼ਾਦੀ, ਚੌਥਾ ਕਨੂੰਨ ਅੱਗੇ ਬਰਾਬਰਤਾ, ਪੰਜਵਾਂ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਅਤੇ ਕਿਸੇ ਵੀ ਧਰਮ ਨੂੰ ਪ੍ਰਵਾਨ ਕਰਨ ਦੀ ਆਜ਼ਾਦੀ ਦਾ ਹੱਕ।

ਪਰ ਬਹੁਤੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਦੁਨੀਆਂ ਦੀ ਅੱਧੀ ਅਬਾਦੀ ਔਰਤਾਂ ਦੀ ਹੈ। ਦੇਸ਼ ਭਾਰਤ 'ਚ ਵੀ ਅੱਧੀ ਆਬਾਦੀ ਔਰਤਾਂ ਹਨ। ਪਰ ਇਹਨਾਂ ਔਰਤਾਂ/ਲੜਕੀਆਂ ਦੇ ਹੱਕਾਂ ਦੀ ਅਣਦੇਖੀ ਲਗਾਤਾਰ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਦੇਸ਼ ਭਾਰਤ ਵਿਚ ਔਰਤਾਂ ਦੇ ਕੰਮਾਂ ਦੇ ਸਥਾਨਾਂ 'ਚ ਉਹਨਾਂ ਦੀ ਸੁਰੱਖਿਆ, ਕੰਮ ਦੇ ਘੰਟਿਆਂ ਤੇ ਬਰਾਬਰ ਤਨਖਾਹ, ਭਰੂਣ ਹੱਤਿਆ, ਦਾਜ ਦਹੇਜ ਵਿਰੁੱਧ, ਛੋਟੀ ਉਮਰ 'ਚ ਵਿਆਹ ਨਾ ਹੋਣ ਦੇਣ ਬਾਰੇ ਕਨੂੰਨ ਬਣੇ ਹੋਏ ਹਨ, ਦੇਸ਼ 'ਚ ਔਰਤਾਂ ਨੂੰ ਪਾਰਲੀਮੈਂਟ ਵਿਚ 33ਫੀਸਦੀ ਰਿਜ਼ਰਵੇਸ਼ਨ ਅਤੇ ਪੰਚਾਇਤਾਂ/ਨਗਰਪਾਲਿਕਾਵਾਂ ਵਿਚ 50 ਫੀਸਦੀ ਸੀਟਾਂ ਮੁਹੱਈਆ ਕਰਨ ਦੀ ਗੱਲ ਆਖੀ ਗਈ ਹੈ। ਪਰ ਇਹਨਾਂ ਸਾਰੇ ਕਾਨੂੰਨਾਂ ਨੂੰ ਲਾਗੂ ਕਰਨ 'ਚ ਸਰਕਾਰਾਂ ਸੰਜੀਦਾ ਨਹੀਂ। ਚੁਣੀਆਂ ਪੰਚਾਂ, ਸਰਪੰਚਾਂ, ਨਗਰਪਾਲਿਕਾਵਾਂ ਦੀਆਂ ਐਮ.ਸੀ. ਦੇ ਥਾਂ ਉਹਨਾਂ ਦੇ ਮਰਦ ਪਤੀ, ਪੁੱਤਰ ਜਾਂ ਪਿਤਾ ਕੰਮ ਕਰਦੇ ਹਨ ਅਤੇ ਸਰਕਾਰੀ ਦਫ਼ਤਰਾਂ 'ਚ ਜਾਂ ਮੀਟਿੰਗਾਂ 'ਚ ਭਾਗੀਦਾਰੀ ਤੋਂ ਬਿਨਾਂ ਹੋਰ ਕੁਝ ਵੀ ਕੰਮ ਉਹਨਾਂ ਦੇ ਹਿੱਸੇ ਨਹੀਂ ਰਹਿੰਦਾ। ਭਾਰਤੀ ਸੁਪਰੀਮ ਕੋਰਟ ਨੇ ਵੀ ਲੜਕੀ ਨੂੰ ਆਪਣੇ ਪਿਤਾ ਦੀ ਜਾਇਦਾਦ 'ਚ ਬਰਾਬਰ ਦੇ ਹੱਕ ਦੇਣਾ ਪ੍ਰਵਾਨ ਕੀਤਾ ਹੈ। ਪਰ ਕੀ ਇਹ ਭਾਰਤੀ ਸਮਾਜ 'ਚ ਲਾਗੂ ਹੋਵੇਗਾ? ਔਰਤਾਂ ਦੇ ਹੱਕਾਂ ਦੇ ਹਨਨ ਅਤੇ ਔਰਤਾਂ ਹਿਤੈਸ਼ੀ ਕਾਨੂੰਨ ਲਾਗੂ ਨਾ ਕਰਨ ਲਈ ਮਰਦ ਪ੍ਰਧਾਨ ਸਮਾਜ, ਅਜੋਕਾ ਸਰਕਾਰੀ ਪ੍ਰਬੰਧ ਅਤੇ ਸਿਆਸੀ ਪ੍ਰਬੰਧਕ ਜ਼ੁੰਮੇਵਾਰ ਹਨ। ਜੋ ਕਹਿਣੀ-ਕਥਨੀ ਲਈ ਤਾਂ ਵੱਡੇ ਦਮਗਜ਼ੇ ਮਾਰਦੇ ਹਨ, ਔਰਤਾਂ ਦੇ ਬਰਾਬਰ ਦੇ ਹੱਕਾਂ ਦਾ ਢੰਡਰਾ ਪਿੱਟਦੇ ਹਨ, ਪਰ ਜ਼ਮੀਨੀ ਪੱਧਰ 'ਤੇ ਉਹਨਾਂ ਦੀ ਕਰਨੀ ਇਸ ਤੋਂ ਉਲਟ ਵੇਖੀ ਜਾ ਸਕਦੀ ਹੈ। ਭਾਵੇਂ ਕਿ ਦੁਨੀਆਂ ਦੇ ਲਗਭਗ ਹਰ ਖਿੱਤੇ 'ਚ ਔਰਤਾਂ ਦੇ ਹੱਕਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ, ਪਰ ਅਣਦੇਖੀ ਦੀ ਦਰ ਭਾਰਤ ਦੇਸ਼ ਵਿਚ ਵੱਡੇ ਪੱਧਰ ਉੱਤੇ ਹੈ। ਭਾਵੇਂ ਕਿ ਭਾਰਤੀ ਔਰਤਾਂ ਵਪਾਰਕ, ਸਿਆਸੀ ਖੇਤਰ, ਸਿੱਖਿਆ 'ਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ ਪਰ ਆਪਣੇ ਹੱਕਾਂ ਦੀ ਰਾਖੀ ਲਈ ਉਹਨਾਂ ਵੱਲੋਂ ਨਾ ਤਾਂ ਕੋਈ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਾ ਹੀ ਔਰਤਾਂ ਦੀ ਕੋਈ ਇਹੋ ਜਿਹੀ ਸੰਸਥਾ ਹੈ, ਜੋ ਉਹਨਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਸਕੇ। ਸਦੀਆਂ ਤੋਂ ਲਤਾੜੀਆਂ ਜਾ ਰਹੀਆਂ ਔਰਤਾਂ ਨੇ ਵਿਸ਼ਵ ਪੱਧਰੀ ਯਤਨ ਕਰਦਿਆਂ ਕੁਝ ਸੰਸਥਾਵਾਂ ਬਣਾਈਆਂ ਹਨ। ਯੂ.ਐਨ.ਓ. 'ਚ ਉਨਾਂ ਨੇ ਆਵਾਜ਼ ਬੁਲੰਦ ਕੀਤੀ ਹੈ। ਲਿੰਗ ਭੇਦ-ਭਾਵ ਮਿਟਾਉਣ ਲਈ ਸਿੱਖਿਆ, ਸਿਹਤ, ਰੁਜ਼ਗਾਰ, ਆਰਥਿਕ ਸਥਿਤੀ ਅਤੇ ਕੰਮ ਕਰਨ ਦੇ ਬਾਵਜੂਦ ਇਵਜ਼ਾਨਾ ਨਾ ਦਿੱਤੇ ਜਾਣ ਸੰਬੰਧੀ ਵਿਸ਼ਵ ਪੱਧਰੀ ਸਮਾਜਿਕ ਤਬਦੀਲੀ ਲਿਆਉਣ ਲਈ ਜਾਗਰੂਕਤਾ ਲਹਿਰ ਚਲਾਈ ਹੈ। ਇਸ ਸਬੰਧੀ ਯੂ.ਐਨ.ਓ. ਵੱਲੋਂ ਔਰਤਾਂ ਲਈ ਗਲੋਬਲ ਫੰਡ ਵੀ ਨੀਯਤ ਹੋਇਆ ਹੈ।

ਪਰ ਉਦੋਂ ਤੱਕ, ਜਦੋਂ ਤੱਕ ਔਰਤਾਂ ਅਤੇ ਲੜਕੀਆਂ ਨੂੰ ਕੰਮ ਬਦਲੇ ਬਰਾਬਰ ਤਨਖਾਹ ਨਹੀਂ ਮਿਲਦੀ, ਜ਼ਮੀਨੀ ਮਾਲਕੀ ਦੇ ਅਧਿਕਾਰ ਉਸਨੂੰ ਪ੍ਰਾਪਤ ਨਹੀਂ ਹੁੰਦੇ, ਉਹ ਆਤਮ ਨਿਰਭਰ ਨਹੀਂ ਬਣ ਸਕਦੀ। ਉਦੋਂ ਤੱਕ, ਜਦੋਂ ਤੱਕ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਖੁਰਾਕ ਨਹੀਂ ਮਿਲਦੀ, ਬਰਾਬਰ ਦੀ ਸਿੱਖਿਆ ਉਹਨਾ ਨੂੰ ਨਹੀਂ ਦਿੱਤੀ ਜਾਂਦੀ। ਮਾਨਸਿਕ ਤੌਰ ਤੇ ਉਹਦਾ ਉਤਪੀੜਨ ਬੰਦ ਨਹੀਂ ਹੁੰਦਾ। ਘਰੇਲੂ ਹਿੰਸਾ ਤੋਂ ਉਸਨੂੰ ਛੁਟਕਾਰਾ ਨਹੀਂ ਮਿਲਦਾ।

ਔਰਤ ਸਿਆਸੀ ਖੇਤਰ 'ਚ ਬਰਾਬਰ ਦੀ ਭਾਈਵਾਲੀ ਹਾਸਲ ਨਹੀਂ ਕਰ ਲੈਂਦੀ, ਉਸ ਨੂੰ ਆਤਮ-ਸਨਮਾਨ ਅਤੇ ਸਵੈ-ਨਿਰਭਰਤਾ ਨਹੀਂ ਮਿਲਦੀ ਉਦੋਂ ਤੱਕ ਉਸ ਦੇ ਮਨੁੱਖੀ ਅਧਿਕਾਰਾਂ 'ਚ ਮਰਦਾਂ ਨਾਲ ਬਰਾਬਰੀ ਨਹੀਂ ਮੰਨੀ ਜਾ ਸਕਦੀ।

ਸਾਰੇ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਹ ਸਮਾਜ ਜਾਂ ਦੇਸ਼ ਜਿਹੜਾ ਧਰਮ ਨਿਰਪੱਖ ਹੈ, ਉਸਦਾ ਵਿਕਾਸ, ਧਰਮ ਅਧਾਰਤ ਦੇਸ਼ਾਂ ਨਾਲ ਜ਼ਿਆਦਾ ਹੁੰਦਾਹੈ, ਜਿਵੇਂ ਕਿ ਕੈਨੇਡਾ, ਅਮਰੀਕਾ, ਆਸਟਰੇਲੀਆ, ਨਾਰਵੇ, ਸਵੀਡਨ ਦੇਸ਼ਾਂ ਨੇ ਜ਼ਿਆਦਾ ਤਰੱਕੀ ਕੀਤੀ ਹੈ ਅਤੇ ਜਿਥੇ ਔਰਤਾਂ ਦਾ ਜੀਵਨ ਅਤੇ ਜੀਊਣ ਪੱਧਰ ਬਾਕੀ ਮੁਲਕਾਂ ਦੇ ਬਰਾਬਰ ਚੰਗੇਰਾ ਹੈ, ਜਦਕਿ ਭਾਰਤ ਦੇਸ਼, ਜਿਥੇ ਪਿਛਲੇ ਕੁਝ ਸਮੇਂ ਤੋਂ ਹਿੰਦੂਤਵ ਤਾਕਤਾਂ ਫ਼ੰਨ ਫੈਲਾ ਰਹੀਆਂ ਹਨ ਅਤੇ ਬਹੁ-ਧਰਮੀ, ਬਹੁ-ਸੱਭਿਆਚਾਰੀ, ਬਹੁ-ਭਾਸ਼ਾਈ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣ ਲਈ ਯਤਨਸ਼ੀਲ ਹਨ ਅਤੇ ਜਿਹੜੀਆਂ ਸਭਨਾਂ ਭਾਰਤੀਆਂ ਦੀ ਸਭਿਆਚਾਰਕ ਪਛਾਣ 'ਹਿੰਦੂਤਵ' ਦੇ ਤੌਰ 'ਤੇ ਕਰਨ ਲਈ ਤੁਲੀਆਂ ਹਨ, ਭੁਲ ਗਈਆਂ ਹਨ ਕਿ ਹਿੰਦੂ ਰਾਸ਼ਟਰ ਵਿਚ ਔਰਤਾਂ ਦੀ ਸਥਿਤੀ ਹੋਰ ਵੀ ਭੈੜੀ ਹੋਏਗੀ। ਭਾਵੇਂ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੇ ਬਹੁ-ਗਿਣਤੀ ਲੋਕ ਇਸ ਕਥਿਤ ਹਿੰਦੂਤਵੀ ਪਛਾਣ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਲਗਾਤਾਰ ਇਸ ਪਛਾਣ ਨੂੰ ਨਕਾਰ ਰਹੇ ਹਨ।

*-(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)*

# ਆਸਾਨੀ ਨਾਲ ਬਾਜ਼ ਨਹੀ ਆਵੇਗਾ ਚੀਨ

**(ਸਫਾ 17 ਦੀ ਬਾਕੀ)**

ਸੀ ਅਤੇ ਇਹ ਕਹਿੰਦਾ ਸੀ ਕਿ ਚੀਨ ਨੂੰ ਉਨ੍ਹਾਂ ਨੂੰ ਮੁਕਤ ਕਰਵਾਉਣਾ ਹੋਵੇਗਾ।

ਇਸ ਤਰ੍ਹਾਂ ਦੇਖੀਏ ਤਾਂ ਸ਼ੀ ਜਿਨਪਿੰਗ ਮਾਓ ਦੇ ਖੇਤਰੀ ਵਿਸਥਾਰਵਾਦ ਨਾਲ ਜੁੜੇ ਅਧੂਰੇ ਏਜੰਡੇ ਨੂੰ ਪੂਰਾ ਕਰਨ ਵਿਚ ਹੀ ਰੁੱਝੇ ਹੋਏ ਹਨ। ਚੀਨੀ ਕਮਿਊਨਿਸਟ ਪਾਰਟੀ ਦੀ ਗੋਲਡਨ ਜੁਬਲੀ ਦੇ ਮੌਕੇ ਤਕ ਚੀਨ ਨੂੰ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਬਣਾਉਣ ਦੇ ਸੁਪਨੇ ਨੂੰ ਪੂਰਾ ਕਰਨ ਵਾਲੇ ਪਾਸੇ ਸ਼ੀ ਜਿਨਪਿੰਗ ਵੱਲੋਂ ਇਕੱਠੇ ਹੀ ਖੋਲ੍ਹੇ ਗਏ ਤਮਾਮ ਮੋਰਚੇ ਖ਼ੁਦ ਇਸ ਦੀ ਕਹਾਣੀ ਬਿਆਨ ਕਰਦੇ ਹਨ। ਇਹ ਮੋਰਚੇ ਹਾਂਗਕਾਂਗ, ਤਾਇਵਾਨ ਤੋਂ ਲੈ ਕੇ ਦੱਖਣੀ-ਪੂਰਬੀ ਚੀਨ ਸਾਗਰ ਅਤੇ ਹਿਮਾਲਿਆ ਤਕ ਫੈਲੇ ਹੋਏ ਹਨ। ਇਹ ਜਿਨਪਿੰਗ ਦੀ ਬਹੁਤ ਖ਼ਤਰਨਾਕ ਸੋਚ ਹੈ ਜੋ ਗੁਆਂਢੀ ਮੁਲਕਾਂ ਲਈ ਤਾਂ ਪਰੇਸ਼ਾਨੀ ਦਾ ਸਬੱਬ ਬਣ ਹੀ ਰਹੀ ਹੈ, ਨਾਲ ਹੀ ਵਿਸ਼ਵ ਦੇ ਅਮਨ-ਚੈਨ ਨੂੰ ਵੀ ਲਾਂਬੂ ਲਾ ਸਕਦੀ ਹੈ। ਦੁਨੀਆ ਤਾਂ ਪਹਿਲਾਂ ਹੀ ਕੋਵਿਡ-19 ਦਾ ਸੰਤਾਪ ਹੰਢਾਈ ਜਾ ਰਹੀ ਹੈ।

ਅਜਿਹੇ ਵਿਚ ਚੀਨ ਦਾ ਗ਼ੈਰ-ਜ਼ਿੰਮੇਵਾਰਾਨਾ ਵਤੀਰਾ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਿਹਾ ਹੈ। ਜਦ ਤਕ ਸ਼ੀ ਜਿਨਪਿੰਗ ਨੂੰ ਕੌਮਾਂਤਰੀ ਮੋਰਚਿਆਂ 'ਤੇ ਹਿਮਾਕਤ ਦਾ ਰਣਨੀਤਕ ਲਾਭ ਮਿਲਦਾ ਰਹੇਗਾ, ਉਦੋਂ ਤਕ ਉਹ ਵਿਸਥਾਰਵਾਦ ਦੀ ਆਪਣੀ ਮੁਹਿੰਮ ਨੂੰ ਅੱਗੇ ਵਧਾਉਂਦੇ ਰਹਿਣਗੇ। ਹਾਲਾਂਕਿ ਇਸ ਕੋਸ਼ਿਸ਼ ਵਿਚ ਉਹ ਚੀਨ ਦੇ ਕੌਮਾਂਤਰੀ ਪੱਧਰ 'ਤੇ ਹੁੱਕਾ-ਪਾਣੀ ਬੰਦ ਹੋਣ ਦੇ ਬੀਜ ਵੀ ਬੀਜ ਰਹੇ ਹਨ ਜਿਸ ਕਾਰਨ 'ਚੀਨੀ ਸੁਪਨੇ' ਨੂੰ ਸਾਕਾਰ ਕਰਨ ਦੀ ਉਨ੍ਹਾਂ ਦੀ ਖ਼ਾਹਿਸ਼ ਨੂੰ ਸਿਰੇ ਚੜ੍ਹਾਉਣਾ ਮੁਸ਼ਕਲ ਹੋਵੇਗਾ।

# ਏਸ਼ਿਆਈ ਚੈਂਪੀਅਨ ਇਕਬਾਲ ਸਿੰਘ 'ਤੇ ਪਤਨੀ ਤੇ ਮਾਂ ਦੇ ਕਤਲ ਦਾ ਦੋਸ਼

**ਵਾਸ਼ਿੰਗਟਨ-** ਭਾਰਤ ਲਈ ਏਸ਼ਿਆਈ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਸਾਬਕਾ ਅਥਲੀਟ ਇਕਬਾਲ ਸਿੰਘ ਨੂੰ ਆਪਣੀ ਪਤਨੀ ਅਤੇ ਮਾਂ ਦੀ ਹੱਤਿਆ ਦੇ ਦੋਸ਼ ਵਿਚ ਅਮਰੀਕਾ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਫਿਲਾਡੈਲਫੀਆ ਇਨਕੁਆਇਰਰ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ 62 ਸਾਲਾ ਇਕਬਾਲ ਸਿੰਘ, ਜੋ ਪੈਨਸਿਲਵੇਨੀਆ ਦੀ ਡੈਲਵਾਰੇ ਕਾਊਂਟੀ ਦਾ ਵਸਨੀਕ ਹੈ, ਨੇ ਐਤਵਾਰ ਸਵੇਰੇ ਪੁਲੀਸ ਨੂੰ ਬੁਲਾਇਆ ਅਤੇ ਆਪਣਾ ਗੁਨਾਹ ਕਬੂਲ ਕਰ ਲਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਪੁਲੀਸ ਇਕਬਾਲ ਦੀ ਰਿਹਾਇਸ਼ 'ਤੇ ਪਹੁੰਚੀ ਤਾ ਦੇਖਿਆ ਕਿ ਉਹ ਲਹੂ ਨਾਲ ਭਿੱਜਿਆ ਹੋਇਆ ਸੀ ਅਤੇ ਉਸ ਨੇ ਆਪਣੇ ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੋਈ ਲੱਗਦੀ ਸੀ। ਦੋ ਔਰਤਾਂ ਦੀਆਂ ਲਾਸ਼ਾਂ ਘਰ ਦੇ ਅੰਦਰ ਪਈਆਂ ਸਨ। ਇਸ ਵਿਚ ਕਿਹਾ ਗਿਆ ਹੈ ਕਿ ਇਕਬਾਲ 'ਤੇ ਸੋਮਵਾਰ ਨੂੰ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ ਅਤੇ ਉਸ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ। ਜਿਹੋ ਜਿਹਾ ਅਪਰਾਧ ਕੀਤਾ ਗਿਆ ਹੈ ਉਸ ਵਿੱਚ ਉਸ ਨੂੰ ਜ਼ਮਾਨਤ ਨਹੀਂ ਮਿਲੀ।

ਉਸ ਨੇ ਆਪਣਾ ਪੱਖ ਪੇਸ਼ ਕਰਨ ਲਈ ਕਿਸੇ ਵਕੀਲ ਦੀਆਂ ਸੇਵਾਵਾਂ ਨਹੀਂ ਲਈਆਂ। ਯੂਐਸ ਮੀਡੀਆ ਰਿਪੋਰਟਾਂ ਅਨੁਸਾਰ ਉਹ ਟੈਕਸੀ ਡਰਾਈਵਰ ਹੈ। ਐਨਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਇਕਬਾਲ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਪੁਲੀਸ ਹਿਰਾਸਤ ਵਿੱਚ ਹੈ।

ਇਕਬਾਲ ਸ਼ਾਟਪੁੱਟਰ ਸੀ ਅਤੇ 1983 ਦੌਰਾਨ ਕੁਵੈਤ ਵਿਚ ਏਸ਼ੀਅਨ ਅਥਲੈਟਿਕ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਗਮਾ ਜਿੱਤਿਆ ਸੀ। ਇਹ ਉਸ ਦੇ ਖੇਡ ਕਰੀਅਰ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ। ਇਸ ਤੋਂ ਬਾਅਦ ਉਹ ਅਮਰੀਕਾ ਵਸ ਗਿਆ।

# ਸਰਕਾਰ ਨੇ ਏਅਰ ਇੰਡੀਆ ਲਈ ਬੋਲੀ ਜਮ੍ਹਾ ਕਰਨ ਦੀ ਮਿਆਦ ਦੋ ਮਹੀਨੇ ਵਧਾਈ

**ਨਵੀਂ ਦਿੱਲੀ-** ਸਰਕਾਰ ਨੇ ਏਅਰ ਇੰਡੀਆ ਲਈ ਬੋਲੀ ਜਮ੍ਹਾ ਕਰਨ ਦੀ ਮਿਆਦ ਦੋ ਮਹੀਨੇ ਵਧਾ ਕੇ 30 ਅਕਤੂਬਰ ਤਕ ਕਰ ਦਿੱਤੀ ਹੈ। ਕੋਵਿਡ-19 ਸੰਕਟ ਦੇ ਕਾਰਨ ਦੁਨੀਆ ਭਰ 'ਚ ਆਰਥਿਕ ਗਤੀਵਿਧੀਆਂ 'ਤੇ ਪੈ ਰਹੇ ਅਸਰ ਨੂੰ ਦੇਖਦੇ ਹੋਏ ਸਮਾਂ ਹੱਦ ਵਧਾਈ ਗਈ ਹੈ। ਸਰਕਾਰੀ ਏਅਰਲਾਈਨ 'ਚ ਹਿੱਸੇਦਾਰੀ ਵੇਚਣ ਦੀ ਪ੍ਰਕਿਰਿਆ 27 ਜਨਵਰੀ ਨੂੰ ਸ਼ੁਰੂ ਹੋਈ ਸੀ। ਇਹ ਚੌਥੀ ਵਾਰ ਹੈ ਜਦੋਂ ਸਰਕਾਰ ਨੇ ਬੋਲੀ ਜਮ੍ਹਾ ਕਰਨ ਦੀ ਮਿਤੀ ਵਧਾਈ ਹੈ।

ਨਿਵੇਸ਼ ਤੇ ਜਨ ਸੰਪਤੀ ਪ੍ਰਬੰਧਨ ਵਿਭਾਗ (ਦੀਪਮ) ਨੇ ਏਅਰ ਇੰਡੀਆ ਦੀ ਵਿਕਰੀ ਲਈ ਰੁਚੀ ਪੱਤਰ (ਈਓਆਈ) 'ਚ ਸੁਧਾਰ ਪੱਤਰ ਜਾਰੀ ਕਰਦੇ ਹੋਏ ਕਿਹਾ ਕਿ ਇਸ 'ਚ ਦਿਲਚਸਪੀ ਰੱਖਣ ਵਾਲੇ ਬੋਲੀਦਾਤਾਵਾਂ ਨੂੰ ਕੋਵਿਡ-19 ਕਾਰਨ ਪੈਦਾ ਹੋਈ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਅਪੀਲ ਨੂੰ ਦੇਖਦੇ ਹੋਏ ਸਮਾਂ ਹੱਦ ਵਧਾਈ ਗਈ ਹੈ। ਜਨਵਰੀ 'ਚ ਜਾਰੀ ਰੁਚੀ ਪੱਤਰ ਦੇ ਤਹਿਤ ਬੋਲੀ ਜਮ੍ਹਾ ਕਰਨ ਦੀ ਆਖ਼ਰੀ ਤਾਰੀਕ 17 ਮਾਰਚ ਸੀ। ਬਾਅਦ 'ਚ ਇਸ ਨੂੰ ਵਧਾ ਕੇ 30 ਅਪ੍ਰੈਲ ਕੀਤਾ ਗਿਆ।

# ਹਿੰਦੂ ਸ਼ਕਤੀ ਦਾ ਰਾਜ਼- ਮੁਸਲਿਮ ਨਫ਼ਰਤ?

## ਸਿੱਧਾ ਸਰਬਨਾਸ਼ ਨੂੰ ਬੁਲਾਵਾ



ਕੇ. ਸੀ. ਸੁਲੇਖ
0172-4623503

ਇਸ ਹਕੀਕਤ ਬਾਰੇ ਕਿਸੇ ਪ੍ਰਕਾਰ ਦੀ ਸ਼ੰਕਾ ਜਾਂ ਭੁਲੇਖਾ ਨਹੀਂ ਰਹਿ ਜਾਣਾ ਚਾਹੀਦਾ ਕਿ ਹਿੰਦੂ ਨਾਂ ਤੇ ਅਨੇਕ ਪੰਥਾਂ/ਮੱਤਾਂ/ਫਿਰਕਿਆਂ ਵੈਸ਼ਨਵੀ, ਸ਼ਿਵ ਪੂਜਕ, ਜੋਗੀ, ਸਨਾਤਨੀ, ਆਰੀਆ ਸਮਾਜੀ, ਹਿੰਦੂ ਸਭਾਈ ਆਦਿ ਆਦਿ ਵਿਚ ਵੰਡੇ ਹੋਏ ਜਿਹਨਾਂ ਲੋਕਾਂ ਦੀ ਕੁਝ ਸਮੇਂ ਪਹਿਲਾਂ ਰਾਜਨੀਤਿਕ ਭਾਵ ਵਿਚ ਕੋਈ ਗਿਣਤੀ ਨਹੀਂ ਸੀ ਪਰ ਅੱਜ ਉਹ ਸੰਗਠਿਤ ਹੋ ਕੇ ਇਕ ਤਾਕਤਵਰ ਸ਼ਕਤੀ ਬਣ ਚੁੱਕੇ ਹਨ। ਦੇਸ਼ ਦੀ ਸਰਕਾਰ ਉੱਤੇ ਮੁਕੰਮਲ ਕਬਜ਼ਾ ਹੈ। ਰਾਜਨੀਤੀ ਦੀ ਪਰਿਭਾਸ਼ਕ ਸ਼ਾਪ ਦਾ ਵਲੀ ਵਿਚ ਭਾਵੇਂ ਇਹ ਸਰਕਾਰ ਲੋਕਤੰਤਰੀ ਹੈ ਲੇਕਿਨ ਕਾਰ-ਵਿਹਾਰ ਵਿਚ ਤਾਨਾਸ਼ਾਹ ਦੀ ਸ਼ੈਲੀ ਵਿਚ ਕੰਮ ਕਰ ਰਹੀ ਹੈ, ਜਿਸ ਨੂੰ ਨਰਮ ਸ਼ਬਦਾਵਲੀ ਵਰਤਦਿਆਂ ਬਹੁਮਤਵਾਦੀ ਸ਼ਾਸਨ ਵੀ ਕਿਹਾ ਜਾ ਸਕਦਾ ਹੈ। ਪਾਰਲੀਮੈਂਟ ਵਿਚ ਜਿਸ ਮੁੱਦੇ 'ਤੇ ਵੀ ਚਾਹੋ ਬਹੁਮਤ ਦੇ ਜ਼ੋਰ ਨਾਲ ਕਾਨੂੰਨ ਪਾਸ ਅਤੇ ਲਾਗੂ ਕਰਵਾ ਸਕਦੇ ਹੋ, ਭਾਵੇਂ ਉਹ ਕਾਨੂੰਨ ਕਿਸੇ ਵਰਗ ਅਤੇ ਲੋਕਾਂ ਦੇ ਹਿੱਤਾਂ ਅਤੇ ਭਾਵਨਾਵਾਂ ਦੇ ਵਿਰੁੱਧ ਕਿਉਂ ਨਾ ਹੋਣ। ਦੁਨੀਆਂ ਇਹ ਖੇਡ ਹੁਣ ਦੇ ਕਈ ਸਾਲਾਂ ਤੋਂ ਦੇਖ ਰਹੀ ਹੈ। ਮੌਜੂਦਾ ਹੁਕਮਰਾਨ ਪਾਰਟੀ ਜਿਸ ਦੇ 1984 ਦੀ ਪਾਰ-ਲੀਮੈਂਟ ਵਿਚ ਕੇਵਲ ਦੋ ਮੈਂਬਰ ਸਨ, ਉਹ ਅਗਲੇ ਇਲੈਕਸ਼ਨਾਂ 1991 ਵਿਚ ਛੜੱਪਾਂ ਮਾਰ ਕੇ 119 ਹੋ ਗਏ। ਉਸ ਤੋਂ ਅਗਲੀ ਕਹਾਣੀ ਕਿਵੇਂ 1998 ਵਿਚ ਭਾਜਪਾ ਦੀ ਅਟਲ ਬਿਹਾਰੀ ਵਾਜਪਾਈ ਸਰਕਾਰ 24 ਪਾਰਟੀਆਂ ਦੇ ਸਹਿਯੋਗ ਨਾਲ ਬਣੀ ਅਤੇ ਕਿਵੇਂ 2014 ਵਿਚ ਨਰੇਂਦਰ ਮੋਦੀ ਜੀ ਨੇ ਕਿਸੇ ਤਰ੍ਹਾਂ ਜੁਗਾੜ ਬਣਾ ਕੇ ਬਹੁਮਤ ਸਰਕਾਰ ਬਣਾਈ ਜੋ ਹੁਣ ਤੱਕ ਲਗਾਤਾਰ ਚੱਲ ਰਹੀ ਹੈ। ਉਸਨੂੰ ਹਰ ਕੋਈ ਜਾਣਦਾ ਹੈ। ਕੀ ਇਹ ਭਾਰਤੀ ਰਾਜਨੀਤੀ ਵਿਚ ਕਿਸੇ ਕੌਤਕ ਤੋਂ ਘੱਟ ਹੈ? ਅੰਗਰੇਜ਼ ਸਾਮਰਾਜ ਦੇ ਵਿਰੁੱਧ ਪਿਛਲੇ ਸੌ ਸਾਲ ਤੋਂ ਛਿੜੇ ਆਜ਼ਾਦੀ ਸੰਗਰਾਮ ਦੇ ਫਲਸਰੂਪ ਦੇਸ਼ ਨੂੰ 1947 ਵਿਚ ਆਜ਼ਾਦੀ ਮਿਲੀ। ਜਿਸ ਵਿਚ ਵਰਤਮਾਨ ਸ਼ਾਸਕ ਪਾਰਟੀ ਦਾ ਕੋਈ ਰੋਲ ਨਹੀਂ ਸੀ ਜੋ ਹੁਣ ਦੇਸ਼ ਦੀ ਕਿਸਮਤ ਦੀ ਮਾਲਕ ਬਣ ਗਈ ਹੈ। ਪਰ ਇਹ ਹੋਇਆ ਕਿਵੇਂ? ਇਸ ਦਾ ਰਾਜ਼ (ਭੇਤ) ਕੀ ਹੈ? ਕ੍ਰਾਂਤੀ ਤੋਂ ਬਾਅਦ ਉਲਟ ਕ੍ਰਾਂਤੀ! ਇਹ ਕੋਈ ਸਧਾਰਨ ਸੱਤਾ ਪਰਿਵਰਤਨ ਦੀ ਕਹਾਣੀ ਨਹੀਂ ਬਲਕਿ ਵਿਚਾਰਧਾਰਾ ਪੱਖੋਂ ਇਹ ਪਰਿਵਰਤਨ ਬਿਲਕੁਲ ਅਲੱਗ ਕਿਸਮ ਦਾ ਹੈ- ਸਮਾਜਿਕ ਵਿਵਸਥਾ ਦੇ ਨਜ਼ਰੀਏ ਤੋਂ ਵੀ ਅਤੇ ਰਾਜਨੀਤਿਕ ਸ਼ਾਸਨ ਪ੍ਰਣਾਲੀ ਦੇ ਦ੍ਰਿਸ਼ਟੀਕੋਣ ਤੋਂ ਵੀ।

ਅਜਿਹੀ ਵਿਵਸਥਾ ਸਥਾਪਤ ਕਰਨ ਦੀ ਕੋਸ਼ਿਸ਼1998 ਵਿਚ ਵਾਜਪਾਈ ਸਰਕਾਰ ਬਣਨ ਸਮੇਂ ਵੀ ਕੀਤੀ ਗਈ ਸੀ ਜੋ ਅਖੀਰ ਵਿਚ ਸਫਲ ਨਹੀਂ ਹੋ ਸਕੀ। ਬੜੇ ਧੂਮ-ਧੜੱਕੇ ਨਾਲ 1998 ਵਿਚ ਵਾਜਪਾਈ ਸਰਕਾਰ ਨੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਵੈਂਕਟਾਚਲੈਈਆ ਦੀ ਪ੍ਰਧਾਨਗੀ ਹੇਠ 'ਸੰਵਿਧਾਨ ਸਮੀਖਿਆ ਕਮਿਸ਼ਨ' ਗਠਿਤ ਕੀਤਾ ਗਿਆ ਜਿਸ ਦੇ ਵਿਚਾਰ ਲਈ ਪ੍ਰਮੁੱਖ ਮੁੱਦੇ ਰੱਖੇ ਗਏ: ਮੌਜੂਦਾ ਪਾਰਲੀਮਾਨੀ (ਸੰਸਦੀ) ਪ੍ਰਣਾਲੀ ਦੀ ਥਾਂਹ ਅਮਰੀਕਾ ਜਿਹੇ ਪ੍ਰੈਜ਼ੀਡੈਂਸ਼ਲ (ਪ੍ਰਧਾਨਗੀ) ਰਾਜ ਪ੍ਰਣਾਲੀ ਲਾਗੂ ਕਰਨਾ, ਵਿਦੇਸ਼ੀ ਜੰਮਪਲ ਵਿਅਕਤੀ ਨੂੰ ਦੇਸ਼ ਦੇ ਉੱਚਤਮ ਅਹੁਦਿਆਂ ਤੇ ਪਾਬੰਦੀ, ਰਿਜ਼ਰਵੇਸ਼ਨ ਪਾਲਸੀ ਤੇ ਮੁੜ ਵਿਚਾਰ। ਪਰ ਜਿਹੜੀ ਰਿਪੋਰਟ ਕਮਿਸ਼ਨ ਦੇ ਸਾਢੇ ਤਿੰਨ ਸਾਲ ਦੀ ਸਖ਼ਤ ਮਿਹਨਤ ਉਪਰੰਤ 2092 ਵਿਚ ਸਰਕਾਰ ਨੂੰ ਦਿੱਤੀ ਉਸ ਨੂੰ ਸਦਨ ਤੋਂ ਪਾਸ ਕਰਵਾਉਣਾ ਤਾਂ ਇਕ ਪਾਸੇ ਉਸ ਤੇ ਬਹਿਸ ਕਰਵਾਉਣ ਦੀ ਵੀ ਹਿੰਮਤ ਨਹੀਂ ਹੋਈ।

ਕਮਿਸ਼ਨ ਨੇ ਸਰਕਾਰ ਦੀਆਂ ਤਜਵੀਜ਼ਾਂ/ਸੁਝਾਵਾਂ ਦੇ ਨਾਲ ਨਾਲ ਉਹਨਾਂ ਦੀਆਂ ਆਸਾਂ ਤੇ ਵੀ ਪਾਣੀ ਫੇਰ ਦਿੱਤਾ। ਤਜਵੀਜ਼ਾਂ ਰੱਦ ਕਰਨ ਦਾ ਕਾਰਨ ਮੁੱਖ ਤੌਰ ਤੇ ਉਸ ਵੇਲੇ ਦੇ ਰਾਸ਼ਟਰਪਤੀ ਡਾ. ਕੇ. ਆਰ. ਨਰਾਇਣਨ ਦੇ ਰੋਲ ਦੇ ਨਾਲ ਨਾਲ ਸੁਪਰੀਮ ਕੋਰਟ ਦਾ ਉਹ ਫੈਸਲਾ ਸੀ, ਜਿਸ ਦੇ ਅਨੁਸਾਰ ਸੰਵਿਧਾਨ ਦੇ ਬੁਨਿਆਦੀ ਢਾਂਚੇ, ਜਿਸ ਵਿਚ ਸੰਵਿਧਾਨ ਦੀ ਉਦੇਸ਼ਿਕਾ ਅਤੇ ਮੌਲਿਕ ਅਧਿਕਾਰ ਸ਼ਾਮਲ ਹਨ, ਨਾਲ ਛੇੜਛਾੜ ਜਾਂ ਤਬਦੀਲੀ ਨਹੀਂ ਕੀਤੀ ਜਾ ਸਕਦੀ। ਉਸ ਵੇਲੇ ਦੀ ਨਿਰਾਸ਼ਾਜਨਕ ਨਾਕਾਮਯਾਬੀ ਅਤੇ ਅੱਜ ਦੀ ਹੁਲਾਰੇ ਮਾਰਦੀ ਕਾਮਯਾਬੀ ਦਾ ਇਹ ਫਾਸਲਾ ਅਲੋਪ ਕਿਵੇਂ ਹੋ ਗਿਆ? ਧਿਆਨ ਰਹੇ ਇਹ ਪਲਟਾ ਪੁਰਾਣੇ ਰਾਜਿਆਂ ਦੇ ਜ਼ਮਾਨਿਆਂ ਵਾਂਗ ਖੂਨੀ ਤਖਤਾ ਪਲਟ ਨਹੀਂ ਬਲਕਿ ਇਹ ਸੱਤਾ ਪਰਿਵਰਤ ਸੌ ਫੀਸਦੀ ਸੰਵਿਧਾਨਕ ਵਿਧੀ ਵਿਧਾਨ ਅਨੁਸਾਰ ਵੋਟਾਂ ਦੀ ਸ਼ਕਤੀ ਨਾਲ ਹੀ ਹੋਇਆ ਹੈ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਇਸ ਵੋਟ ਸ਼ਕਤੀ ਦੀ ਕੁੰਜੀ ਇਹਨਾਂ ਦੇ ਹੱਥ ਆਈ ਕਿਵੇਂ? ਵੋਟਾਂ ਤਾਂ ਆਖਿਰ ਲੋਕਾਂ ਨੇ ਹੀ ਪਾਈਆਂ। 2014-19 ਦੀ ਸਰਕਾਰ ਭਾਵੇਂ 69 ਫੀਸਦੀ ਦੇ ਮੁਕਾਬਲੇ ਕੇਵਲ 31 ਫੀਸਦੀ ਵੋਟ ਸ਼ਕਤੀ ਨਾਲ ਬਣੀ ਅਤੇ ਪੰਜ ਸਾਲ ਚਲਦੀ ਰਹੀ ਪਰ ਉਹ ਸਰਕਾਰ ਵੀ ਤਾਂ ਸੰਵਿਧਾਨ ਅਨੁਸਾਰ ਹੀ ਸੀ। ਉਸ ਦਾ ਅੱਗੇ ਨੂੰ ਵੀ ਰਸਤਾ ਸਾਫ ਹੋ ਗਿਆ। ਇਸ ਸਾਰੇ ਘਟਨਾਚੱਕਰ ਵਿਚ ਵਿਰੋਧੀ ਪਾਰਟੀਆਂ ਦਾ ਰਲ ਮਿਲ ਕੇ ਇਕਮੁੱਠ ਟੱਕਰ ਨਾ ਦੇ ਸਕਣਾ ਭਾਜਪਾ ਜਿਹੀ ਸੰਪਰਦਾਇਕ ਪਾਰਟੀ ਦੀ ਬੇਰੋਕ-ਟੋਕ ਬੜਤ ਦਾ ਇਕ ਕਾਰਨ ਜ਼ਰੂਰ ਹੈ ਪਰ ਇਸ ਤੋਂ ਵੀ ਵੱਧ ਠੋਸ ਅਤੇ ਪਾਏਦਾਰ ਕਾਰਨ ਇਸ ਪਾਰਟੀ ਦਾ ਆਪਣਾ ਏਜੰਡਾ 'ਹਿੰਦੂ ਰਾਸ਼ਟਰ, ਹਿੰਦੂ ਰਾਜ ਸਥਾਪਤ ਕਰਨ ਦਾ ਜਨੂੰਨ ਹੈ। ਇਸ ਨੂੰ ਸਾਕਾਰ ਕਰਨ ਲਈ ਕਿਹੜੀ ਨੀਤੀ ਅਤੇ ਰਣਨੀਤੀ ਅਪਣਾਈ ਜਾਵੇ, ਉਹ ਸਭ ਪਾਰਟੀ ਦੇ ਕਰਤਾ ਧਰਤਾ ਨੇਤਾਵਾਂ ਦੀ ਦਾਨਿਸ਼ਮੰਦੀ ਅਤੇ ਸੂਝ-ਬੂਝ ਤੇ ਨਿਰਭਰ ਕਰਦਾ ਹੈ। ਇਸ ਨੂੰ ਪਾਰਟੀ ਦੀ ਖੁਸ਼ਕਿਸਮਤੀ ਹੀ ਕਹਿਣਾ ਹੋਵੇਗਾ ਬਲਕਿ ਵੈਂਕਈਆ ਨਾਇਡੂ (ਉਪ ਰਾਸ਼ਟਰਪਤੀ) ਦੇ ਸ਼ਬਦਾਂ ਵਿਚ ਈਸ਼ਵਰ ਦਾ ਦਿੱਤਾ ਤੋਹਫਾ ਹੈ ਕਿ ਉਹਨਾਂ ਦੇ ਸੁਪਨੇ ਨੂੰ ਹਕੀਕਤ ਵਿਚ ਬਦਲਣ ਵਾਲਾ ਕ੍ਰਿਸ਼ਮਾਈ ਪੁਰਸ਼ ਨਰੇਂਦਰ ਮੋਦੀ ਦੇ ਰੂਪ ਵਿਚ ਮਿਲ ਗਿਆ ਹੈ, ਜਿਸ ਨੇ ਹੋਰ ਸਭ ਪ੍ਰਕਾਰ ਦੇ ਨੁਸਖਿਆਂ/ ਟੋਟਕਿਆਂ ਨੂੰ ਛੱਡ ਕੇ ਕੇਵਲ ਇਕ ਹੀ ਨੁਸਖਾ ਮੁਸਲਿਮ ਨਫ਼ਰਤ ਨੂੰ ਤਰਜੀਹ ਦਿੱਤੀ ਜਾਪਦੀ ਹੈ।

ਪੁਰਾਣੇ ਇਤਿਹਾਸ ਜਾਂ ਉਸ ਦੇ ਵੀ ਪਿੱਛੇ ਮਿਥਿਹਾਸ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਦਾ ਵਰਣਨ ਹੁੰਦਾ ਹੈ ਜੋ ਲੋਕਾਂ ਦੇ ਮਨ ਮਸਤਕ ਤੇ ਸਦਾ ਲਈ ਚਿਪਕ (ਚੁੰਬੜ) ਜਾਂਦੀਆਂ ਹਨ, ਕੁਝ ਸ਼ਰਧਾ ਦੇ ਰੂਪ ਵਿਚ ਕੁਝ ਘਿਰਣਾ ਨਫ਼ਰਤ ਦੇ ਰੂਪ ਵਿਚ। ਹਿੰਦੂਆਂ ਅਤੇ ਮੁਸਲਮਾਨ ਲੋਕਾਂ ਦੇ ਵਿਚਕਾਰ ਜੋ ਅੱਜ ਕੁੜੱਤਣ, ਬੇਭਰੋਸਗੀ, ਨਫ਼ਰਤ ਅਤੇ ਮਨੋਮਨੀ ਦੂਰੀ ਦਿਸਦੀ ਹੈ, ਉਹ ਕੇਵਲ ਪੁਰਾਣੇ ਇਤਿਹਾਸ ਨਾਲ ਜੁੜੀਆਂ ਕੌੜੀਆਂ ਯਾਦਾਂ ਦਾ ਹੀ ਫਲ ਹੈ। ਬਾਹਰਲੇ ਦੇਸ਼ਾਂ ਤੋਂ ਆਏ ਮੁਸਲਮਾਨ ਧਾੜਵੀਆਂ/ਬਾਦਸ਼ਾਹਾਂ ਮਹਿਮੂਦ ਗ਼ਜ਼ਨਵੀ, ਮੁਹੰਮਦ ਗੌਰੀ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਬਾਬਰ, ਔਰੰਗਜ਼ੇਬ, ਟੀਪੂ ਸੁਲਤਾਨ ਆਦਿ ਦੀਆਂ ਹਕੂਮਤਾਂ ਦੌਰਾਨ ਕੀਤੀ ਗਈਆਂ ਜ਼ੁਲਮ ਜ਼ਿਆਦਤੀਆਂ ਨੂੰ ਹਿੰਦੂ ਲੋਕ ਭੁੱਲ ਨਹੀਂ ਸਕਦੇ, ਜਿਸ ਦਾ ਬਦਲਾ ਉਹ ਅੱਜ ਦੇਸ਼ ਵਿਚ ਵੱਸ ਰਹੇ ਮੁਸਲਮਾਨ ਤੇਲੀਆਂ, ਜੁਲਾਹਿਆਂ ਪਸ਼ੂ ਪਾਲਕਾਂ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਤੋਂ ਲੈ ਰਹੇ ਹਨ, ਜਿਹਨਾਂ ਦਾ ਨਾ ਕੋਈ ਬਾਬਰ ਨਾਲ ਰਿਸ਼ਤਾ ਹੈ ਅਤੇ ਨਾ ਕੁਝ ਮਹਿਮੂਦ ਜਾਂ ਗੌਰੀ ਤੋਂ ਲੈਣਾ-ਦੇਣਾ ਹੈ। ਇਹ ਮੁਸਲਿਮ ਨਫ਼ਰਤ ਨਹੀਂ ਤਾਂ ਹੋਰ ਕੀ ਹੈ? ਇਹ ਨਫ਼ਰਤ ਹੋ ਰਹੇ ਦੰਗੇ ਫਸਾਦ, ਲਿੰਚਿੰਗ ਦੀਆਂ ਵਾਰਦਾਤਾਂ ਨਾਲ ਹੀ ਖਤਮ ਨਹੀਂ ਹੋ ਜਾਂਦੀ, ਸਗੋਂ ਇਸ ਦਾ ਦਾਇਰਾ ਦਿਨੋ ਦਿਨ ਹੋਰ ਵਧਦਾ ਜਾ ਰਿਹਾ ਹੈ। ਸੰਸਦ ਵਿਚ ਬਹੁਮਤ ਦੇ ਜ਼ੋਰ ਤੇ ਨਿੱਤ ਆਏ ਦਿਨ ਇਹੋ ਜਿਹੇ ਕਾਨੂੰਨ ਪਾਸ ਕਰਕੇ ਲਾਗੂ ਕਰਵਾਏ ਜਾ ਰਹੇ ਹਨ, ਜਿਹਨਾਂ ਦਾ ਮਕਸਦ ਇਸ ਤਬਕੇ ਦੀਆਂ ਸੱਭਿਆਚਾਰਕ ਜੜ੍ਹਾਂ ਨੂੰ ਖੋਖਲੀਆਂ ਕਰਕੇ ਉਸ ਨੂੰ ਸੰਘ (ਆਰ. ਐਸ. ਐਸ.) ਦੇ ਦੂਜੇ ਸਰ ਸੰਘ ਚਾਲਕ ਐਮ. ਐਸ. ਗੋਲਵਾਲਕਰ ਦੀ ਹਿਦਾਇਤ ਮੁਤਾਬਕ ਦੂਜੇ ਦਰਜੇ ਦਾ ਨਾਗਰਿਕ ਬਣਾਉਣਾ ਹੈ। (ਬੰਚ ਆਫ ਥਾਟਸ)।

500 ਸਾਲ ਪੁਰਾਣੀ ਬਾਬਰੀ ਮਸਜਿਦ ਨੂੰ ਢਾਹੁਣਾ, ਪ੍ਰਚੱਲਿਤ ਮਜ਼ਹਬੀ ਰਿਵਾਜ਼ ਤਿੰਨ ਤਲਾਕ ਤੇ ਪਾਬੰਦੀ, ਨਾਗਰਿਕਤਾ ਤਰਮੀਮੀ ਐਕਟ (ਸੀ. ਏ. ਏ.) ਬਣਾ ਕੇ ਪਾਕਿਸਤਾਨ ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਆਉਣ ਵਾਲੇ ਇਕੱਲੇ ਮੁਸਲਮਾਨਾਂ ਤੇ ਪਾਬੰਦੀ, ਕੌਮੀ ਨਾਗਰਿਕਤਾ ਰਜਿਸਟਰ (ਐਨ. ਆਰ. ਸੀ.) ਦੇ ਅਧੀਨ ਨਾਗਰਿਕਤਾ ਲੈਣੀ ਜ਼ਰੂਰੀ, ਸ਼ਾਹੀਨ ਬਾਗ ਧਰਨਾ ਪ੍ਰਦਰਸ਼ਨ ਦੌਰਾਨ ਮੰਤਰੀਆਂ ਸਾਂਸਦਾਂ ਦੇ ਭੜਕਾਊ ਬਿਆਨ ਅਤੇ ਦੰਗੇ ਅਤੇ ਇਹਨਾਂ ਸਭ ਤੋਂ ਵੱਧ ਸੰਵਿਧਾਨ ਦੀ ਧਾਰਾ 370 ਅਤੇ 35ਏ ਨੂੰ ਹਟਾ ਕੇ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਦੀਆਂ ਕੁਝ ਅਜਿਹੀਆਂ ਘਟਨਾਵਾਂ ਹਨ, ਜਿਹਨਾਂ ਨੂੰ ਸਹਿਜੇ ਹੀ ਮੁਸਲਿਮ ਵਿਰੋਧੀ ਕਿਹਾ ਜਾ ਸਕਦਾ ਹੈ। ਉਪਰ ਦਿੱਤੇ ਮੁੱਦਿਆਂ ਬਾਰੇ ਪਾਰਟੀਆਂ ਅਤੇ ਨੇਤਾਵਾਂ ਦੇ ਆਪਣੇ-ਆਪਣੇ ਨਜ਼ਰੀਏ ਅਤੇ ਵਿਚਾਰ ਕੁਝ ਵੀ ਹੋ ਸਕਦੇ ਹਨ ਪਰ ਸੰਵਿਧਾਨ ਦੁਆਰਾ ਧਾਰਾ 19, 21 ਅਤੇ 25 ਰਾਹੀਂ ਦਿੱਤੇ ਗਏ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਜੀਵਨ ਜਿਉਣ ਦੀ ਆਜ਼ਾਦੀ ਅਤੇ ਕੋਈ ਵੀ ਧਰਮ ਅਪਣਾਉਣ/ਮੰਨਣ ਦੀ ਆਜ਼ਾਦੀ ਦੇ ਅਧਿਕਾਰਾਂ ਨੂੰ ਦਬਾਉਣ ਜਾਂ ਕੁਚਲਣ ਦੀ ਤਾਂ ਕਿਸੇ ਨੂੰ ਆਜ਼ਾਦੀ ਨਹੀਂ ਹੈ। ਐਹੋ ਜਿਹੇ ਸੰਵੇਦਨਸ਼ੀਲ ਮੁੱਦਿਆਂ ਤੇ ਸਰਵਜਨਕ ਹਿੱਤ ਵਿਚ ਚਰਚਾ ਕਰਨਾ ਵੀ ਉਨਾ ਹੀ ਜ਼ਰੂਰੀ ਹੈ।

ਬੜੀ ਵਿੱਚਿਤਰ ਗੱਲ ਹੈ ਕਿ ਜਿਹੜੀਆਂ ਅਤੇ ਜਿੰਨੀਆਂ ਤੇਜ਼ ਮੁਸਲਿਮ ਲੋਕਾਂ ਦੇ ਦਿਲਾਂ ਵਿਚ ਹਿੰਦੂ ਲੋਕਾਂ ਦੀ ਧੱਕੇਸ਼ਾਹੀ ਦੇ ਵਿਰੁੱਧ ਗੁੱਸੇ ਰੰਜ ਅਤੇ ਕੜਵਾਹਟ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਅਤੇ ਕਿਤੇ ਕਿਤੇ ਹਿੰਸਕ ਰੂਪ ਵੀ ਧਾਰ ਲੈਂਦੀਆਂ ਹਨ, ਉਸੇ ਅਨੁਪਾਤ ਨਾਲ ਬਲਕਿ ਉਸ ਤੋਂ ਵੱਧ ਹਿੰਦੂ ਲੋਕਾਂ ਦੇ ਦਿਲਾਂ ਵਿਚ ਭਾਜਪਾ ਅਤੇ ਆਰ. ਐਸ. ਐਸ. ਦੀਆਂ ਨੀਤੀਆਂ ਅਤੇ ਰਣਨੀਤੀਆਂ ਪ੍ਰਤੀ ਸਨਮਾਨ ਅਤੇ ਵਿਸ਼ਵਾਸ ਹੋਰ ਜ਼ਿਆਦਾ ਵੱਧ ਜਾਂਦਾ ਹੈ। ਨਤੀਜਾ ਭਾਵੇਂ ਕੁਝ ਵੀ ਹੋਵੇ ਜ਼ਰੂਰਤ ਤਾਂ ਇਲੈਕਸ਼ਨ ਜਿੱਤ ਕੇ ਹਕੂਮਤ ਤੇ ਕਬਜ਼ਾ ਕਰਨ ਦੀ ਹੈ। ਹਿੰਦੂ ਮੁਸਲਿਮ ਧਰੁਵੀਕਰਨ ਦੀ ਜੁਗਤ ਇਕ ਇਲੈਕਸ਼ਨ ਜਿੱਤਣ ਵਿਚ ਕਾਮਯਾਬ ਹੋ ਗਈ ਤਾਂ ਫਿਰ ਇਸ ਨੂੰ ਸਦਾ ਲਈ ਆਪਣੀ ਨੀਤੀ ਅਤੇ ਰਣਨੀਤੀ ਦਾ ਪੱਕਾ ਹਿੱਸਾ ਕਿਉਂ ਨਾ ਬਣਾ ਲਿਆ ਜਾਵੇ ਕਿਉਂਕਿ Nothing succeeds like succeed. ਸੰਪਰਦਾਇਕ ਲਕੀਰਾਂ ਤੇ ਮੋਦੀ ਜੀ ਦੀ ਲਗਾਤਾਰ ਕਾਮਯਾਬੀ ਤੋਂ ਧਰੁਵੀਕਰਨ ਦੀ ਚਾਲ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਅਯੁੱਧਿਆ ਵਿਖੇ 5 ਅਗਸਤ 2020 ਨੂੰ ਰਾਮ ਮੰਦਰ ਦੀ ਪੂਰੀਆਂ ਰਸਮਾਂ ਨਾਲ ਆਧਾਰ ਸ਼ਿਲਾ (ਨੀਂਹ ਪੱਥਰ) ਰੱਖੀ ਗਈ। ਪ੍ਰਧਾਨ ਮੰਤਰੀ ਮੋਦੀ ਇਸ ਸਮਾਰੋਹ ਦੇ ਮੁੱਖ ਪਾਤਰ ਸਨ। ਪ੍ਰਸਿੱਧ ਲੇਖਕਾਂ ਅਤੇ ਕਾਲਮ ਨਵੀਸ ਨੀਰਜਾ ਚੌਧਰੀ ਟ੍ਰਿਬਿਊਨ (12 ਅਗਸਤ) ਵਿਚ ਛਪੇ ਲੇਖ ਵਿਚ ਲਿਖਦੀ ਹੈ ਕਿ 'ਇਸ ਸਮਾਰੋਹ ਵਿਚ ਐਨੀ ਪ੍ਰਮੁੱਖਤਾ ਅਤੇ ਮਹੱਤਤਾ ਮੰਦਰ ਨੂੰ ਨਹੀਂ ਦਿੱਤੀ ਗਈ, ਜਿੰਨੀ ਮੋਦੀ ਜੀ ਨੂੰ ਦਿੱਤੀ ਗਈ'। ਉਸ ਦਿਨ ਮੋਦੀ ਜੀ ਪੀਲੇ ਬਸਤਰਾਂ 'ਚ ਨਿਸ਼ਚਿਤ ਸਮੇਂ ਤੇ ਅਯੁੱਧਿਆ ਸਜੇ ਸਵਾਰੇ ਹਵਾਈ ਅੱਡੇ ਤੇ ਪੁਸ਼ਪਕ ਵਿਮਾਨ (ਹੈਲੀਕਾਪਟਰ) ਰਾਹੀਂ ਉੱਤਰਦੇ ਹਨ ਅਤੇ ਸਿੱਧੇ ਹਨੂੰਮਾਨਗੜ੍ਹੀ ਮੰਦਰ ਹਨੂੰਮਾਨ ਜੀ ਦੀ ਪ੍ਰਵੇਸ਼ ਆਗਿਆ ਲੈਣ ਲਈ ਪਹੁੰਚਦੇ ਹਨ, ਜਿੱਥੇ ਉਹਨਾਂ ਨੂੰ ਮੁਕਟ ਪਹਿਨਾਇਆ ਜਾਂਦਾ ਹੈ। ਪੂਜਾ ਅਰਚਨਾ ਤੋਂ ਬਾਅਦ ਉਹ ਰਾਮ ਲੱਲਾ ਮੰਦਰ ਪਹੁੰਚ ਕੇ ਮੂਰਤੀ ਅੱਗੇ ਲੇਟ ਕੇ ਡੰਡੌਤ ਵੰਦਨਾ ਕਰਦੇ ਹਨ, ਫਿਰ ਵਿਧੀ ਅਨੁਸਾਰ ਮੰਦਰ ਉਚਾਰਣ ਵਿਚਕਾਰ ਉਹਨਾਂ ਹੱਥੋਂ 22 ਕਿਲੋ ਚਾਂਦੀ ਦੀ ਇੱਟ ਨਾਲ ਮੰਦਰ ਦੀ ਆਧਾਰ ਸ਼ਿਲਾ ਰਖਵਾਈ ਜਾਂਦੀ ਹੈ, ਜਿਸ ਤਰ੍ਹਾਂ ਅਤੇ ਜਿਹਨਾਂ ਸ਼ਗਨਾਂ ਨਾਲ ਭੂਮੀ ਪੂਜਨ ਦੀ ਰਸਮ ਸਮੇਂ ਉਹਨਾਂ ਨੂੰ ਸੁਸੱਜਿਤ ਆਸਨ ਤੇ ਬਿਠਾਇਆ ਜਾਂਦਾ ਹੈ ਅਤੇ ਉਹਨਾਂ ਦੇ ਹੱਥੋਂ ਸਮੇਂ ਸਮੇਂ ਹਵਨ ਕੁੰਡ ਵਿਚ ਆਹੂਤੀਆਂ ਪੁਆਈਆਂ ਗਈਆਂ ਅਤੇ ਰਸਮ ਦੇ ਅਖੀਰ ਤੇ ਜਿਸ ਤਰ੍ਹਾਂ ਰਸਮ ਦੇ ਮੁੱਖ ਪੁਜਾਰੀ ਨੂੰ ਜੇਬ ਵਿਚੋਂ ਕੱਢ ਕੇ ਦੱਛਣਾ ਵਜੋਂ ਇਕ ਪੋਟਲੀ ਦਿੱਤੀ, ਉਸ ਸਭ ਤੋਂ ਕੀ ਜ਼ਾਹਿਰ ਹੁੰਦਾ ਹੈ? ਕਿ ਉਹ ਇਸ ਇਤਿਹਾਸਕ ਸਮਾਰੋਹ ਦੇ ਮੁੱਖ ਮਹਿਮਾਨ ਹੀ ਨਹੀਂ ਮੁੱਖ ਜਜਮਾਨ ਸਨ, ਜਿਵੇਂ ਇਹ ਰਸਮ ਮੰਦਰ ਦੇ ਨੀਂਹ ਪੱਥਰ ਨਾਲੋਂ ਵੱਧ ਉਹਨਾਂ ਦੇ ਅੱਗੇ ਲਈ ਪ੍ਰਧਾਨ ਮੰਤਰੀ ਬਣਾਏ ਜਾਣ ਦਾ ਨੀਂਹ ਪੱਥਰ ਹੋਵੇ। ਨੀਰਜਾ ਚੌਧਰੀ ਨੇ ਕੀ ਗਲਤ ਲਿਖਿਆ?

ਇਸ ਰਸਮ ਦੀ ਤਿਆਰੀ ਕਰਨ/ਕਾਮਯਾਬ ਬਣਾਉਣ ਵਿਚ ਜਿੰਨੀ ਤੱਤਪਰਤਾ ਪ੍ਰਦੇਸ਼ ਦੇ ਮੁੱਖ ਮੰਤਰੀ ਮਹੰਤ ਆਦਿੱਤਨਾਥ ਯੋਗੀ ਨੇ ਦਿਖਾਈ ਹੈ ਅਤੇ ਪੂਜਾ ਦੇ ਦੌਰਾਨ ਮੋਦੀ ਜੀ ਦਾ ਹੱਥ ਵਟਾਇਆ ਉਸ ਤੋਂ ਯੋਗੀ ਜੀ ਦੀ ਮੋਦੀ ਜੀ ਨਾਲ ਨੇੜਤਾ ਦੀ ਲਾਲਸਾ ਅਤੇ ਸੂਬੇ ਵਿਚ ਬਦਅਮਨੀ 'ਚ ਭਾਈਵਾਲੀ ਸਾਫ ਨਜ਼ਰ ਆਉਂਦੀ ਹੈ।ਇਕ ਪਾਸੇ ਦੇਸ਼ ਦੇ ਲੋਕਾਂ ਖਾਸ ਕਰ ਗਰੀਬ ਤਬਕਿਆਂ ਦੀ ਕਰੋਨਾ ਮਹਾਂਮਾਰੀ, ਆਰਥਿਕ ਮੰਦੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਪ੍ਰਕੋਪ ਨੇ ਕਮਰ ਤੋੜ ਦਿੱਤੀ ਹੈ। ਦੂਜੇ ਪਾਸੇ ਇਹ ਲੋਕ ਸਰਕਾਰ ਦੀ ਸ਼ਮੂਲੀਅਤ ਨਾਲ ਮੰਦਰ ਦੀ ਉਦਘਾਟਨੀ ਰਸਮ ਉੱਤੇ ਕਰੋੜਾਂ ਰੁਪਏ ਖਰਚ ਕਰ ਰਹੇ ਹਨ ਜੋ ਦੇਸ਼ ਦੇ ਸਿਆਣਿਆਂ ਦੀ ਰਾਏ ਅਨੁਸਾਰ ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਕੁਝ ਚਿਰ ਲਈ ਟਾਲਿਆ ਵੀ ਜਾ ਸਕਦਾ ਸੀ।

ਫਿਲਹਾਲ ਅਯੁੱਧਿਆ ਰਾਮ ਮੰਦਰ ਦੇ ਇਤਿਹਾਸ, ਕੋਰਟਾਂ ਵਿਚ ਮੁਕੱਦਮੇਬਾਜ਼ੀ ਅਤੇ ਅਖੀਰ ਵਿਚ ਸਰਵਉੱਚ ਅਦਾਲਤ ਦੇ ਫੈਸਲੇ ਤੋਂ ਬਾਅਦ ਮੰਦਰ ਉਸਾਰਨ ਦੇ ਜੋਸ਼ ਅਤੇ ਜਨੂੰਨ ਨੂੰ ਦੇਖ ਕੇ ਸਾਫ ਨਜ਼ਰ ਆ ਰਿਹਾ ਹੈ ਕਿ ਦੇਸ਼ ਕਿਸ ਤਰ੍ਹਾਂ ਤੇਜ਼ੀ ਨਾਲ ਬ੍ਰਾਹਮਣੀ ਚਤਰ ਵਰਨੀ ਵਿਵਸਥਾ ਵੱਲ ਦੌੜਦਾ ਜਾ ਰਿਹਾ ਹੈ। ਮੋਦੀ ਜੀ ਅਯੁੱਧਿਆ ਜਾ ਕੇ ਅਤੇ ਚੋਟੀ ਦੇ ਰਾਮ ਭਗਤ ਬਣ ਕੇ ਹਿੰਦੂ ਹਿਰਦੇ ਸਮਰਾਟ ਜ਼ਰੂਰ ਬਣ ਗਏ ਪਰ ਪੁੱਛਿਆ ਜਾ ਸਕਦਾ ਹੈ, ਉਹਨਾਂ ਦੀ ਉਸ ਸਹੁੰ ਦਾ ਕੀ ਰਹਿ ਗਿਆ ਜੋ ਉਹਨਾਂ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਗ੍ਰਹਿਣ ਕਰਨ ਸਮੇਂ ਲਈ ਸੀ ਈਸ਼ਵਰ ਦੇ ਨਾਂ ਤੇ ਕਿ ਉਹ ਸੰਵਿਧਾਨ ਨੂੰ ਅਕੁਸ਼ਣ (ਸਹੀ ਸਲਾਮਤ) ਰੱਖਣਗੇ ਅਤੇ ਉਸ ਦੀ ਪੂਰੀ ਇਮਾਨਦਾਰੀ ਅਤੇ ਨਿਸ਼ਟਾ ਪੂਰਵਕ ਪਾਲਣਾ ਕਰਨਗੇ। ਸੰਵਿਧਾਨ ਦੇ ਪਹਿਲੇ ਸਫ਼ੇ ਤੇ ਹੀ ਸੰਵਿਧਾਨ ਦੀ ਉਦੇਸ਼ਿਕਾ ਵਿਚ ਮੋਟੀ ਅੱਖਰਾਂ ਵਿਚ ਲਿਖਿਆ ਹੈ ਕਿ ਰਾਜ (ਸਟੇਟ) ਲੋਕਤੰਤਰੀ ਹੋਣ ਦੇ ਨਾਲ ਨਾਲ ਸੈਕੂਲਰ (ਧਰਮ ਨਿਰਪੱਖ) ਅਤੇ ਸਮਾਜਵਾਦੀ ਹੋਵੇਗਾ, ਜਿਸਦਾ ਸਾਫ ਮਤਲਬ ਹੈ ਕਿ ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋਵੇਗਾ।

ਦੂਜੇ ਸ਼ਬਦਾਂ ਵਿਚ ਉਸ ਲਈ ਸਭ ਧਰਮ ਬਰਾਬਰ ਹਨ, ਅਰਥਾਤ ਇਕੋ ਜਿੰਨੀ ਦੂਰੀ। ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਦੀ ਜ਼ੁਅਰਤ ਉੱਚੇ ਸੁਰ ਵਿਚ ਜਿੰਨੀ ਉੱਘੇ ਮੁਸਲਿਮ ਨੇਤਾ ਅਸੁੱਦੀਨ ਓਵੈਸੀ ਨੇ ਦਿਖਾਈ ਹੈ, ਉਨੀ ਸ਼ਾਇਦ ਕਿਸੇ ਵੀ ਹਿੰਦੂ ਨੇਤਾ ਨੇ ਨਹੀਂ ਦਿਖਾਈ। ਹਰੇਕ ਹਿੰਦੂ ਕੱਟੜਪੰਥੀਆਂ ਦੀ ਨਰਾਜ਼ਗੀ ਤੋਂ ਬਚਣਾ ਚਾਹੁੰਦਾ ਹੈ। ਓਵੈਸੀ ਨੇ ਸਪਸ਼ਟ ਕਿਹਾ ਕਿ 'ਸੈਕੂਲਰ ਸਟੇਟ ਦੇ ਪ੍ਰਧਾਨ ਮੰਤਰੀ ਦਾ ਅਯੁੱਧਿਆ ਜਾ ਕੇ ਇਕ ਧਰਮ ਵਿਸ਼ੇਸ਼ ਦੇ ਸਮਾਗਮ ਵਿਚ ਹਿੱਸਾ ਲੈਣਾ ਸੰਵਿਧਾਨ ਦੀ ਹੱਦ ਦਰਜੇ ਦੀ ਉਲੰਘਣਾ ਹੈ- ਸੰਵਿਧਾਨ ਦੀ ਤੌਹੀਨ ਹੈ। ਪਰ ਸਵਾਲ ਹੈ ਕਿ ਇਹੋ ਜਿਹੀਆਂ ਫਟਕਾਰਾਂ, ਤਾਅਨੇ, ਮਿਹਣਿਆਂ ਦਾ ਕਿਸੇ ਦੀ ਸਿਹਤ 'ਤੇ ਕੀ ਅਸਰ ਜੋ ਸਭ ਕੁਝ ਜਾਣਦੇ ਅਤੇ ਸਮਝਦੇ ਹੋਏ ਸੰਵਿਧਾਨ ਅਤੇ ਉਸ ਦੀਆਂ ਮਰਿਆਦਾਵਾਂ ਨੂੰ ਤੋੜ ਕੇ ਆਪਣੇ ਨਿਸ਼ਚਿਤ ਏਜੰਡੇ ਨੂੰ ਪੂਰਾ ਕਰਨ ਦੇ ਜਨੂੰਨ ਵਿਚ ਵਿਆਕੁਲ ਹੋ ਚੁੱਕੇ ਹਨ। ਭਾਜਪਾ ਖੇਮੇ ਵੱਲੋਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਉਦੇਸ਼ਿਕਾ ਵਿਚ ਲਿਖੇ ਗਏ ਸੈਕੂਲਰ ਅਤੇ ਸੋਸ਼ਲਿਸਟ ਸ਼ਬਦਾਂ ਦੀ ਕਾਨੂੰਨਤਾ ਨੂੰ ਹੀ ਨਹੀਂ ਮੰਨਦੇ ਕਿਉਂਕਿ ਇਹ ਸ਼ਬਦ ਬਾਅਦ ਵਿਚ ਇੰਦਰਾ ਗਾਂਧੀ ਨੇ 1976 ਵਿਚ ਜੋੜੇ ਸਨ। ਪਰ ਹੈਰਾਨੀ ਹੈ ਕਿ ਉਹ ਇਹ ਕਿਉਂ ਭੁੱਲ ਜਾਂਦੇ ਹਨ ਕਿ ਜਿਸ ਸੰਵਿਧਾਨ ਦੀ ਕਸਮ ਖਾਂਦੇ ਹਨ, ਉਸ ਵਿਚ ਇਹ ਦੋਨੋਂ ਸ਼ਬਦ 'ਸੈਕੂਲਰ ਅਤੇ ਸੋਸ਼ਲਿਸਟ' ਵੀ ਸ਼ਾਮਲ ਰਹੇ ਹਨ। ਇਹ ਦੋਗਲੇਪਣ ਦੀ ਸਿਆਸਤ ਕਦ ਖਤਮ ਹੋਵੇਗੀ?

ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਪ੍ਰਕਾਰ ਦੀ ਦੁਸ਼ਮਣੀ ਆਧਾਰਿਤ ਸਮਾਜਿਕ ਵਿਵਸਥਾ ਨੂੰ ਸਥਾਪਤ ਕਰਨ ਦੇ ਮਨਸੂਬੇ ਘੜਨਾ ਸਿੱਧੇ ਤੌਰ 'ਤੇ ਨਾ ਖਤਮ ਹੋਣ ਵਾਲੀ ਆਪਸੀ ਰੰਜਸ਼ ਅਤੇ ਬਦਅਮਨੀ ਨੂੰ ਬੁਲਾਵਾ (ਸੱਦਾ) ਦੇਣਾ ਹੈ।

ਜਿੱਥੋਂ ਤੱਕ ਦਲਿਤ (ਅਛੂਤ) ਤੇ ਸ਼ੂਦਰ ਜਾਤੀਆਂ ਦਾ ਸਬੰਧ ਹੈ, ਉਹ ਤਾਂ ਸਦੀਆਂ ਤੋਂ ਚਤਰ ਵਰਨੀ ਸਰਾਪ ਦੇ ਥੱਲੇ ਹਿੰਦੂ ਹਿਪੋਕ੍ਰੇਸੀ (ਦੋਗਲੇਪਣ) ਨਫ਼ਰਤ ਅਤੇ ਕਰੂਰਤਾ ਦੇ ਤਸੀਹੇ ਝੱਲਦੇ ਆ ਰਹੇ ਹਨ (ਹਾਲੇ ਕਿਹੜਾ ਬੰਦ ਹੋ ਗਏ?) ਲੇਕਿਨ ਉਹਨਾਂ ਲਈ ਹੁਣ ਉਹਨਾਂ ਦੇ ਮਸੀਹਾ ਬਾਬਾ ਸਾਹਿਬ ਦੇ ਬਣਾਏ ਸੰਵਿਧਾਨ ਨੇ ਉਹਨਾਂ ਦੀ ਤਰੱਕੀ ਦੇ ਸਭ ਬੰਦ ਦਰਵਾਜ਼ੇ ਖੋਲ੍ਹ ਦਿੱਤੇ ਹਨ। ਉਹ ਕਦੇ ਵੀ ਅਤੇ ਕਿਸੇ ਵੀ ਹਾਲਤ ਵਿਚ ਇਸ ਸੰਵਿਧਾਨ ਅਤੇ ਇਸ ਦੁਆਰਾ ਪ੍ਰਦਾਨ ਕੀਤੇ ਲੋਕਤੰਤਰ ਦਾ ਖੂਨ ਨਹੀਂ ਹੋਣ ਦੇਣਗੇ।

ਤਥਾਗਤ ਬੁੱਧ ਦਾ ਸਮੁੱਚੀ ਮਾਨਵਤਾ ਲਈ ਦਿਖ-ਾਇਆ ਸੁੱਖ ਸਮ੍ਰਿਧੀ, ਮੈਤਰੀ ਸਦਭਾਵਨਾ ਅਤੇ ਮਾਨਵ ਕ-ਲਿਆਣ ਦਾ ਰਸਤਾ ਹੀ ਬ੍ਰਾਹਮਣਵਾਦੀ ਮੱਕੜਜਾਲ ਤੋਂ ਬੰਦ ਖਲਾਸੀ ਪਾਉਣ ਦਾ ਇਕ ਬਦਲ ਹੈ।

0172-4623503

**ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਪ੍ਰਕਾਰ ਦੀ ਦੁਸ਼ਮਣੀ ਆਧਾਰਿਤ ਸਮਾਜਿਕ ਵਿਵਸਥਾ ਨੂੰ ਸਥਾਪਤ ਕਰਨ ਦੇ ਮਨਸੂਬੇ ਘੜਨਾ ਸਿੱਧੇ ਤੌਰ 'ਤੇ ਨਾ ਖਤਮ ਹੋਣ ਵਾਲੀ ਆਪਸੀ ਰੰਜਸ਼ ਅਤੇ ਬਦਅਮਨੀ ਨੂੰ ਬੁਲਾਵਾ (ਸੱਦਾ) ਦੇਣਾ ਹੈ।**

**ਜਿੱਥੋਂ ਤੱਕ ਦਲਿਤ (ਅਛੂਤ) ਤੇ ਸ਼ੂਦਰ ਜਾਤੀਆਂ ਦਾ ਸਬੰਧ ਹੈ, ਉਹ ਤਾਂ ਸਦੀਆਂ ਤੋਂ ਚਤਰ ਵਰਨੀ ਸਰਾਪ ਦੇ ਥੱਲੇ ਹਿੰਦੂ ਹਿਪੋਕ੍ਰੇਸੀ (ਦੋਗਲੇਪਣ) ਨਫ਼ਰਤ ਅਤੇ ਕਰੂਰਤਾ ਦੇ ਤਸੀਹੇ ਝੱਲਦੇ ਆ ਰਹੇ ਹਨ (ਹਾਲੇ ਕਿਹੜਾ ਬੰਦ ਹੋ ਗਏ?) ਲੇਕਿਨ ਉਹਨਾਂ ਲਈ ਹੁਣ ਉਹਨਾਂ ਦੇ ਮਸੀਹਾ ਬਾਬਾ ਸਾਹਿਬ ਦੇ ਬਣਾਏ ਸੰਵਿਧਾਨ ਨੇ ਉਹਨਾਂ ਦੀ ਤਰੱਕੀ ਦੇ ਸਭ ਬੰਦ ਦਰਵਾਜ਼ੇ ਖੋਲ੍ਹ ਦਿੱਤੇ ਹਨ। ਉਹ ਕਦੇ ਵੀ ਅਤੇ ਕਿਸੇ ਵੀ ਹਾਲਤ ਵਿਚ ਇਸ ਸੰਵਿਧਾਨ ਅਤੇ ਇਸ ਦੁਆਰਾ ਪ੍ਰਦਾਨ ਕੀਤੇ ਲੋਕਤੰਤਰ ਦਾ ਖ਼ੂਨ ਨਹੀਂ ਹੋਣ ਦੇਣਗੇ।**

**ਤਥਾਗਤ ਬੁੱਧ ਦਾ ਸਮੁੱਚੀ ਮਾਨਵਤਾ ਲਈ ਦਿਖਾਇਆ ਸੁੱਖ ਸਮ੍ਰਿਧੀ, ਮੈਤਰੀ ਸਦਭਾਵਨਾ ਅਤੇ ਮਾਨਵ ਕਲਿਆਣ ਦਾ ਰਸਤਾ ਹੀ ਬ੍ਰਾਹਮਣਵਾਦੀ ਮੱਕੜਜਾਲ ਤੋਂ ਬੰਦ ਖਲਾਸੀ ਪਾਉਣ ਦਾ ਇਕ ਬਦਲ ਹੈ।**

ਅਮਰੀਕਾ ਦੇ ਉੱਘੇ ਰਸਾਲੇ 'ਵਾਲਸਟ੍ਰੀਟ ਜਰਨਲ' ਵਿਚ ਛਪੀ ਇਕ ਰਿਪੋਰਟ ਨੇ ਭਾਰਤ ਦੀ ਰਾਜਨੀਤੀ ਵਿਚ ਜ਼ਬਰਦਸਤ ਹਲਚਲ ਮਚਾ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਕੰਮ ਕਰਨ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ (ਮੰਚਾਂ) 'ਫੇਸਬੁਕ ਅਤੇ ਵਟਸਅਪ' 'ਤੇ ਕਬਜ਼ਾ ਕਰਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਆਪਣੇ ਨੇਤਾਵਾਂ ਦੇ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਨੂੰ ਉਤਸ਼ਾਹਿਤ ਕਰਨ, ਮੋਦੀ ਜੀ ਦੀ ਸ਼ਖਸੀਅਤ ਨੂੰ ਉਭਾਰਨ/ ਚਮਕਾਉਣ ਅਤੇ ਵਿਰੋਧੀ ਪੱਖ ਦੇ ਲੀਡਰਾਂ ਦੇ ਚਰਿੱਤਰ ਹਨਨ ਵਿਚ ਲੱਗੀ ਹੋਈ ਹੈ। ਇਸ ਬਾਰੇ ਨਿਯੁਕਤ ਕੀਤੀ ਜਾ ਰਹੀ ਉੱਚ ਪੱਧਰੀ ਕਮੇਟੀ ਤਾਂ ਜਾਂਚ ਪੜਤਾਲ ਕਰਨ ਤੋਂ ਬਾਅਦ ਪਤਾ ਨਹੀਂ ਕਦ ਅਤੇ ਕਿਸ ਨਤੀਜੇ 'ਤੇ ਪਹੁੰਚੇਗੀ ਪਰ ਇਹ ਤਾਂ ਸਾਫ ਹੋ ਗਿਆ ਹੈ ਕਿ ਭਾਜਪਾ ਅਤੇ ਆਰ. ਐਸ. ਐਸ. ਦੀ ਇਸ ਚੜ੍ਹਤ ਬੜ੍ਹਤ ਦਾ ਅਸਲ ਰਾਜ਼ ਮੁਸਲਿਮ ਨਫ਼ਰਤ ਹੀ ਹੈ ਜਿਸ ਦੀ ਗੂੰਜ ਹੁਣ ਦੇਸ਼ ਦੀਆਂ ਹੱਦਾਂ ਨੂੰ ਪਾਰ ਕਰਕੇ ਵਿਦੇਸ਼ਾਂ ਵਿਚ ਵੀ ਪਹੁੰਚ ਗਈ ਹੈ।

# ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਪ੍ਰਦੂਸ਼ਣ ਉੱਪਰ ਕਾਬੂ ਪਾਉਣਾ ਜ਼ਰੂਰੀ

17 ਅਗਸਤ, 2020 ਨੂੰ ਪਿੰਡ ਕੋਟੜਾ (ਮਾਨਸਾ) ਦੇ ਇਕ ਕਿਸਾਨ ਬਲਵੀਰ ਸਿੰਘ ਨੇ ਸਲਫਾਸ ਦੀਆਂ ਗੋਲ਼ੀਆਂ ਖਾਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਵਿਚ ਖ਼ੁਦਕੁਸ਼ੀ ਕਰਕੇ ਆਪਣਾ ਜੀਵਨ ਸਮਾਪਤ ਕਰ ਲਿਆ। ਖ਼ੁਦਕੁਸ਼ੀ ਕਰਨ ਵਾਲ਼ੇ ਕਿਸਾਨ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ ਜ਼ਿਲ੍ਹੇ ਦੇ ਡੀ.ਸੀ. ਅਤੇ ਪੰਜਾਬ ਰੈਵਿਨਿਊ ਮੰਤਰੀ ਗੁਰਪ੍ਰੀਤ ਕਾਂਗੜ ਨੂੰ ਆਪਣੇ ਦੁਆਰਾ ਚੁੱਕੇ ਇਸ ਸਖ਼ਤ ਕਦਮ ਲਈ ਜ਼ਿੰਮੇਵਾਰ ਠਹਿਰਾਇਆ ਹੈ। 15 ਅਗਸਤ ਨੂੰ ਪਿੰਡ ਕੋਟੜਾ ਵਿਖੇ ਇਕ ਸਮਾਰਟ ਸਕੂਲ ਦਾ ਉਦਘਾਟਨ ਕਰਨ ਲਈ ਪੰਜਾਬ ਦੇ ਮੰਤਰੀ ਗੁਰਪ੍ਰੀਤ ਕਾਂਗੜ ਆਏ ਸਨ। ਉਸੇ ਦਿਨ ਸ਼ਾਮ ਨੂੰ ਇਸ ਮੰਤਰੀ ਦੇ ਕਰੋਨਾ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਸੀ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਬਲਵੀਰ ਸਿੰਘ ਨੇ ਕਿਹਾ ਕਿ ਉਹ ਕੈਪਟਨ ਸਰਕਾਰ ਦੀ ਡਰਾਮੇਬਾਜ਼ੀ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਰਿਹਾ ਹੈ, ਜਦੋਂ ਉਸ ਮੰਤਰੀ ਨੂੰ ਪਤਾ ਸੀ ਕਿ ਉਹ ਕਰੋਨਾ ਤੋਂ ਪੀੜਤ ਹੈ ਤਾਂ ਉਹ ਮਾਨਸਾ ਅਤੇ ਕੋਟੜਾ ਪਿੰਡ ਕਿਉਂ ਆਇਆ? ਖ਼ੁਦਕੁਸ਼ੀ ਕਰਨ ਵਾਲ਼ੇ ਕਿਸਾਨ ਦੇ ਬੇਟੇ ਅਮਨਦੀਪ ਸਿੰਘ ਨੇ ਕਿਹਾ ਕਿ ਮੰਤਰੀ ਦੇ ਕਰੋਨਾ ਤੋਂ ਪੀੜਤ ਹੋਣ ਦੀ ਪੁਸ਼ਟੀ ਤੋਂ ਬਾਅਦ ਉਨ੍ਹਾਂ ਦੇ ਪਿੰਡ ਇਕ ਹੋਕਾ ਦਿੱਤਾ ਗਿਆ ਕਿ ਜਿਹੜੇ ਵਿਅਕਤੀ ਗੁਰਪ੍ਰੀਤ ਕਾਂਗੜ ਦੇ ਸੰਪਰਕ ਵਿਚ ਆਏ ਸਨ, ਉਹ ਇਕਾਂਤਵਾਸ ਵਿਚ ਚਲੇ ਜਾਣ। ਉਨ੍ਹਾਂ ਦਾ ਪਿਤਾ ਇਸ ਸੁਨੇਹੇ ਤੋਂ ਘਬਰਾਇਆ ਹੋਇਆ ਸੀ ਅਤੇ ਉਹ ਅਕਸਰ ਕਿਹਾ ਕਰਦਾ ਸੀ ਕਿ ਰਾਜਸੀ ਆਗੂ ਇਕੱਠ ਕਰਦੇ ਰਹਿੰਦੇ ਹਨ, ਪਰ ਅਜਿਹਾ ਕਰਨ ਉੱਪਰ ਆਮ ਆਦਮੀਆਂ ਨੂੰ ਜੁਰਮਾਨਾ ਕੀਤਾ ਜਾਂ ਸਜ਼ਾ ਦਿੱਤੀ ਜਾਂਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਇਕ ਆਗੂ ਅਨੁਸਾਰ ਜਦੋਂ ਬਲਵੀਰ ਸਿੰਘ ਦੀ ਸ਼ਕਾਇਤ ਸੁਣਨ ਲਈ ਮਾਨਸਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਈ ਵੀ ਅਫ਼ਸਰ ਨਹੀਂ ਸੀ, ਤਾਂ ਕੁਝ ਕਲਰਕੀ ਅਮਲੇ ਅਤੇ ਬਲਵੀਰ ਸਿਘ ਦੀ ਤੂੰ-ਤੂੰ ਮੈਂ-ਮੈਂ ਵੀ ਹੋਈ ਸੀ।

ਮਨੁੱਖਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਦੇ ਅਨੇਕਾਂ ਕਾਰਨ ਹੋ ਸਕਦੇ, ਪਰ ਜੇਕਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਇਕੋ-ਇਕ ਕਾਰਨ ਦੀ ਗੱਲ ਕਰਨੀ ਹੋਵੇ ਤਾਂ ਉਹ ਹੈ ਪ੍ਰਦੂਸ਼ਣ। ਦੁਨੀਆ ਵਿਚ ਪ੍ਰਦੂਸ਼ਣ ਹਰ ਤਰ੍ਹਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਪਾਉਂਦਾ ਹੈ। ਖੇਤੀਬਾੜੀ ਖੇਤਰ ਨਾਲ਼ ਸੰਬੰਧਿਤ ਇਨ੍ਹਾਂ ਵਰਗਾਂ ਦੁਆਰਾ ਹੰਢਾਇਆ ਜਾ ਰਿਹਾ ਪ੍ਰਦੂਸ਼ਣ ਆਰਥਿਕ, ਸਮਾਜਿਕ-ਸਭਿਆਚਾਰਕ, ਰਾਜਸੀ ਅਤੇ ਬੌਧਿਕ ਰੂਪ ਵਿਚ ਹੈ। ਪੰਜਾਬ ਸਰਕਾਰ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋਫ਼ੈਸਰਾਂ ਦੀ ਅਗਵਾਈ ਵਿਚ ਪੰਜਾਬ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਬਾਰੇ ਪੰਜਾਬ ਦੇ ਹਰੇਕ ਪਿੰਡ ਵਿਚ ਘਰ ਘਰ ਜਾਕੇ ਕਰਵਾਏ ਗਏ ਇਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਸੀ 16 ਸਾਲਾਂ ਦੇ ਸਮੇਂ ਦੌਰਾਨ 16 ਹਜ਼ਾਰ ਤੋਂ ਵੱਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ ਜਿਨ੍ਹਾਂ ਵਿਚੋਂ 40 ਫ਼ੀਸਦ ਦੇ ਕਰੀਬ ਖੇਤ ਮਜ਼ਦੂਰ ਅਤੇ ਕਿਸਾਨਾਂ ਵਿਚੋਂ ਬਹੁਤ ਵੱਡੀ ਗਿਣਤੀ (76 ਫ਼ੀਸਦ) ਵਿਚ ਸੀਮਾਂਤ ਅਤੇ ਛੋਟੇ ਕਿਸਾਨ ਸਨ।

ਮੁਲਕ ਦੀ ਆਜ਼ਾਦੀ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ ਜਿਸ ਨੇ ਮੁਲਕ ਦੀਆਂ ਸਮੱਸਿਆਵਾਂ ਉੱਪਰ ਕਾਬੂ ਪਾਉਣ ਲਈ ਪੰਜ ਸਾਲਾਂ ਯੋਜਨਾਵਾਂ ਬਣਾਈਆਂ ਅਤੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਅਮਲ ਵਿਚ ਲਿਆਂਦਾ। ਦੂਜੀ ਸੰਸਾਰ ਜੰਗ ਦੌਰਾਨ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ ਜੋ ਆਜ਼ਾਦੀ ਮੌਕੇ ਅਤੇ ਉਸ ਤੋਂ ਬਾਅਦ ਵੀ ਜਾਰੀ ਰਿਹਾ। ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਉਣ ਲਈ ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਦਿੱਤੀ ਗਈ ਜਿਸ ਸਦਕਾ ਇਸ ਸਮੱਸਿਆ ਉੱਤੇ ਕਾਬੂ ਪਾਇਆ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਦੀ ਜਗ੍ਹਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੀ ਜਾਣ ਕਾਰਨ ਮੁੜ ਤੋਂ ਮੁਲਕ ਨੂੰ ਅਨਾਜ ਪਦਾਰਥਾਂ ਦੀ ਥੁੜ ਦਾ ਸਾਹਮਣਾ ਕਰਨਾ ਪਿਆ। 1964-66 ਦੇ ਅਰਸੇ ਦੌਰਾਨ ਮੁਲਕ ਦੇ ਬਹੁਤੇ ਭਾਗਾਂ ਵਿਚ ਪਏ ਸੋਕੇ ਇਸ ਸਮੱਸਿਆ ਨੂੰ ਬਹੁਤ ਗੰਭੀਰ ਬਣਾ ਦਿੱਤਾ। ਇਸ ਸਮੇਂ ਦੌਰਾਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਸਮੱਸਿਆ ਇਸ ਹੱਦ ਤੱਕ ਵਧ ਗਈ ਸੀ ਕਿ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ ਅਤੇ ਆਖ਼ਰਕਾਰ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀ.ਐੱਲ.480 ਅਧੀਨ ਅਨਾਜ ਦਰਾਮਦ ਕੀਤਾ ਜਿਸ ਦੀ ਭਾਰੀ ਕੀਮਤ ਉਤਾਰਨੀ ਪਈ। ਕੇਂਦਰ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨ-ਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਕੇਂਦਰ ਸਰਕਾਰ ਨੇ ਵੱਖ ਵੱਖ ਪੱਧਰਾਂ ਉੱਪਰ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਖੇਤੀਬਾੜੀ ਦੀ ਇਸ ਜੁਗਤ ਨੂੰ ਪ੍ਰਮੁੱਖ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀ ਮਿਹਨਤ ਅਤੇ ਇਸ ਸੂਬੇ ਦੇ ਅਮੀਰ ਕੁਦਰਤੀ ਸਾਧਨਾਂ ਦੀ ਵਰਤੋਂ ਨਾ਼ਲ ਖੇਤੀਬਾੜੀ ਦੀ ਇਹ ਜੁਗਤ ਕਾਮਯਾਬ ਹੋਈ ਜਿਸ ਸਦਕਾ ਭਾਰਤ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।

ਪੰਜਾਬ ਦੇ ਭੂਗੋਲਿਕ ਖੇਤਰ ਦੇ ਪੱਖ ਤੋਂ ਬਹੁਤ ਹੀ



ਛੋਟਾ (1.54 ਫ਼ੀਸਦ) ਜਿਹਾ ਸੂਬਾ ਹੋਣ ਦੇ ਬਾਵਜੂਦ, ਇਸ ਸੂਬੇ ਨੇ ਲੰਮੇ ਸਮੇਂ ਲਈ ਕਣਕ ਅਤੇ ਝੋਨੇ ਦੇ ਸੰਬੰਧ ਵਿਚ ਕੇਂਦਰੀ ਅਨਾਜ ਭੰਡਾਰ ਵਿਚ 50 ਫ਼ੀਸਦ ਦੇ ਕਰੀਬ ਯੋਗਦਾਨ ਪਾਇਆ। ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਹੋਰ ਸੂਬਿਆਂ ਦੇ ਖੇਤੀਬਾੜੀ ਵਿਕਾਸ ਨੂੰ ਤਰਜੀਹ ਦਿੱਤੇ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਪਰ 2018-19 ਦੌਰਾਨ ਵੀ ਇਹ ਯੋਗਦਾਨ 32 ਫ਼ੀਸਦ ਦੇ ਕਰੀਬ ਰਿਹਾ ਹੈ। ਇਸ ਸੰਬੰਧ ਵਿਚ ਵਿਸ਼ੇਸ਼ ਧਿਆਨ ਦੇਣ ਵਾ਼ਲਾ ਇਕ ਤੱਥ ਇਹ ਵੀ ਹੈ ਕਿ ਜਦੋਂ ਮੁਲਕ ਵਿਚ ਕੁਦਰਤੀ ਆਫ਼ਤਾਂ ਦੀ ਮਾਰ ਖੇਤੀਬਾੜੀ ਖੇਤਰ ਉੱਪਰ ਪੈਂਦੀ ਹੈ ਤਾਂ ਪੰਜਾਬ ਦਾ ਇਹ ਯੋਗਦਾਨ ਵਧ ਜਾਂਦਾ ਹੈ ਅਤੇ ਸੋਕੇ ਦੇ ਸਮੇਂ ਦੌਰਾਨ ਤਾਂ ਵਧੀ ਹੋਈ ਉਤਪਾਦਨ ਲਾਗਤ ਦੀ ਮਾਰ ਇਥੋਂ ਦੇ ਕਿਸਾਨਾਂ ਅਤੇ ਸਰਕਾਰੀ ਖਜ਼ਾਨੇ ਉੱਪਰ ਪੈਂਦੀ ਹੈ।

ਪੰਜਾਬ ਵੱਲੋਂ ਕੇਂਦਰ ਸਰਕਾਰ ਦੀ ਅਨਾਜ ਪਦਾਰਥਾਂ ਦੀ ਥੁੜ੍ਹ ਦੀ ਸਮੱਸਿਆ ਹੱਲ ਕਰਨ ਲਈ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਦੇ ਬਾਵਜੂਦ ਮੁਲਕ ਦੀਆਂ ਖੇਤੀਬਾੜੀਆਂ ਨੀਤੀਆਂ ਕਾਰਨ ਇਸ ਸੂਬੇ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਅਨੇਕਾਂ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਹਨ। ਲੇਖਕ ਦੁਆਰਾ ਪੰਜਾਬ ਵਿਚ ਕੀਤੇ ਗਏ ਵੱਖ ਵੱਖ ਸਰਵੇਖਣ ਇਹ ਤੱਥ ਸਾਹ-ਮਣੇ ਲਿਆਏ ਹਨ ਕਿ ਪੰਜਾਬ ਨਿਮਨ ਕਿਸਾਨ, ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨਕਟੀ ਕਰਦੇ ਹਨ ਅਤੇ ਪਹਾੜ ਜਿੰਨੇ ਵਧੇ ਹੋਏ ਕਰਜ਼ੇ ਅਤੇ ਘੋਰ ਗ਼ਰੀਬੀ ਵਿਚ ਉਹ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾ਼ਲੀ ਮੌਤ ਮਰ ਜਾਂਦੇ ਹਨ ਜਾਂ ਕੁਝ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ। ਲੇਖਕ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਆਈ.ਸੀ.ਐੱਸ.ਐੱਸ.ਆਰ. ਵੱਲੋਂ ਸਪਾਂਸਰ ਕੀਤੇ ਗਏ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ 2014-15 ਦੌਰਾਨ ਪੰਜਾਬ ਵਿਚ 86 ਫ਼ੀਸਦ ਕਿਸਾਨ ਅਤੇ 80 ਫ਼ੀਸਦ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਥੱਲੇ ਸਨ। ਕਰਜ਼ੇ ਦਾ ਸਭ ਤੋਂ ਵੱਧ ਭਾਰ ਖੇਤ ਮਜ਼ਦੂਰਾਂ, ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਉੱਪਰ ਸੀ। ਕਰਜ਼ੇ ਦਾ ਇਹ ਭਾਰ ਇੰਨਾ ਜ਼ਿਆਦਾ ਸੀ ਕਿ ਇਨ੍ਹਾਂ ਵਰਗਾਂ ਦੁਆਰਾ ਕਰਜ਼ਾ ਤਾਂ ਕੀ ਮੋੜਨਾ, ਇਹ ਵਰਗ ਤਾਂ ਕਰਜ਼ੇ ਉੱਪਰਲਾ ਵਿਆਜ ਮੋੜਨ ਦੀ ਸਥਿਤੀ ਵਿਚ ਵੀ ਨਹੀਂ ਹਨ ਅਤੇ ਇਨ੍ਹਾਂ ਵਰਗਾਂ ਨੂੰ ਦੋ-ਡੰਗਾਂ ਦੀ ਰੁੱਖੀ-ਸੁੱਖੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਵੀ ਹੋਰ ਉਧਾਰ ਲੈਣਾ ਪੈਂਦਾ ਹੈ ਜੋ ਉਨ੍ਹਾਂ ਦੇ ਕਰਜ਼ੇ ਦਾ ਹਿੱਸਾ ਹੀ ਬਣ ਜਾਂਦਾ ਹੈ।

ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਆਰਥਿਕ ਪ੍ਰਦੂਸ਼ਣ ਨੂੰ ਸਮਝਣ ਲਈ ਰਾਸ਼ਟਰੀ ਆਮਦਨ ਵਿਚੋਂ ਖੇਤੀਬਾੜੀ ਖੇਤਰ ਨੂੰ ਦਿੱਤੇ ਜਾਂਦੇ ਹਿੱਸੇ ਨੂੰ ਸਮਝਣ ਦੀ ਲੋੜ ਹੈ। 1950-51 ਦੌਰਾਨ ਮੁਲਕ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਅਬਾਦੀ 82 ਫ਼ੀਸਦ ਸੀ ਜਿਸ ਨੂੰ ਉਸ ਸਮੇਂ ਦੀ ਰਾਸ਼ਟਰੀ ਆਮਦਨ 55 ਫ਼ੀਸਦ ਹਿੱਸਾ ਦਿੱਤਾ ਗਿਆ। ਭਾਵੇਂ ਵਰਤਮਾਨ ਸਮੇਂ ਦੌਰਾਨ ਮੁਲਕ ਦੀ ਅਬਾਦੀ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰਤਾ ਘਟਕੇ 50 ਫ਼ੀਸਦ ਦੇ ਕਰੀਬ ਰਹਿ ਗਈ ਹੈ, ਪਰ ਮੁਲਕ ਦੀ ਇਸ ਅਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ 15 ਫ਼ੀਸਦ ਦੇ ਕਰੀਬ ਹੀ ਦਿੱਤਾ ਜਾ ਰਿਹਾ ਹੈ ਜਿਸ ਦੀ ਮਾਰ ਪੰਜਾਬ ਦੇ ਖੇਤੀਬਾੜੀ ਖੇਤਰ ਨਾ਼ਲ ਸੰਬੰਧਿਤ ਵਰਗਾਂ ਉੱਪਰ ਇਸ ਲਈ ਜ਼ਿਆਦਾ ਪੈ ਰਹੀ ਹੈ ਕਿ ਇਹ ਸੂਬਾ ਉੱਚ ਉਤਪਾਦਨ ਲਾਗਤ ਅਤੇ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਵਾ਼ਲਾ ਹੈ। ਖੇਤ ਮਜ਼ਦੂਰਾਂ ਕੋ਼ਲ ਤਾਂ ਆਪਣੀ ਮਜ਼ਦੂਰੀ ਵੇਚਣ ਤੋਂ ਸਵਾਇ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਹੀਂ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਸਮਾਜਿਕ-ਸਭਿਆਚਾਰਕ ਪ੍ਰਦੂਸ਼ਣ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਦੇ ਸੰਬੰਧ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਤੋਂ ਪਹਿਲਾਂ ਖੇਤੀਬਾੜੀ ਖੇਤਰ ਨਾਲ ਸੰਬੰਧਿਤ ਵਰਗਾਂ ਦੇ ਲੋਕਾਂ ਦੇ ਸਮਾਜਿਕ ਸੰਬੰਧ ਬਹੁਤ ਨਿੱਘੇ ਅਤੇ ਸਭਿਆਚਾਰਕ ਪੱਖੋਂ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਸੁਭਾਅ ਸੰਘਰਸ਼ ਵਾ਼ਲਾ ਸੀ। ਖੇਤੀਬਾੜੀ ਦੀ ਇਸ ਜੁਗਤ ਦੀ ਰੂਹ ਦੇ ਵਪਾਰੀਕਰਨ ਵਾ਼ਲੀ ਹੋਣ ਕਾਰਨ ਇਨ੍ਹਾਂ ਨਿੱਘਿਆਂ ਸੰਬੰਧਾਂ ਵਿਚ ਬਹੁਤ ਤਰੇੜਾਂ ਆ ਗਈਆਂ ਹਨ। ਖੇਤੀਬਾੜੀ ਉਤਪਾਦਨ ਵਿਚ ਨਫ਼ੇ ਨੇ ਆਪਣੀ ਥਾਂ ਮੱਲ ਲਈ ਹੈ। ਵਟਾਈ, ਆਵਤ, ਵਿੜੀ, ਸਾਂਝੀ-ਸੀਰੀ ਆਦਿ ਬੀਤੇ ਸਮੇਂ ਦੇ ਸ਼ਬਦ ਬਣ ਗਏ ਸਨ। ਇਸ ਜੁਗਤ ਨੂੰ ਅਪਣਾਉਣ ਤੋਂ ਪਹਿਲਾਂ ਪਿੰਡ ਦੇ ਅਮੀਰ ਕਿਸਾਨ ਬਾਕੀ ਗ਼ਰੀਬ ਲੋਕਾਂ ਦੀ ਉਨ੍ਹਾਂ ਦੇ ਤੰਗੀਆਂ-ਤੁਰਸ਼ੀਆਂ ਵਾ਼ਲੇ ਸਮੇਂ ਬਹੁਤ ਮਦਦ ਕਰਦੇ ਸਨ, ਜੋ ਹੁਣ ਲਗਭਗ ਗਾਇਬ ਹੋ ਗਿਆ ਹੈ। ਵੱਖ ਵੱਖ ਕਾਰਨਾਂ ਕਰਕੇ ਖੇਤੀਬਾੜੀ ਨਾ਼ਲ ਸੰਬੰਧਿਤ ਵਰਗਾਂ ਦਾ ਆਪਣੀਆਂ ਸਮੱਸਿਆਵਾ ਦੇ ਹੱਲ ਲਈ ਸੰਘਰਸ਼ ਵਾ਼ਲਾ ਸੁਭਾਅ ਬਹੁਤ ਹੀ ਨੀਵੇਂ ਪੱਧਰ ਉੱਪਰ ਆ ਗਿਆ ਹੈ ਅਤੇ ਉਹ ਨਿੱਜੀ ਹਿੱਤਾਂ ਦੀ ਰਾਖੀ ਲਈ ਬਚਾਉ ਵਾ਼ਲਾ ਸੁਭਾਅ ਅਪਣਾ ਰਹੇ ਹਨ।

ਮੁਲਕ ਦੀ ਆਜ਼ਾਦੀ ਦੇ ਸਮੇਂ ਤੋਂ ਹੁਣ ਤੱਕ ਰਾਜਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਤੋਂ ਖੇਤੀਬਾੜੀ ਨਾ਼ਲ ਸੰਬੰਧਿਤ ਵਰਗਾਂ ਦੇ ਕਿਰਤੀਆਂ ਨੂੰ ਬਹੁਤ ਜ਼ਿਆਦਾ ਆਸਾਂ ਸਨ। ਮੁਲਕ ਦੀਆਂ ਰਾਜਸੀ ਪਾਰਟੀਆਂ ਅਤੇ ਉਨਾਂ ਦੇ ਆਗੂਆਂ ਅਤੇ ਮੁਲਕ ਦੇ ਹੁਕਮਰਾਨਾਂ ਨੇ ਖੇਤੀਬਾੜੀ ਨਾਲ ਸੰਬੰਧਿਤ ਵਰਗਾਂ ਦੀ ਭਲਾਈ ਲਈ ਵਾਅਦੇ ਅਤੇ ਦਾਅਵੇ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ, ਪਰ ਮੁਲਕ ਦੇ ਹੁਕਮਰਾਨ ਅਮਲਾਂ ਪੱਖੋਂ ਖਾ਼ਲੀ ਹਨ। ਪੰਜਾਬ ਵਿਚ 2017 ਦੀਆਂ ਅਸੈਂਬਲੀ ਚੋਣਾਂ ਦੌਰਾਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ਼ ਕਰਨ ਦਾ ਵਾਅਦਾ ਬਿਲਕੁਲ ਖੋਖਲਾ ਨਿਕਲਦੇ ਹੋਏ ਸਿਰਫ਼ ਡਰਾਮੇਬਾਜ਼ੀ ਹੀ ਸਾਬਿਤ ਹੋਇਆ। ਰਾਜਸੀ ਪ੍ਰਦੂਬਣ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਕਾਫ਼ੀ ਜੱਥੇਬੰਦੀਆਂ ਵੀ ਪਿੱਛੇ ਨਹੀਂ ਹਨ। ਇਹ ਜੱਥੇਬੰਦੀਆਂ ਇਕ ਵਿਅਕਤੀ ਦੀ ਲੀਡਰਸ਼ਿਪ ਵਾ਼ਲੀਆਂ ਹੋਣ ਕਾਰਨ ਅਕਸਰ ਇਨ੍ਹਾਂ ਦੇ ਲੀਡਰ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਦੀ ਆਸ ਵਿਚ ਰਾਜਸੀ ਪ੍ਰਦੂਸ਼ਣ ਵਿਚ ਵਾਧਾ ਕਰਦੇ ਹੋਏ ਆਪਣੇ ਲੋਕਾਂ ਨਾ਼ਲ ਧੋਖਾ ਕਰਕੇ ਉਨ੍ਹਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਬਣਦੇ ਹਨ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਬੌਧਿਕ ਪ੍ਰਦੂਸ਼ਣ ਨੂੰ ਸਮਝਣ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਕੁਝ ਤੇਜ਼ ਦਿਮਾਗ ਵਿਅਕਤੀ ਜੋ ਆਪਣੇ ਆਪ ਨੂੰ ਹੀ ਬੁੱਧੀਜੀਵੀ ਮੰਨਦੇ ਅਤੇ ਪ੍ਰਚਾਰਦੇ ਰਹਿੰਦੇ ਹਨ ਆਪਣੇ ਨਿੱਕੇ ਨਿੱਕੇ ਵਿਅਰਥ ਸੁਆਰਥਾਂ ਦੀ ਪੂਰਤੀ ਦੀ ਆਸ ਵਿਚ ਨਤੀਜਾ-ਪ੍ਰਮੁੱਖ ਅਧਿਐਨਾਂ ਲਈ ਆਪਣੇ ਕੋ਼ਲੋ ਅੰਕੜੇ ਬਣਾਉਣ ਲਈ ਅੱਡੀਆਂ ਚੁੱਕਕੇ ਆਪਣਾ ਪੂਰਾ ਜ਼ੋਰ ਲਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਉਨ੍ਹਾਂ ਵਿਚ ਦੋ ਜਮ੍ਹਾਂ ਦੋ ਨੂੰ ਤਿੰਨ ਜਾਂ ਪੰਜ ਜਾਂ ਕੋਈ ਵੀ ਹੋਰ ਅੰਕੜਾ ਸਾਬਤ ਕਰਨ ਲਈ ਸਰਕਾਰੀ/ ਦਰਬਾਰੀ/ ਜੁਗਾੜੀ/ ਝਾੜੂਬਰਦਾਰ/ ਗੜਬਈ/ ਚਿਲਮਚੀ ਆਦਿ ਵਿਅਕਤੀਆਂ ਦੀ ਰੂਹ ਬਹੁਤ ਤੇਜ਼ੀ ਨਾਲ ਪ੍ਰਵੇਸ਼ ਕਰ ਜਾਂਦੀ ਹੈ। ਬੌਧਿਕ ਪ੍ਰਦੂਸ਼ਣ ਫੈਲਾਉਣ ਵਾ਼ਲੇ ਤੇਜ਼ ਦਿਮਾਗ ਵਿਅਕਤੀ ਦੁਆਰਾ ਇਕ ਨਤੀਜਾ-ਪ੍ਰਮੁੱਖ ਅਧਿਐਨ ਜੋ ਉਨ੍ਹਾਂ ਦੁਆਰਾ ਹੱਦੋਂ ਵੱਧ ਜ਼ੋਰ ਲਾਉਂਦੇ ਹੋਏ ਪ੍ਰਚਾਰਿਆ ਜਾਂਦਾ ਹੈ ਉਹ ਇਹ ਹੈ ਕਿ ਹਾਸ਼ੀਏ ਉੱਪਰਲੇ ਲੋਕਾਂ ਦਾ ਉਜਾੜਾ ਉਨ੍ਹਾਂ ਦੇ ਆਪਣੇ ਹੱਕ ਵਿਚ ਹੀ ਹੁੰਦਾ ਹੈ।

ਮਨੁੱਖੀ ਜੀਵਨ ਦੀ ਇਹ ਮੰਨੀ ਹੋਈ ਸਚਾਈ ਹੈ ਕਿ ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੈ। ਕਰੋਨਾਵਾਇਰਸ ਮਹਾਮਾਰੀ ਨੇ ਇਹ ਫਿਰ ਤੋਂ ਸਾਹਮਣੇ ਲਿਆਂਦਾ ਹੈ ਕਿ ਮਨੁੱਖ ਕਾਰਾਂ, ਕੋਠੀਆਂ, ਜਹਾਜ਼ਾਂ, ਫੋਨਾਂ ਆਦਿ ਤੋਂ ਬਿਨਾਂ ਰਹਿ ਸਕਦੇ ਹਨ, ਪਰ ਖੇਤੀਬਾੜੀ ਵਸਤਾਂ ਤੋਂ ਬਿਨਾਂ ਉਨ੍ਹਾਂ ਦਾ ਜੀਵਨ ਸੰਭਵ ਹੀ ਨਹੀਂ। ਖੇਤੀਬਾੜੀ ਨੂੰ ਚੱਲਦੇ ਰੱਖਣ ਲਈ ਆਰਥਿਕ ਪ੍ਰਦੂਸ਼ਣ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਮੁਲਕ ਦੀ ਅੱਧੀ ਅਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਉਸ ਦਾ ਬਣਦਾ ਹਿੱਸਾ ਦਿੱਤਾ ਜਾਵੇ ਜਿਸ ਨਾ਼ਲ ਉਹ ਆਪਣੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ। ਸਮਾਜਿਕ-ਸਭਿਆਚਾਰਕ ਪ੍ਰਦੂਸ਼ਣ ਦੀ ਰੋਕਥਾਮ ਲਈ ਸਿਰਫ਼ ਨਫ਼ੇ ਵਾ਼ਲੀ ਖੇਤੀਬਾੜੀ ਦੀ ਜਗ੍ਹਾ ਕਿਰਤੀ ਅਤੇ ਕੁਦਰਤ-ਪੱਖੀ ਖੇਤੀਬਾੜੀ ਅਪਣਾਈ ਜਾਣੀ ਯਕੀਨੀ ਬਣਾਈ ਜਾਵੇ। ਰਾਜਸੀ ਪਾਰਟੀਆਂ, ਉਨ੍ਹਾਂ ਦੇ ਨੇਤਾਵਾਂ ਅਤੇ ਹੁਕਮਰਾਨਾਂ ਨੂੰ ਝੂਠੇ ਵਾਅਦਿਆਂ ਅਤੇ ਦਾਅਵਿਆਂ ਨੂੰ ਛੱਡਦੇ ਹੋਏ ਕਿਰਤੀਆਂ ਦੇ ਸੇਵਕ ਬਣਨ ਦਾ ਸਬੂਤ ਦੇਣਾ ਪਵੇਗਾ। ਇਸ ਸੰਬੰਧ ਵਿਚ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਸਮੂਹਿਕ ਲੀਡਰਸ਼ਿਪ ਵਾ਼ਲੀਆਂ ਹੋਣ। ਇਨਾਂ ਜੱਥੇਬੰਦੀਆਂ ਦੇ ਲੀਡਰ ਆਪਣੇ ਕਾਡਰ ਤੱਕ ਇਹ ਸੁਨੇਹਾ ਪਹੁੰਚਾਣ ਕਿ ਖ਼ੁਦ-ਕੁਸ਼ੀਆਂ ਕਿਸੇ ਵੀ ਸਮੱਸਿਆ ਦਾ ਕੋਈ ਵੀ ਹੱਲ ਨਹੀਂ ਹੈ ਅਤੇ ਸਮੱਸਿਆਵਾਂ ਦੇ ਹੱਲ ਲਈ ਲੋਕਤੰਤਰਿਕ ਅਤੇ ਸ਼ਾਂਤਮਈ ਸੰਘਰਸ਼ ਜ਼ਰੂਰੀ ਹਨ। ਬੌਧਿਕ ਪ੍ਰਦੂਸ਼ਣ ਫੈਲਾਉਣ ਵਾ਼ਲਿਆਂ ਲਈ ਇਹ ਸਮਝ ਲੈਣਾ ਬਹੁਤ ਹੀ ਜ਼ਰੂਰੀ ਹੈ ਕਿ ਕਿਰਤੀਆਂ ਦੀ ਭਲਾਈ ਅਤੇ ਮੁਲਕ ਦੇ ਵਿਕਾਸ ਲਈ ਵਿਕਾਊ ਤੇਜ਼ ਦਿਮਾਗ ਵਿਅਕਤੀਆਂ ਦੀ ਜਗ੍ਹਾ ਰੋਸ਼ਨ ਦਿਮਾਗ ਵਿਅਕਤੀਆਂ ਦੀ ਲੋੜ ਹੈ। ਰੌਸ਼ਨ ਦਿਮਾਗ ਵਿਅਕਤੀ ਉਹ ਹੁੰਦੇ ਹਨ ਜੋ ਆਮ ਲੋਕਾਂ ਨਾ਼ਲੋਂ ਉਨ੍ਹਾਂ ਦੀ ਸਮੱਸਿਆਵਾਂ ਨੂੰ ਵਧੀਆ ਤਰੀਕੇ ਨਾਲ ਸਮਝਦੇ ਅਤੇ ਉਨ੍ਹਾਂ ਦਾ ਹੱਲ ਲਈ ਤੱਤਪਰ ਰਹਿੰਦੇ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਮਾਜ ਅਤੇ ਸਰਕਾਰ ਦੇ ਜਾਗਣ ਦੇ ਵੇ਼ਲਾ ਹੈ, ਇਸ ਵਿਚ ਕੀਤੀ ਗਈ ਦੇਰੀ ਗੰਭੀਰ ਸਮੱਸਿਆ ਪੈਦਾ ਕਰੇਗੀ।

# ਤਣਾਅ ਤੋਂ ਪੀੜਤ ਹਨ 43 ਫ਼ੀਸਦੀ ਭਾਰਤੀ

**ਨਵੀਂ ਦਿੱਲੀ** – ਇਕ ਨਵੇਂ ਅਧਿਐਨ 'ਚ ਕਿਹਾ ਗਿਆ ਹੈ ਕਿ ਪਿਛਲੇ 5 ਮਹੀਨਿਆਂ ਤੋਂ ਦੇਸ਼ 'ਚ ਮਹਾਂਮਾਰੀ ਫੈਲਣ ਬਾਅਦ ਤਾਲਾਬੰਦੀ ਦੇ ਚੱਲਦਿਆਂ 43 ਫ਼ੀਸਦੀ ਭਾਰਤੀ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਗਏ ਹਨ। ਜੀ. ਓ. ਕਿਊ. ਆਈ. ਆਈ. ਵਲੋਂ ਕਰਵਾਏ ਸਮਾਰਟ ਤਕਨੀਕ ਵਾਲੇ ਸਿਹਤ ਸੰਭਾਲ ਪਲੇਟਫਾਰਮ ਅਧਿਐਨ 'ਚ 10 ਹਜ਼ਾਰ ਤੋਂ ਵਧੇਰੇ ਭਾਰਤੀਆਂ ਨੂੰ ਸਮਝਣ ਲਈ ਸਰਵੇਖਣ ਕੀਤਾ ਗਿਆ ਕਿ ਉਹ ਨਵੀਂ ਸਥਿਤੀ ਨਾਲ ਕਿਵੇਂ ਨਜਿੱਠ ਰਹੇ ਹਨ। ਇਸ ਅਧਿਐਨ ਮੁਤਾਬਿਕ ਜਵਾਬ ਦੇਣ ਵਾਲੇ ਲੋਕਾਂ 'ਚ 26 ਫ਼ੀਸਦੀ ਹਲਕੇ ਤਣਾਅ (ਡਿਪਰੈਸ਼ਨ) ਤੇ 11 ਫ਼ੀਸਦੀ ਦਰਮਿਆਨਾ ਤਣਾਅ ਮਹਿਸੂਸ ਕਰ ਰਹੇ ਹਨ, ਜਦਕਿ 6 ਫ਼ੀਸਦੀ ਲੋਕ ਗੰਭੀਰ ਉਦਾਸੀ ਦੇ ਲੱਛਣਾਂ ਦਾ ਸ਼ਿਕਾਰ ਹਨ। ਪਿਛਲੇ 5 ਮਹੀਨਿਆਂ 'ਚ ਅਚਾਨਕ ਵਾਪਰੀ ਸਥਿਤੀ ਨੇ ਲੋਕਾਂ ਦੀ ਮਾਨਸਿਕ ਸਿਹਤ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ- ਤਾਲਾਬੰਦੀ, ਚਿੰਤਾ, ਨੌਕਰੀਆਂ 'ਚ ਕਟੌਤੀ, ਸਿਹਤ ਦੇ ਡਰਾਵੇ ਤੇ ਸਮੁੱਚੇ ਅਸਥਿਰ ਵਾਤਾਵਰਣ ਦੀ ਲੜੀ ਨੇ ਤਣਾਅ ਦੇ ਪੱਧਰ ਨੂੰ ਵਧਾ ਦਿੱਤਾ ਹੈ। ਅਧਿਐਨ ਮੁਤਾਬਿਕ ਹਰ ਸਮੇਂ ਮਾਨਸਿਕ ਤਣਾਅ ਦਾ ਉੱਚਾ ਪੱਧਰ ਇਸ ਉਦਾਸੀ ਦਾ ਮੁੱਖ ਕਾਰਨ ਹੈ। ਇਸ ਅਧਿਐਨ ਦੌਰਾਨ ਲੋਕਾਂ ਤੋਂ ਉਨ੍ਹਾਂ ਦੀ ਰੋਜ਼ਾਨਾ ਰੁਟੀਨ ਨਾਲ ਸਬੰਧਿਤ 9 ਤਰ੍ਹਾਂ ਦੇ ਪ੍ਰਸ਼ਨ ਪੁੱਛੇ ਗਏ, ਜਿਨ੍ਹਾਂ 'ਚ ਗਤੀਵਿਧੀਆਂ 'ਚ ਦਿਲਚਸਪੀ ਦਾ ਪੱਧਰ, ਭੁੱਖ, ਨੀਂਦ ਚੱਕਰ, ਧਿਆਨ ਲਗਾਉਣ ਦੀ ਯੋਗਤਾ ਤੇ ਊਰਜਾ ਪੱਧਰ ਆਦਿ ਸ਼ਾਮਿਲ ਸਨ।

# ਭਾਰਤ ਦੇ 15 ਸੂਬਿਆਂ ਦੇ ਸਕੂਲਾਂ 'ਚ ਨਹੀ ਹੈ ਆਨਲਾਈਨ ਦਾਖ਼ਲਾ ਸਹੂਲਤ

ਨਵੀਂ ਦਿੱਲੀ - ਦੇਸ਼ ਦੇ 10 ਸੂਬਿਆਂ ਦੇ ਸਕੂਲ ਅਜੇ ਤੱਕ ਡਿਜ਼ੀਟਲ ਕਲਾਸ-ਰੂਮਾਂ ਤੋਂ ਸੱਖਣੇ ਹਨ, ਜਦਕਿ ਪੰਜਾਬ ਸਮੇਤ 15 ਸੂਬਿਆਂ 'ਚ ਆਨਲਾਈਨ ਦਾਖ਼ਲਾ ਸਹੂਲਤ ਨਹੀਂ ਹੈ ਅਤੇ 8 ਸੂਬਿਆਂ 'ਚ ਆਈ.ਸੀ.ਟੀ. ਲੈਬਾਰਟਰੀਆਂ ਨਹੀਂ ਹਨ। ਇਹ ਖ਼ੁਲਾਸਾ ਕੋਰੋਨਾ ਯੁੱਗ ਦੌਰਾਨ ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰੀ ਰਮੇਸ਼ ਪੋਖਰਿਆਲ 'ਨਿਸ਼ਾਂਕ' ਵਲੋਂ ਸਕੂਲਾਂ ਬਾਰੇ ਇੰਡੀਆ ਡਿਜੀਟਲ ਸਿੱਖਿਆ ਦੀਆਂ ਲੱਭਤਾਂ ਬਾਰੇ ਰਿਪੋਰਟ ਤੋਂ ਹੋਇਆ ਹੈ। ਇਸ ਰਿਪੋਰਟ 'ਚ ਪ੍ਰਧਾਨ ਮੰਤਰੀ ਮੋਦੀ ਤੇ ਸ੍ਰੀ ਪੋਖਰਿਆਲ ਵਲੋਂ ਡਿਜੀਟਲ ਸਿੱਖਿਆ ਦੇ ਖੇਤਰ 'ਚ ਕੇਂਦਰ ਸਰਕਾਰ ਵਲੋਂ ਉਠਾਏ ਕਦਮਾਂ ਨੂੰ ਦਰਸਾਉਂਦੇ ਸੁਨੇਹੇ ਵੀ ਦਿੱਤੇ ਗਏ ਹਨ। ਇਸ ਰਿਪੋਰਟ 'ਚ ਦੇਸ਼ ਦੇ 35 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਸਿੱਖਿਆ ਦੀ ਡਿਜੀਟਲ ਸਥਿਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ, ਜੋ ਦੇਸ਼ 'ਚ ਡਿਜੀਟਲ ਸਿੱਖਿਆ ਦੇ ਖੇਤਰ 'ਚ ਪਾਏ ਜਾ ਰਹੇ ਵਿਆਪਕ ਪਾੜੇ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ ਰਿਪੋਰਟ 'ਚ ਡਿਜੀਟਲ ਸਿੱਖਿਆ ਦੇ ਲਗਭਗ 16 ਮਾਪਦੰਡਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜਿਸ 'ਚ ਡਿਜੀਟਲ ਦਾਖਲਾ, ਡਿਜੀਟਲ ਕਲਾਸ-ਰੂਮ, ਆਈ.ਸੀ.ਟੀ. ਲੈਬ ਈ-ਬੁੱਕ, ਈ-ਕੋਰਸ ਸਮੱਗਰੀ, ਵਿੱਦਿਅਕ ਰੇਡੀਓ, ਵਿੱਦਿਅਕ ਟੀ.ਵੀ. ਅਤੇ ਕੰਪਿਊਟਰ ਮੋਬਾਈਲ ਐਪਲੀਕੇਸ਼ਨ ਬਾਰੇ ਜਾਣਕਾਰੀ ਸ਼ਾਮਿਲ ਹੈ।

# ਪੰਜਾਬ ਤੇ ਹਰਿਆਣਾ ਫਿਰ ਆਹਮੋ-ਸਾਹਮਣੇ



ਉਜਾਗਰ ਸਿੰਘ
94178-13072

ਕੈਪਟਨ ਅਮਰਿੰਦਰ ਸਿੰਘ ਦਾ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਇਸ ਨਹਿਰ ਦੀ ਉਸਾਰੀ ਨਾਲ ਕੌਮੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਭਾਵੇਂ ਬਹੁਤ ਸਾਰੇ ਸਿਆਸਤਦਾਨਾਂ ਨੇ ਇਸ ਗੱਲ ’ਤੇ ਕਿੰਤੂ-ਪ੍ਰੰਤੂ ਵੀ ਕੀਤਾ ਹੈ ਕਿ ਮੁੱਖ ਮੰਤਰੀ ਨੂੰ ਅਜਿਹੀ ਗੱਲ ਨਹੀਂ ਕਹਿਣੀ ਚਾਹੀਦੀ ਸੀ ਕਿਉਂਕਿ ਇਹ ਬਹੁਤ ਹੀ ਸੰਜੀਦਾ ਮਸਲਾ ਹੈ।

ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਾਦ-ਵਿਵਾਦ ਬਾਰੇ ਪਹਿਲੀ ਵਾਰ ਪੰਜਾਬ ਦੇ ਕਿਸੇ ਮੁੱਖ ਮੰਤਰੀ ਨੇ ਅਜਿਹੇ ਸਵਾਲ ਕੀਤੇ, ਜਿਨ੍ਹਾਂ ਦਾ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕੋਲ ਕੋਈ ਜਵਾਬ ਨਹੀਂ ਸੀ। ਇਸ ਤੋਂ ਪਹਿਲਾਂ ਜਦੋਂ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਬਣਿਆ ਤਾਂ ਪੰਜਾਬ ਦੇ ਕਿਸੇ ਵੀ ਮੁੱਖ ਮੰਤਰੀ ਨੇ ਸਤਲੁਜ-ਯਮੁਨਾ ਨਹਿਰ ਬਾਰੇ ਇੰਨਾ ਸਖਤ ਸਟੈਂਡ ਨਹੀਂ ਲਿਆ।

ਇਸ ਐਕਟ ਦੀ ਧਾਰਾ 78 ਕੇਂਦਰ ਸਰਕਾਰ ਨੂੰ ਪਾਣੀਆਂ ਦੀ ਵੰਡ ਕਰਨ ਬਾਰੇ ਫ਼ੈਸਲਾ ਕਰਨ ਦੇ ਅਧਿਕਾਰ ਦਿੰਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਨੂੰ ਦਾਅ ’ਤੇ ਲਾ ਕੇ ਕੇਂਦਰ ਦੀ ਕਾਂਗਰਸ ਦੀ ਸਰਕਾਰ ਨੂੰ ਭਰੋਸੇ ਵਿਚ ਲਏ ਤੋਂ ਬਿਨਾਂ ਹੀ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ ਵਿਧਾਨ ਸਭਾ ਤੋਂ 2004 ਵਿਚ ਰੱਦ ਕਰਵਾ ਦਿੱਤਾ ਸੀ। ਸੁਪਰੀਮ ਕੋਰਟ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ’ਤੇ ਰਾਸ਼ਟਰਪਤੀ ਪਤੀ ਵੱਲੋਂ ’ਪੰਜਾਬ ਟਰਮੀਨੇਸ਼ਨ ਆਫ ਐ-ਗਰੀਮੈਂਟ ਐਕਟ 2004’ ਬਾਰੇ ਮੰਗੀ ਗਈ ਰਾਇ ਬਾਰੇ ਦਿੱਤੇ ਫ਼ੈਸਲੇ ਅਨੁਸਾਰ ਕੇਂਦਰ ਸਰਕਾਰ ਦੀ ਪੰਜਾਬ ਅਤੇ ਹਰਿਆਣਾ ਨੂੰ ਇਕੱਠੇ ਬਿਠਾ ਕੇ ਇਸ ਮਸਲੇ ਦਾ ਹੱਲ ਕੱਢਣ ਲਈ ਕਾਰਵਾਈ ਸ਼ੁਰੂ ਹੋ ਗਈ ਹੈ। ਪੰਜਾਬ ਅਤੇ ਹਰਿਆਣਾ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਐੱਸਵਾਈਐੱਲ ਬਾਰੇ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖ਼ਾਵਤ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਅਤੇ ਮਨੋਹਰ ਲਾਲ ਖੱਟਰ ਨਾਲ ਵੀਡੀਓ ਕਾਨਫਰੰਸਿੰਗ ਜ਼ਰੀਏ ਪਹਿਲੀ ਮੀਟਿੰਗ ਕੀਤੀ ਹੈ।

ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਦੇ ਸਿੰ-ਚਾਈ ਸਕੱਤਰਾਂ ਅਤੇ ਫਿਰ ਮੁੱਖ ਸਕੱਤਰਾਂ ਦੀਆਂ ਵੀ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਦੋਵੇਂ ਸਰਕਾਰਾਂ ਆਪੋ-ਆਪਣਾ ਹੱਕ ਜ਼ਾਹਰ ਕਰ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਪਾਣੀ ਦੇਣ ਲਈ ਤਿਆਰ ਹਨ ਪਰ ਪਹਿਲਾਂ ਦਰਿਆਵਾਂ ਦੇ ਪਾਣੀ ਦੀ ਮਿਕਦਾਰ ਦਾ ਜਾਇਜ਼ਾ ਲਿਆ ਜਾਵੇ ਕਿ ਕੀ ਵਾਕਈ ਦਰਿਆਵਾਂ ਵਿਚ ਹਰਿਆਣੇ ਨੂੰ ਪਾਣੀ ਦੇਣ ਲਈ ਮੌਜੂਦ ਹੈ? ਹਕੀਕਤ ਇਹ ਹੈ ਕਿ ਦਰਿਆਵਾਂ ਦਾ ਪਾਣੀ ਤਾਂ ਪੰਜਾਬ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ।

ਪੰਜਾਬ ਦਾ ਕਿਸਾਨ ਦੇਸ਼ ਦੇ ਅੰਨ ਭੰਡਾਰ ਵਿਚ ਸਮੁੱਚੇ ਦੇਸ਼ ਦੇ ਰਾਜਾਂ ਨਾਲੋਂ ਵੱਧ ਹਿੱਸਾ ਪਾਉਂਦਾ ਹੈ। ਪੰਜਾਬ ਦੇ 150 ਬਲਾਕਾਂ ’ਚੋਂ 109 ਬਲਾਕਾਂ ਵਿਚ ਸਿੰਚਾਈ ਵਾਲੇ ਪਾਣੀ ਦੀ ਥੁੜ੍ਹ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਹੈ ਕਿ ਹਰ 25 ਸਾਲਾਂ ਬਾਅਦ ਦਰਿਆਵਾਂ ਦੇ ਪਾਣੀਆਂ ਦਾ ਜਾਇਜ਼ਾ ਲੈਣਾ ਹੁੰਦਾ ਹੈ ਕਿ ਉਨ੍ਹਾਂ ਵਿਚ ਪਾਣੀ ਦੀ ਮਿਕਦਾਰ ਕਿੰਨੀ ਰਹਿ ਗਈ ਹੈ।ਪੈਂਤੀ ਸਾਲ ਪਹਿਲਾਂ ਸੰਨ 1985 ਵਿਚ ਇਨ੍ਹਾਂ ਦ-ਰਿਆਵਾਂ ਦੇ ਪਾਣੀ ਦਾ ਜਾਇਜ਼ਾ ਲਿਆ ਗਿਆ ਸੀ। ਇਸ ਲਈ ਪਹਿਲਾਂ ਦਰਿਆਵਾਂ ਦੇ ਪਾਣੀ ਦੀ ਮਿਕਦਾਰ ਦੀ ਅਸੈਸਮੈਂਟ ਕਰਵਾਉਣ ਲਈ ਟ੍ਰਿਬਿਊਨਲ ਬਣਾਇਆ ਜਾਵੇ।

ਉਨ੍ਹਾਂ ਦਾ ਦੂਜਾ ਨੁਕਤਾ ਇਹ ਸੀ ਕਿ ਸਾਂਝੇ ਪੰਜਾਬ ਦੇ ਤਿੰਨ ਦਰਿਆਵਾਂ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀ ਦੀ ਵੰਡ ਤਾਂ ਕੇਂਦਰ ਸਰਕਾਰ ਨੇ ਕਰ ਦਿੱਤੀ ਹੈ ਪਰ ਚੌਥੇ ਦਰਿਆ ਯਮੁਨਾ ਦੇ ਪਾਣੀ ਦੀ ਵੰਡ ਕਰ ਕੇ ਪੰਜਾਬ ਨੂੰ ਹਿੱਸਾ ਕਿਉਂ ਨਹੀਂ ਦਿੱਤਾ ਗਿਆ? ਪਹਿਲਾਂ ਯਮੁਨਾ ਵਿਚੋਂ ਪੰਜਾਬ ਨੂੰ ਬਣਦਾ ਹਿੱਸਾ ਦਿੱਤਾ ਜਾਵੇ। ਹਰਿਆਣਾ ਨੂੰ ਤਾਂ ਨਵੀਂ ਬਣ ਰਹੀ ਸ਼ਾਰਦਾ ਨਹਿਰ ’ਚੋਂ ਵੀ ਹਿੱਸਾ ਮਿਲਣਾ ਹੈ।

ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਹੋ ਰਿਹਾ ਹੈ? ਤੀਜੇ ਹਰੀਕੇ ਪੱਤਣ ’ਤੇ ਬੰਨ੍ਹ ਲਗਾ ਕੇ ਰਾਜਸਥਾਨ ਨੂੰ ਪਾਣੀ ਦਿੱਤਾ ਜਾ ਗਿਆ ਹੈ। ਫਿਰ ਤੁਸੀਂ ਇਸ ਮੀਟਿੰਗ ਵਿਚ ਰਾਜਸਥਾਨ ਨੂੰ ਕਿਉਂ ਨਹੀਂ ਬੁਲਾਇਆ? ਰਾਜਸਥਾਨ ਨੂੰ ਗੱਲਬਾਤ ਵਿਚ ਸ਼ਾਮਲ ਕੀਤਾ ਜਾਵੇ। ਮੁੱਖ ਮੰਤਰੀ ਪੰਜਾਬ ਨੇ ਚੌਥਾ ਨੁਕਤਾ ਇਹ ਉਠਾਇਆ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੀ ਥੁੜ੍ਹ ਹੈ ਪਰ ਸਾਡਾ ਵਾਧੂ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ।

ਇਸ ਲਈ ਜਿਹੜਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਉਸ ਨੂੰ ਹਿਮਾਚਲ ਵਿਚ ਕੋਈ ਰਿਜ਼ਰਵਾਇਰ ਬਣਾ ਕੇ ਸਟੋਰ ਕਰਨ ਦਾ ਪ੍ਰਬੰਧ ਕੇਂਦਰ ਸਰਕਾਰ ਕਰੇ ਤਾਂ ਜੋ ਲੋੜ ਮੌਕੇ ਉਹ ਪਾਣੀ ਪੰਜਾਬ ਵਰਤ ਸਕੇ। ਉਨ੍ਹਾਂ ਇਹ ਵੀ ਕਹਿ ਦਿੱਤਾ ਕਿ ਜੇਕਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਦੀ ਕਾਰਵਾਈ ਸ਼ੁਰੂ ਕੀਤੀ ਤਾਂ ਪੰਜਾਬ ਦੁਬਾਰਾ ਅਸਥਿਰਤਾ ਦੇ ਮਾਹੌਲ ਵਿਚ ਜਾ ਸਕਦਾ ਹੈ। ਪੰਜਾਬ ਨੇ ਪਹਿਲਾਂ ਹੀ ਇਸ ਨਹਿਰ ਦੇ ਵਾਦ-ਵਿਵਾਦ ਕਰ ਕੇ ਸੰਤਾਪ ਹੰਢਾਇਆ ਹੈ।

ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਵਿਚ ਲੱਗੇ 35 ਮਜ਼ਦੂਰ, ਇਕ ਮੁੱਖ ਇੰਜੀਨੀਅਰ ਐੱਮ.ਐੱਲ. ਸੇਖੜੀ, ਐੱਸਈ ਅਵਤਾਰ ਸਿੰਘ ਔਲਖ ਅਤੇ ਬੀਬੀਐੱਮਬੀ ਦਾ ਚੇਅਰਮੈਨ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਕਈ ਲੋਕ ਕੈਪਟਨ ਦੀ ਇਸ ਕੌੜੀ ਸੱਚਾਈ ਨੂੰ ਬੁਰਾ ਕਹਿ ਰਹੇ ਹਨ ਪਰ ਪੰਜਾਬੀਆਂ ਨੂੰ ਪਤਾ ਹੀ ਹੈ ਕਿ ਉਹ ਕਿਹੋ ਜਿਹੇ ਮਾਹੌਲ ’ਚੋਂ ਲੰਘੇ ਹਨ। ਇਸ ਕਦਮ ਨਾਲ ਕੌਮੀ ਤੌਰ ’ਤੇ ਖ਼ਤਰਾ ਪੈਦਾ ਹੋ ਸਕਦਾ ਹੈ।

ਪੰਜਾਬ ਅਤੇ ਹਰਿਆਣਾ ਨੂੰ ਸਾਂਝੀਆਂ ਜਾਇਦਾਦਾਂ 60 :40 ਦੇ ਅਨੁਪਾਤ ਨਾਲ ਵੰਡੀਆਂ ਗਈਆਂ ਸਨ ਜਿਨ੍ਹਾਂ ਵਿਚ ਹਾਈ ਕੋਰਟ ਅਤੇ ਵਿਧਾਨ ਸਭਾ ਸ਼ਾਮਲ ਹਨ। ਇਸ ਲਈ ਪਾਣੀ ਲਈ ਵੀ ਇਹੋ ਫਾਰਮੂਲਾ ਅਪਣਾਇਆ ਜਾਣਾ ਚਾਹੀਦਾ ਹੈ। ਪੰਜਾਬ ਦਾ ਰਕਬਾ 105 ਲੱਖ ਏਕੜ ਹੈ ਜਦੋਂ ਕਿ ਪਾਣੀ 12:42 ਐੱਮਏਐੱਫ ਹੈ। ਹਰਿਆਣੇ ਦਾ ਰਕਬਾ 88 ਲੱਖ ਏਕੜ ਅਤੇ ਪਾਣੀ 12:48 ਐੱਮਏਐੱਫ ਹੈ। ਅਜਿਹੇ ਵਿਚ ਹਰਿਆਣਾ ਦੇ ਮੁਕਾਬਲੇ ਪੰਜਾਬ ਨੂੰ ਪਾਣੀ ਦੀ ਲੋੜ ਹੈ ਪਰ ਵਧੇਰੇ ਪਾਣੀ ਹ-ਰਆਣਾ ਨੂੰ ਦਿੱਤਾ ਗਿਆ ਹੈ।

ਹਰਿਆਣਾ ਅਤੇ ਹਿਮਾਚਲ ਬਣਨ ਤੋਂ ਬਾਅਦ ਹੀ ਹਰਿਆਣਾ ਨੇ ਪੰਜਾਬ ਤੋਂ ਸਾਂਝੇ ਪੰਜਾਬ ਦਾ ਹਿੱਸਾ ਹੋਣ ਕਰ ਕੇ ਪਾਣੀ ਮੰਗਣਾ ਸ਼ੁਰੂ ਕਰ ਦਿੱਤਾ ਸੀ ਹਾਲਾਂਕਿ ਕੋਈ ਵੀ ਦਰਿਆ ਹਰਿਆਣਾ ’ਚੋਂ ਲੰਘਦਾ ਨਹੀਂ ਜਿਸ ਕਾਰਨ ਉਹ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀ ਮੰਗਣ ਦਾ ਹੱਕਦਾਰ ਹੁੰਦਾ। ਰਾਜਸਥਾਨ ਵੀ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀ ਦਾ ਹੱਕਦਾਰ ਨਹੀਂ। ਪੰਜਾਬ ਸਰਕਾਰ ਨੇ 2016 ਵਿਚ ਸਤਲੁਜ-ਯਮੁਨਾ ਲਿੰਕ ਕੈਨਾਲ ਲੈਂਡ (ਟਰਾਂਸਫਰ ਆਫ ਪ੍ਰਾਪਰਟੀ ਰਾਈਟਸ ਬਿੱਲ 2016) ਵਿਧਾਨ ਸਭਾ ਵਿਚ ਪਾਸ ਕਰ ਕੇ ਨਹਿਰ ਦੀ ਐਕਵਾਇਰ ਕੀਤੀ ਜ਼ਮੀਨ ਡੀ-ਨੋਟੀਫਾਈ ਕਰ ਕੇ ਕਿਸਾਨਾਂ ਨੂੰ ਵਾਪਸ ਦੇ ਦਿੱਤੀ ਸੀ। ਹੁਣ ਸਾਰਾ ਪ੍ਰੋਸੀਜ਼ਰ ਦੁਬਾਰਾ ਕਰਨਾ ਪਵੇਗਾ ਜਿਸ ਕਾਰਨ ਇਸ ਨਹਿਰ ਦਾ ਮੁਕੰਮਲ ਹੋਣਾ ਅਸੰਭਵ ਲੱਗਦਾ ਹੈ। ਇਕ ਹੋਰ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਹਰਿਆਣੇ ਨੂੰ ਪਾਣੀ ਦੇਣ ਦੇ ਵਿਰੁੱਧ ਹਨ। ਚੌਵੀ ਮਾਰਚ 1976 ਨੂੰ ਇੰਦਰਾ ਗਾਂਧੀ ਨੇ ਭਾਖੜਾ ਅਤੇ ਬਿਆਸ ਪ੍ਰਾਜੈਕਟਾਂ ਦੀ ਬਿਜਲੀ ਅਤੇ ਪਾਣੀ ਦੀ ਵੰਡ 7.5 ਐੱਮਏਐੱਫ ਪਾਣੀ ’ਚੋਂ ਪੰਜਾਬ ਅਤੇ ਹਰਿਆਣਾ ਨੂੰ 3.5-3.5 ਅਤੇ 0.2 ਦਿੱਲੀ ਨੂੰ ਪੀਣ ਵਾਲੇ ਪਾਣੀ ਲਈ ਦੇਣ ਦਾ ਐਵਾਰਡ ਦੇ ਦਿੱਤਾ। ਪਾਣੀ ਸਤਲੁਜ-ਯਮੁਨਾ ਨਹਿਰ ਦੀ ਉਸਾਰੀ ਕਰ ਕੇ ਹਰਿਆਣਾ ਨੂੰ ਦੇਣਾ ਸੀ। ਦੋ ਸੌ ਬਾਰਾਂ ਕਿਲੋਮੀਟਰ ਲੰਬੀ ਨਹਿਰ ’ਚੋਂ 121 ਕਿਲੋਮੀਟਰ ਨਹਿਰ ਜਿਸ ਦਾ 5376 ਏਕੜ ਰਕਬਾ ਬਣਦਾ ਹੈ, ਪੰਜਾਬ ’ਚੋਂ ਲੰਘਦੀ ਹੈ, ਜਿਸ ਲਈ ਲਈ ਜ਼ਮੀਨ ਐਕਵਾਇਰ ਕਰਨ ਲਈ ਪੰਜਾਬ ਨੂੰ ਹਰਿਆਣਾ ਨੇ 1 ਕਰੋੜ ਰੁਪਏ ਦੀ ਰਾਸ਼ੀ ਦੇ ਦਿੱਤੀ ਜਿਹੜੀ ਬਾਦਲ ਸਰਕਾਰ ਨੇ ਮਾਰਚ 1979 ਨੂੰ ਪ੍ਰਾਪਤ ਕੀਤੀ। ਤੀਹ ਅਪ੍ਰੈਲ 1979 ਨੂੰ ਸੁਪਰੀਮ ਕੋਰਟ ਵਿਚ 1976 ਵਾਲਾ ਐਵਾਰਡ ਲਾਗੂ ਕਰਨ ਲਈ ਕੇਸ ਹਰਿਆਣਾ ਨੇ ਦਾਖ਼ਲ ਕਰ ਦਿੱਤਾ। ਫਰਵਰੀ 1978 ਵਿਚ ਬਾਦਲ ਸਰਕਾਰ ਨੇ ਸਤਲੁਜ-ਯਮੁਨਾ ਨਹਿਰ ਲਈ ਜ਼ਮੀਨ ਐਕਵਾਇਰ ਕਰਨ ਲਈ ਨੋਟੀਫੀਕੇਸ਼ਨ ਜਾਰੀ ਕੀਤਾ ਸੀ ਅਤੇ ਬਾਅਦ ਵਿਚ 11 ਜੁਲਾਈ 1979 ਨੂੰ ਪੰਜਾਬ ਸਰਕਾਰ ਨੇ ਪੁਨ-ਰਗਠਨ ਐਕਟ ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ।

ਸੰਨ 1980 ਵਿਚ ਦਰਬਾਰਾ ਸਿੰਘ ਦੀ ਸਰਕਾਰ ਪੰਜਾਬ ਵਿਚ ਬਣ ਗਈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਦੀ 31 ਦਸੰਬਰ 1981 ਨੂੰ ਇਕ ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ’ਤੇ ਦਬਾਅ ਪਾ ਕੇ ਸਮਝੌਤਾ ਕਰਵਾ ਦਿੱਤਾ। ਰਾਜਸਥਾਨ ਨੂੰ ਵੀ ਇਸ ਸਮਝੌਤੇ ਵਿਚ ਸ਼ਾਮਲ ਕੀਤਾ ਗਿਆ ਹਾਲਾਂਕਿ ਉਹ ਵੀ ਗ਼ੈਰ-ਰਿਪੇਰੀਅਨ ਸੂਬਾ ਹੈ।

ਸਤਲੁਜ-ਯਮੁਨਾ ਨਹਿਰ ਦੀ ਪੁਟਾਈ ਦਾ ਨੀਂਹ ਪੱਥਰ 8 ਅਪ੍ਰੈਲ 1982 ਨੂੰ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਰੱਖਿਆ ਸੀ। ਪਾਣੀ ਦੀ ਵੰਡ ਦੀਆਂ ਸਾਰੀਆਂ ਪਾਰਟੀਆਂ ਦੋਸ਼ੀ ਹਨ ਪਰ ਮੁੱਖ ਦੋਸ਼ੀ ਕਾਂਗਰਸ ਪਾਰਟੀ ਦੀ ਸਰਕਾਰ ਰਹੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੂੰ ਮਾਣ ਜਾਂਦਾ ਹੈ ਕਿ ਉਹ ਆਪਣੀ ਪਾਰਟੀ ਦੇ ਪੰਜਾਬ ਦੀ ਬੇੜੀ ਵਿਚ ਪਾਏ ਵੱਟੇ ਕੱਢਣ ਦੀ ਦਲੇਰੀ ਦਿਖਾ ਰਿਹਾ ਹੈ।

Golden State Truck Sales Inc.



ਟਰੱਕ-ਟਰੇਲਰ
ਖਰੀਦਣ ਅਤੇ ਵੇਚਣ
ਲਈ ਮਿਲੋ
ਸਸਤੀਆਂ ਵਿਆਜ
ਦਰਾਂ ਤੇ ਟਰੱਕ ਦਾ
ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ
ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

# ਧਰਮ ਨਿਰਪਖਤਾ, ਖੱਬੇ ਪਖੀ ਤੇ ਹਿੰਦੂ ਰਾਸ਼ਟਰ



ਗੁਰਬਚਨ ਸਿੰਘ
91-98156-98451

ਟੁਟੀ ਤੰਤੁ ਨ ਬਜੈ ਰਬਾਬੁ' ਦੇ ਅਨੁਵਾਨ ਹੇਠ ਸਵਰਾਜ ਬੀਰ ਨੇ 19 ਅਤੇ 20 ਅਗਸਤ ਦੀ 'ਪੰਜਾਬੀ ਟ੍ਰਿਬਿਊਨ' ਵਿਚ ਲਿਖੀ ਆਪਣੀ ਲਿਖਤ ਅੰਦਰ ਧਰਮ ਨਿਰਪਖਤਾ ਦੇ ਸੰਕਲਪ ਤੇ ਖਬੇ ਪਖੀ ਵਿਚਾਰਧਾਰਾ ਬਾਰੇ ਇਕ ਗੰਭੀਰ ਚਰਚਾ ਦੀ ਸ਼ੁਰੂਆਤ ਕੀਤੀ ਹੈ। ਅੰਗਰੇਜੀ ਮੀਡੀਏ ਵਿਚ ਯੋਗੇਂਦਰ ਯਾਦਵ ਤੇ ਪ੍ਰਤਾਪ ਭਾਨੂ ਮਹਿਤਾ ਵਿਚ ਛਿੜੀ ਬਹਿਸ ਨੂੰ ਆਧਾਰ ਬਣਾ ਕੇ ਉਸ ਨੇ ਇਸ ਚਰਚਾ ਦਾ ਆਗਾਜ ਕੀਤਾ ਹੈ।

ਸਵਰਾਜ ਬੀਰ ਨੇ ਯੋਗੇਂਦਰ ਯਾਦਵ ਦੀਆਂ ਇਨ੍ਹਾਂ ਦਲੀਲਾਂ ਨੂੰ ਸਹੀ ਠਹਿਰਾਇਆ ਹੈ ਕਿ "ਅਯੁਧਿਆ ਵਿਚ ਅਜ (5 ਅਗਸਤ) ਦਾ ਸਮਾਗਮ ਧਾਰਮਿਕ ਜਾਂ ਪਾਵਨ ਰਹੁ-ਰੀਤ ਨਹੀਂ ਹੈ। ਇਹ ਸਪਸ਼ਟ ਤੌਰ ਉਤੇ ਸਿਆਸੀ ਸਮਾਗਮ ਹੈ, ਜਿਤ ਦਾ ਕਰਮਕਾਂਡ। ਇਹ ਸਮਾਗਮ ਰਾਜਸਤਾ/ਤਾਕਤ ਦੀਆਂ ਕਈ ਪਰਤਾਂ ਦੇ ਮਿਲਾਪ ਦਾ ਪ੍ਰਤੀਕ ਹੈ। ਰਿਆਸਤ/ਸਟੇਟ ਦੀ ਤਾਕਤ, ਪ੍ਰਮੁਖ ਸਿਆਸੀ ਪਾਰਟੀ ਦੀ ਤਾਕਤ, ਬਹੁਗਿਣਤੀ ਫਿਰਕੇ ਦੀ ਕਰੂਰ/ਕਠੋਰ ਤਾਕਤ, ਆਧੁਨਿਕ ਮੀਡੀਏ ਦੀ ਤਾਕਤ ਅਤੇ ਧਾਰਮਿਕ ਸਤਾ ਦੀ ਤਾਕਤ।'

"ਇਸ ਜਿਤ ਦਾ ਸਿਹਰਾ ਹਿੰਦੂ ਰਾਸ਼ਟਰ ਦੇ ਆਗੂਆਂ ਸਿਰ ਨਹੀਂ ਬਝਣਾ ਚਾਹੀਦਾ। ਉਨ੍ਹਾਂ ਨੂੰ ਧਰਮ ਨਿਰਪਖ ਸਿਆਸਤ ਦੀ ਅਸਫ਼ਲਤਾ ਤੋਂ ਫਾਇਦਾ ਮਿਲਿਆ ਹੈ। ਧਰਮ ਨਿਰਪਖ ਸਿਆਸਤ ਦੇ ਪੈਰੋਕਾਰ ਇਸ ਹਾਰ ਲਈ ਜ਼ਿੰਮੇਵਾਰ ਹਨ।''

"ਧਰਮ ਨਿਰਪਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿਖਣ ਵਿਚ ਅਸਫ਼ਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿਖਣ ਤੇ ਬੋਲਣ ਤੋਂ ਇਨਕਾਰ ਕੀਤਾ।''

ਸਵਰਾਜ ਬੀਰ ਯੋਗੇਂਦਰ ਯਾਦਵ ਦੀ ਉਕਤ ਦਲੀਲ ਨਾਲ ਅੰਸ਼ਕ ਸਹਿਮਤ ਹੁੰਦਿਆ ਟਿਪਣੀ ਕਰਦਾ ਹੈ, "ਨਿਸ਼ਚੇ ਹੀ ਧਰਮ ਨਿਰਪਖਤਾ ਦੇ ਪੈਰੋਕਾਰਾਂ ਨੂੰ ਦੇਸ ਦੀਆਂ ਧਾਰਮਿਕ ਅਤੇ ਸਭਿਆਚਾਰਕ ਰਵਾਇਤਾਂ ਤੋਂ ਕੁਝ ਸਿਖਣਾ ਚਾਹੀਦਾ ਸੀ ਅਤੇ ਉਨ੍ਹਾਂ ਨੇ ਸਿਖਿਆ ਵੀ ਪਰ ਉਸ ਸਿਖਣ ਤੇ ਬੋਲਣ ਵਿਚ ਧਰਮ ਦੀ ਭਾਸ਼ਾ ਜਾਂ ਧਾਰਮਿਕ ਭਾਸ਼ਾ ਵਿਚ ਬੋਲਣ ਤੋਂ ਕਿਸੇ ਹਦ ਤਕ ਪਰੇ ਹਟਣਾ, ਕੁਝ ਰਵਾਇਤਾਂ ਦਾ ਵਿਰੋਧ ਕਰਨਾ, ਕੁਝ ਨੂੰ ਅਸਵੀਕਾਰ ਕਰਨਾ ਨਿਹਿਤ ਹੈ।''

ਯੋਗੇਂਦਰ ਯਾਦਵ ਦੀ ਇਸ ਦਲੀਲ ਕਿ "ਧਰਮ ਨਿਰਪਖਤਾ ਦਾ ਸੰਕਲਪ ਇਸ ਲਈ ਹਾਰ ਗਿਆ ਕਿ ਇਸ (ਧਰਮ ਨਿਰਪਖਤਾ ਦੇ ਹਾਮੀਆਂ) ਨੇ ਹਿੰਦੂ ਧਰਮ ਦੀ ਨਵੀਂ ਵਿਆਖਿਆ ਕਰਨ ਦੀ ਥਾਂ ਹਿੰਦੂ ਧਰਮ ਦਾ ਮਖੌਲ ਉਡਾਇਆ,'' ਦਾ ਜੁਆਬ ਦੇਂਦਿਆ ਸਵਰਾਜ ਬੀਰ ਨੇ ਲਿਖਿਆ ਹੈ, "ਵਿਰੋਧ ਕਰਨ ਤੇ ਮਖੌਲ ਉਡਾਉਣ ਵਿਚਲੀ ਲੀਕ ਬਹੁਤ ਧੁੰਦਲੀ ਹੁੰਦੀ ਹੈ। ਜਦੋਂ ਕੋਈ ਵਿਅਕਤੀ ਕਿਸੇ ਵੀ ਧਰਮ, ਵਿਚਾਰਧਾਰਾ ਜਾਂ ਰਵਾਇਤ ਦਾ ਵਿਰੋਧ ਕਰਦਾ ਹੈ ਤਾਂ ਉਸ ਵਿਚਾਰਧਾਰਾ ਦੇ ਸ਼ਰਧਾਲੂਆਂ ਨੂੰ ਲਗਦਾ ਹੈ ਕਿ ਉਹ ਉਨ੍ਹਾਂ ਦੇ ਵਿਸ਼ਵਾਸਾਂ ਨਾਲ ਖਿਲਵਾੜ ਕਰ ਰਿਹਾ ਹੈ, ਉਨ੍ਹਾਂ ਦਾ ਮਖੌਲ ਉਡਾ ਰਿਹਾ ਹੈ।''

ਇਸ ਦੀ ਮਿਸਾਲ ਦੇਂਦਿਆਂ ਸਵਰਾਜ ਬੀਰ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਕਬੀਰ ਜੀ ਦੀਆਂ ਇਨ੍ਹਾਂ ਤੁਕਾਂ ਦਾ ਹਵਾਲਾ ਦਿਤਾ ਹੈ, "ਜੌ ਤੂ ਬ੍ਰਾਹਮਣ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥'' ਭਾਵ ਜੇ ਤੂੰ ਬ੍ਰਾਹਮਣੀ ਦੁਆਰਾ ਪੈਦਾ ਹੋਇਆ ਪੁਤਰ ਬ੍ਰਾਹਮਣ ਹੈ ਜੋ ਆਪਣੇ ਆਪ ਨੂੰ ਸਭ ਤੋਂ ਵਖਰਾ ਦਸਦਾ ਹੈ ਤਾਂ ਤੂੰ ਕਿਸੇ ਹੋਰ ਜਨਮ-ਰਸਤੇ ਰਾਹੀਂ ਜਨਮ ਕਿਉਂ ਨਹੀਂ ਲਿਆ। ਇਥੇ ਕਬੀਰ ਜੀ ਬ੍ਰਾਹਮਣ ਦੇ ਜਾਤੀਵਾਦੀ ਅਭਿਮਾਨ ਉਤੇ ਵਿਅੰਗ ਕਸ ਰਹੇ ਹਨ। ਬ੍ਰਾਹਮਣ ਕਹਿ ਸਕਦੇ ਹਨ ਕਿ ਉਨ੍ਹਾਂ ਦਾ ਮਖੌਲ ਉਡਾਇਆ ਜਾ ਰਿਹਾ ਹੈ।''

ਕਬੀਰ ਸਾਹਿਬ ਦੀ ਬਾਣੀ ਦੇ ਕੁਝ ਹੋਰ ਹਵਾਲੇ ਦੇ ਕੇ ਸਵਰਾਜ ਬੀਰ ਲਿਖਦਾ ਹੈ, "ਇਹ ਦਲੀਲਾਂ ਲੋਕਾਂ ਦੀ ਬਹੁਗਿਣਤੀ ਨੂੰ ਨਾ 600 ਸਾਲ ਪਹਿਲਾਂ ਮਨਜ਼ੂਰ ਸਨ ਨਾ ਅੱਜ।'' ਇਥੇ ਸਵਰਾਜ ਬੀਰ ਦੇ ਧਿਆਨ ਵਿਚ ਰਖਣ ਵਾਲੀ ਗਲ ਸਿਰਫ ਏਨੀ ਹੈ ਕਿ ਨੁਕਤਾ ਇਹ ਨਹੀਂ ਕਿ ਇਹ ਦਲੀਲਾਂ ਲੋਕਾਂ ਨੂੰ ਮਨਜ਼ੂਰ ਹਨ ਜਾਂ ਨਹੀਂ, ਇਥੇ ਨੁਕਤਾ ਇਹ ਹੈ ਕਿ ਕੀ ਇਹ ਦਲੀਲਾਂ ਅਟਲ ਕੁਦਰਤੀ ਨੇਮਾਂ ਦੇ ਸਚ ਦੀ ਪੁਸ਼ਟੀ ਕਰਦੀਆਂ ਹਨ ਜਾਂ ਨਹੀਂ?

ਚਰਚਾ ਨੂੰ ਅਗੇ ਤੋਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਧਰਮ ਨਿਰਪਖਤਾ ਦਾ ਸੰਕਲਪ ਖਬੇ ਪਖੀ ਜਾਂ ਮਾਰਕਸਵਾਦੀ ਸੰਕਲਪ ਨਹੀਂ ਹੈ ਬਲਿਕ ਉਦਾਰ ਪੂੰਜੀਵਾਦ ਤੇ ਹੁਣ ਨਵ-ਉਦਾਰ ਪੂੰਜੀਵਾਦ ਦਾ ਸੰਕਲਪ ਹੈ। ਕਾਰਲ ਮਾਰਕਸ ਧਰਮ ਨਿਰਪਖਤਾ ਦੇ ਸੰਕਲਪ ਨੂੰ ਐਨ ਮੁਢ ਵਿਚ ਹੀ ਨਕਾਰ ਕੇ ਅਗੇ ਤੁਰਿਆ ਹੈ। ਯਹੂਦੀ ਧਰਮ ਦੇ ਮਸਲੇ ਬਾਰੇ ਗੱਲ ਕਰਦਿਆਂ ਮਾਰਕਸ ਦਾ ਬੜਾ ਸਪਸ਼ਟ ਕਥਨ ਹੈ, "ਅਸੀਂ ਇਹ ਜ਼ੋਰ ਨਹੀਂ ਦੇਂਦੇ ਕਿ ਸ਼ਹਿਰੀ ਸਭਿਅਕ ਲੋਕ ਆਪਣੀ ਧਰਮ ਨਿਰਪਖਤਾ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣ ਵਾਸਤੇ ਆਪਣੀ ਧਾਰਮਿਕ ਤੰਗਨਜ਼ਰੀ ਦੂਰ ਕਰਨ, ਅਸੀਂ ਜ਼ੋਰ ਦੇਂਦੇ ਹਾਂ ਕਿ ਇਕ ਵਾਰ ਜੇ ਉਹ ਆਪਣੀ ਧਰਮ ਨਿਰਪਖਤਾ ਤੋਂ ਛੁਟਕਾਰਾ ਪਾ ਲੈਣ ਤਾਂ ਉਹ ਆਪਣੀ ਧਾਰਮਿਕ ਤੰਗਨਜ਼ਰੀ ਦੂਰ ਕਰ ਲੈਣਗੇ।''

ਆਪਣੇ ਤੋਂ ਪਹਿਲੇ ਭੌਤਿਕਵਾਦੀ ਫਿਲਾਸਫਰ ਫਿਊਰਬਾਖ ਨਾਲ ਧਰਮ ਨਿਰਪਖਤਾ ਬਾਰੇ ਚਰਚਾ ਕਰਦਿਆਂ ਉਸ ਦਾ ਕਹਿਣਾ ਹੈ, "ਫਿਊਰਬਾਖ ਧਾਰਮਿਕ ਸਵੈਪਰਾਏਪਣ ਦੇ ਸਚ- ਇਕ ਕਲਪਿਤ ਧਾਰਮਿਕ ਸੰਸਾਰ ਅਤੇ ਇਕ ਧਰਮ ਨਿਰਪਖ ਸੰਸਾਰ _ ਦੀ ਦੋਹਰੀ ਵੰਡ ਤੋਂ ਸ਼ੁਰੂ ਕਰਦਾ ਹੈ। ਉਸ ਦਾ ਕੰਮ ਧਾਰਮਿਕ ਸੰਸਾਰ ਨੂੰ ਧਰਮ ਨਿਰਪਖ ਸੰਸਾਰ ਵਿਚ ਬਦਲਣਾ ਹੈ। ਉਹ ਇਹ ਸਚ ਉਕਾ ਹੀ ਅਣਗੌਲਿਆ ਕਰ ਦੇਂਦਾ ਹੈ ਕਿ ਇਹ ਕੰਮ ਪੂਰਾ ਕਰਨ ਤੋਂ ਬਾਅਦ (ਕੁਦਰਤ ਅਤੇ ਮਨੁਖ ਦੇ ਆਪਸੀ ਅਨੁਭਵੀ ਰਿਸ਼ਤੇ ਨੂੰ ਸਪਸ਼ਟ) ਕਰਨ ਵਾਲਾ ਮੁਖ ਕੰਮ ਫਿਰ ਵੀ ਰਹਿ ਜਾਏਗਾ। ਇਸ ਕਰ ਕੇ ਕਿ ਧਰਮ ਨਿਰਪਖ ਸੰਸਾਰ ਆਪਣੇ-ਆਪ ਵਿਚ ਹੀ ਉਚਾ ਉਠ ਜਾਏਗਾ ਅਤੇ (ਭਰਮਾਉ) ਬਦਲਾਂ ਵਿਚ ਆਪਣੇ-ਆਪ ਨੂੰ ਇਕ ਆਜ਼ਾਦ ਹਸਤੀ ਵਜੋਂ ਸਥਾਪਤ ਕਰ ਲਏਗਾ, ਜਿਸ ਦੀ ਸਿਰਫ ਧਰਮ ਨਿਰਪਖ ਸੰਸਾਰ ਦੇ ਅੰਦਰੂਨੀ ਵਿਰੋਧਾਂ ਤੇ ਗੁੰਝਲਦਾਰ ਵਿਰੋਧਤਾਈਆਂ ਦੇ ਆਧਾਰ ਉਤੇ ਹੀ ਵਿਆਖਿਆ ਕੀਤੀ ਜਾ ਸਕੇਗੀ। ਧਰਮ ਨਿਰਪਖਤਾ ਨੂੰ ਨਿਸ਼ਚਿਤ ਤੌਰ ਉਤੇ ਆਪਣੀਆਂ ਵਿਰੋਧਤਾਈਆਂ ਵਿਚੋਂ ਹੀ ਸਮਝਿਆ ਜਾ ਸਕੇਗਾ ਅਤੇ ਫਿਰ ਇਨ੍ਹਾਂ ਵਿਰੋਧਤਾਈਆਂ ਨੂੰ ਦੂਰ ਕਰ ਕੇ ਹੀ ਧਰਮ ਦਾ ਇਨਕਲਾਬੀਕਰਨ ਕੀਤਾ ਜਾ ਸਕੇਗਾ।''

ਕਾਰਲ ਮਾਰਕਸ ਧਰਮ ਨਿਰਪਖਤਾ ਦਾ ਕਿਤੇ ਵੀ ਪਖ ਨਹੀਂ ਪੂਰਦਾ ਸਗੋਂ ਉਹ ਇਸ ਨੂੰ ਮਨੁਖੀ ਸੋਚ ਅਤੇ ਸਮਾਜੀ ਚੇਤਨਾ ਵਿਚ ਹੋਰ ਉਲਝਣਾ ਪੈਦਾ ਕਰਨ ਵਾਲੇ ਇਕ ਵਰਤਾਰੇ ਵਜੋਂ ਵੇਖਦਾ ਹੈ। ਮਾਰਕਸ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਧਰਮ ਨਿਰਪਖਤਾ ਧਾਰਮਿਕ ਤੰਗਨਜ਼ਰੀ ਨੂੰ ਦੂਰ ਨਹੀਂ ਕਰਦੀ ਬਲਕਿ ਧਰਮ ਨਿਰਪਖਤਾ ਤੋਂ ਛੁਟਕਾਰਾ ਪਾ ਕੇ ਹੀ ਧਾਰਮਿਕ ਤੰਗਨਜ਼ਰੀ ਦੂਰ ਹੋ ਸਕਦੀ ਹੈ। ਧਰਮ ਨਿਰਪਖਤਾ ਦਾ ਸੰਕਲਪ ਐਨ ਉਸੇ ਤਰ੍ਹਾਂ ਹੈ ਜਿਵੇਂ ਮਾਰਕਸੀ ਭੌਤਿਕਵਾਦੀ ਦ੍ਰਿਸ਼ਟੀਕੋਣ ਦੇ ਸਪਸ਼ਟ ਹੋਣ ਤੋਂ ਬਾਅਦ ਵੀ ਨਾਸਤਿਕਤਾ ਦਾ ਮਰਿਆ ਸਪ ਕਮਿਊਨਿਸਟ ਲਹਿਰ ਦੇ ਗਲੇ ਪਾ ਦਿਤਾ ਗਿਆ ਹੈ, ਜਦੋਂ ਕਿ ਨਾਸਤਿਕਤਾ ਬਾਰੇ ਮਾਰਕਸ ਦਾ ਆਪਣਾ ਕਥਨ ਹੈ, "ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੁੰਦੀ ਹੈ। ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ। ਬੇਸ਼ਕ ਨਾਸਤਿਕਤਾ ਅਜੇ ਵੀ ਇਕ ਖਿਆਲੀ (ਕਲਪਿਤ) ਵਿਚਾਰ ਹੀ ਹੈ। ਇਕ ਨਾਸਤਿਕ ਮਨੁਖ ਦਾ ਪਰਉਪਕਾਰੀ ਜਜ਼ਬਾ ਪਹਿਲੀ ਨਜ਼ਰੇ ਹੀ ਦਾਸ਼ਨਿਕ ਹੈ, ਖਿਆਲੀ (ਕਲਪਿਤ) ਹੈ ਪਰ ਇਕ ਕਮਿਊਨਿਸਟ ਮਨੁਖ ਦਾ ਪਰਉਪਕਾਰੀ ਜਜ਼ਬਾ ਹਕੀਕੀ ਅਤੇ ਸਦਾ ਹਰਕਤਸ਼ੀਲ ਹੈ।''

"ਮਨੁਖ ਤੇ ਕੁਦਰਤ ਦੇ ਕਲਪਿਤ ਰਿਸ਼ਤੇ ਦੀ ਹੋਂਦ ਤੋਂ ਇਨਕਾਰੀ ਹੋਣ ਵਜੋਂ ਹੁਣ ਨਾਸਤਿਕਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਕਿਉਂਕਿ ਨਾਸਤਿਕਤਾ ਰਬ ਤੋਂ ਇਨਕਾਰੀ ਹੋਣਾ ਹੈ ਅਤੇ ਇਹ ਮਨੁਖੀ ਹੋਂਦ ਦੀ ਧਾਰਨਾ ਰਬ ਤੋਂ ਇਨਕਾਰੀ ਹੋਣ ਵਜੋਂ ਬਣਾਉਂਦੀ ਹੈ। ਪਰ ਸਮਾਜਵਾਦ ਨੂੰ ਸਮਾਜਵਾਦ ਦੇ ਤੌਰ ਉਤੇ ਹੁਣ ਅਜਿਹੀ ਕਿਸੇ ਵਿਚੋਲਗਿਰੀ ਦੀ ਲੋੜ ਨਹੀਂ। ਇਹ ਮਨੁਖ ਦੀ ਸਿਧਾਂਤਕ ਅਤੇ ਅਮਲੀ (ਇੰਦ੍ਰਿਆਵੀ) ਅਨੁਭਵੀ ਚੇਤਨਾ ਅਤੇ ਕੁਦਰਤ ਦੀ ਇਸ ਦੇ ਤਤ ਵਜੋਂ ਹੋਂਦ ਤੋਂ ਆਰੰਭ ਕਰਦਾ ਹੈ।'' (ਸਵਰਾਜ ਬੀਰ ਵਲੋਂ ਸ਼ਹੀਦ ਭਗਤ ਸਿੰਘ ਦੇ ਨਾਸਤਿਕਤਾ ਬਾਰੇ ਦਿਤੇ ਗਏ ਹਵਾਲੇ ਦੇ ਪ੍ਰਸੰਗ ਵਿਚ)

ਯੋਗੇਂਦਰ ਯਾਦਵ ਦੇ ਇਸ ਕਥਨ ਕਿ "ਧਰਮ ਨਿਰਪਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿਖਣ ਵਿਚ ਅਸਫ਼ਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿਖਣ ਤੇ ਬੋਲਣ ਤੋਂ ਇਨਕਾਰ ਕੀਤਾ,'' ਬਾਰੇ ਸਵਰਾਜ ਬੀਰ ਦੀ ਟਿਪਣੀ ਹੈ, "ਇਹ ਸੁਆਲ ਏਨੇ ਸਿਧੇ ਤਰੀਕੇ ਨਾਲ ਪੁਛਿਆ ਗਿਆ ਹੈ ਜਿਵੇਂ ਇਹ ਬਹੁਤ ਆਸਾਨ ਕੰਮ ਹੋਵੇ।''

ਦਰਅਸਲ ਸਵਰਾਜ ਬੀਰ ਨੂੰ ਏਨੀ ਕੀਮਤ ਤਾਰ ਕੇ ਵੀ ਅਜੇ ਜੇ ਇਹ ਸੁਆਲ ਔਖਾ ਲਗ ਰਿਹਾ ਹੈ ਤਾਂ ਇਸ ਦਾ ਕਾਰਨ ਫਿਰ ਇਹੀ ਹੈ ਕਿ ਉਹ ਅਜੇ ਵੀ ਇਸ ਸੁਆਲ ਨੂੰ ਪਛਮੀ ਬੌਧਿਕਤਾ ਦੇ ਚੌਖਟੇ ਵਿਚੋਂ ਹੀ ਵੇਖ ਰਿਹਾ ਹੈ। ਜੇ ਉਹ ਇਸ ਸੁਆਲ ਨੂੰ ਵੈਦਿਕ ਫਿਲਾਸਫੀ ਦੇ ਚੌਖਟੇ ਵਿਚੋਂ ਵੇਖੇ ਤਾਂ ਉਸ ਨੂੰ ਇਸ ਸੁਆਲ ਦੀ ਬੜੀ ਛੇਤੀ ਸਮਝ ਆ ਸਕਦੀ ਹੈ। ਇਥੇ ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਵੈਦਿਕ ਫਿਲਾਸਫੀ ਨਿਰੋਲ ਬ੍ਰਾਹਮਣੀ ਵਿਚਾਰਧਾਰਾ ਨਹੀਂ ਹੈ।

ਸਵਰਾਜ ਬੀਰ ਨੇ ਬਾਬਾ ਸਾਹਿਬ ਅੰਬੇਡਕਰ ਦੀ ਇਕ ਮਸ਼ਹੂਰ ਲਿਖਤ ਜਾਤਪਾਤ ਦਾ ਬੀਜ ਨਾਸ ਦਾ ਹਵਾਲਾ ਦਿਤਾ ਹੈ। ਇਸ ਹਵਾਲੇ ਅਨੁਸਾਰ ਬਾਬਾ ਸਾਹਿਬ ਦਾ ਕਥਨ ਹੈ, "ਮੈਨੂੰ ਬਹੁਤ ਤਸਲੀ ਹੋਵੇਗੀ, ਜੇ ਮੈਂ ਹਿੰਦੂਆਂ ਨੂੰ ਇਹ ਮਹਿਸੂਸ ਕਰਵਾ ਸਕਾਂ ਕਿ ਉਹ ਭਾਰਤ ਦੇ ਬਿਮਾਰ ਲੋਕ ਹਨ ਅਤੇ ਉਨ੍ਹਾਂ ਦੀ ਬਿਮਾਰੀ ਬਾਕੀ ਦੇ ਹਿੰਦੋਸਤਾਨੀਆਂ ਦੀ ਸਿਹਤ ਅਤੇ ਖੁਸ਼ੀ ਲਈ ਖਤਰਾ ਹੈ।''

ਸਵਰਾਜ ਬੀਰ ਲਿਖਦਾ ਹੈ ਕਿ "ਹਿੰਦੂ ਧਰਮ ਵਿਚਲੇ ਜਾਤੀਵਾਦ ਦੀ ਲੋਹ-ਜਕੜ ਤੋਂ ਬੀ ਆਰ ਅੰਬੇਡਕਰ ਏਨਾ ਨਿਰਾਸ਼ ਹੋਇਆ ਕਿ ਉਸ ਨੇ ਹਿੰਦੂ ਧਰਮ ਨੂੰ ਛਡ ਕੇ ਬੁਧ ਧਰਮ ਦੀ ਸ਼ਰਨ ਲਈ।''

ਬੇਸ਼ਕ ਇਹ ਬਾਬਾ ਸਾਹਿਬ ਦੀ ਸੋਚ ਦਾ ਇਕ ਪਖ ਹੈ। ਬਾਬਾ ਸਾਹਿਬ ਦੀ ਫਿਲਾਸਫੀ ਦਾ ਇਕ ਹੋਰ ਪਖ ਵੀ ਹੈ। ਬਾਬਾ ਸਾਹਿਬ ਨੇ ਵੈਦਿਕ ਫਿਲਾਸਫੀ ਦੀ ਭਰਵੀਂ ਪੁਣਛਾਣ ਕਰ ਕੇ ਸਾਡੇ ਗਿਆਨ ਵਿਚ ਮੌਲਿਕ ਵਾਧਾ ਕੀਤਾ ਹੈ। ਉਨ੍ਹਾਂ ਨੇ ਵੈਦਿਕ ਫਿਲਾਸਫੀ ਦੀਆਂ ਭੌਤਿਕਵਾਦੀ ਅਤੇ ਆਦਰਸ਼ਵਾਦੀ- ਦੋ ਧਾਰਾਵਾਂ ਵਿਚਕਾਰ ਫਰਕ ਸਪਸ਼ਟ ਨਿਖੇੜਾ ਕੀਤਾ ਹੈ। ਇਹ ਨਿਖੇੜਾ ਸਾਨੂੰ ਬ੍ਰਾਹਮਣਵਾਦ ਦੀ ਮਨ-ਕਲਪਿਤ ਘਾੜਤ ਬ੍ਰਹਮਾ ਦੀ ਜੜ੍ਹ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ।

ਬਾਬਾ ਸਾਹਿਬ ਦੇ ਆਪਣੇ ਕਥਨ ਅਨੁਸਾਰ, "ਭਾਵੇਂ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ ਪਰ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਇਕ ਅਜਿਹੇ ਸੰਕਲਪ ਨੂੰ ਜਨਮ ਦਿਤਾ ਹੈ, ਜਿਸ ਦੀਆ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋ ਵੀ ਕਿਤੇ ਵਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇਕੋ ਹੀ ਬ੍ਰਹਮ ਦਾ ਅੰਸ਼ ਹਾਂ ਤਾਂ ਇਹ ਜਮਹੂਰੀਅਤ ਤੋਂ ਸਿਵਾਏ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ ਪ੍ਰਚਾਰ ਹੀ ਨਹੀਂ ਕਰਦੀ ਸਗੋਂ ਜਮਹੂਰੀਅਤ ਨੂੰ ਸਾਰਿਆਂ ਦੀ ਜ਼ਿੰਮੇਵਾਰੀ ਬਣਾ ਦੇਂਦੀ ਹੈ। ਜਮਹੂਰੀਅਤ ਨੂੰ ਮਨੁਖ ਦੀ ਲੋੜ ਬ ਣ ' ਦੇਂਦੀ ਹੈ।''

ਬਾਬਾ ਸਾਹਿਬ ਨੇ ਲਿਖਿਆ ਹੈ, "ਜੇ ਕੋਈ ਪੁਛੇ ਕਿ ਇਹ ਬ੍ਰਹਮਵਾਦ ਕੀ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੋਵੇਗਾ। ਕਿਉਂਕਿ ਹਿੰਦੂਆ ਲਈ ਵੀ ਇਹ ਨਵਾਂ ਸਿਧਾਂਤ ਹੈ। ਹਿੰਦੂ ਵੇਦਾਂਤ ਤੋਂ ਜਾਣੂ ਹਨ, ਉਹ ਬ੍ਰਾਹਮਣਵਾਦ ਤੋਂ ਜਾਣੂ ਹਨ ਪਰ ਨਿਸਚਿਤ ਤੌਰ ਉਤੇ ਉਹ ਬ੍ਰਹਮਵਾਦ ਤੋਂ ਜਾਣੂ ਨਹੀਂ ਹਨ। ਬ੍ਰਹਮਵਾਦ ਦੇ ਤਤ ਨੂੰ ਇਕ ਧਾਰਨਾ ਵਿਚ ਪੇਸ਼ ਕੀਤਾ ਜਾ ਸਕਦਾ ਹੈ ਕਿ ਸਾਡੇ ਆਲੇਦੁਆਲੇ ਦਿਸ ਰਿਹਾ ਸਗਲ ਪਸਾਰਾ ਬ੍ਰਹਮ ਹੈ।''

ਇਸੇ ਆਧਾਰ ਉਤੇ ਬਾਬਾ ਸਾਹਿਬ ਨੇ ਪਛਮੀ ਤਰਜ ਦੀ ਪ੍ਰਚਲਿਤ ਜਮਹੂਰੀਅਤ ਦੀ ਆਲੋਚਨਾ ਕੀਤੀ ਹੈ, "ਪਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ (ਗਾਡ) ਦੇ ਬਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ ਵੀ (ਪਛਮੀ ਤਰਜ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉਤੇ ਖੜੀ ਹੈ। ਜਮਹੂਰੀਅਤ ਦੇ ਪਛਮੀ ਵਿਦਿਆਰਥੀਆਂ ਨੇ ਇਹ ਵਿਸ਼ਵਾਸ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਅਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ। ਪਰ ਜੇ ਕਿਤੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜਿਹੜਾ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ, ਤਾਂ ਉਹ ਏਨੇ ਕਟੜਵਾਦੀ ਨਾ ਹੁੰਦੇ।'' ਬਾਬਾ ਸਾਹਿਬ ਨੇ ਇਹ ਜਾਣਕਾਰੀ ਵੀ ਦਿਤੀ ਹੈ ਕਿ, "ਹਿੰਦੂ ਧਰਮ ਦਾ ਸਮੁਚਾ ਸਦਾਚਾਰ ਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਨ੍ਹਾਂ ਸਿਮ੍ਰਿਤੀਆਂ ਵਿਚੋਂ ਹੀ ਹਿੰਦੂ ਧਰਮ ਤੇ ਇਸਦਾ ਨੀਤੀ ਸਾਸ਼ਤਰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਾਰੀਆ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ _ ਮਨੂ ਸਿਮ੍ਰਿਤੀ।''

ਮਨੂ ਸਿਮ੍ਰਿਤੀ ਦਾ ਆਰੰਭ ਏਨਾ ਸ਼ਬਦਾਂ ਨਾਲ ਹੁੰਦਾ ਹੈ, "ਆਦਿ ਕਾਲ ਦੀ ਗੱਲ ਹੈ। ਇਕ ਸਥਾਨ ਉਤੇ ਮਹਾਂਰਿਸ਼ੀ ਲੋਗ ਇਕਾਗਰ-ਚਿਤ ਅਤੇ ਸੁਖੀ ਆਸਣ ਵਿਚ ਬੈਠੇ ਭਗਵਾਨ ਮਨੂ ਦੇ ਕੋਲ ਪੂਰੀ ਸ਼ਰਧਾ ਭਗਤੀ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ। ਹੇ ਭਗਵਾਨ! ਸਾਰੇ ਵਰਣਾਂ- ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ- ਅਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ ਦੀ ਮਾਤਾ ਦੇ ਸੰਜੋਗ ਆਦਿ ਭਾਵ ਉਚ ਵਰਣ ਦੇ ਪਿਤਾ ਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕਰਮਵਾਰ ਨਿਭਾਹੇ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ।

ਅੰਡਜ, ਜੇਰਜ, ਸੇਤਜ, ਉਤਭੁਜ ਭਾਵ ਸਾਰੇ ਜੀਵ ਸਮੂਹਾਂ ਦੇ ਜਨਮ ਤੇ ਮੌਤ, ਉਨ੍ਹਾਂ ਦੇ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ, ਉਨ੍ਹਾਂ ਦੇ ਵਿਸ਼ਵਾਸਾਂ ਤੇ ਉਨ੍ਹਾਂ ਦੇ ਆਚਾਰ ਨੂੰ ਯਥਾਯੋਗ ਤੇ ਇਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ। ਕਿਉਂਕਿ ਹੇ ਪ੍ਰਭੂ! ਸਿਰਫ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁਖੀ ਸੋਚ ਤੋਂ ਪਾਰ ਤਥਾ ਅਮਿਤ ਵੇਦ ਦੇ ਸਦੀਵੀ ਗਿਆਨ ਦੇ ਜਾਣਨਹਾਰ, ਯਗ ਕਰਤਾ ਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ।

ਫਿਰ ਮਹਾਂਰਿਸ਼ੀਆਂ ਵਲੋਂ ਇਸ ਤਰ੍ਹਾਂ ਪੁਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂ ਉਨ੍ਹਾਂ ਸਾਰੇ ਮਹਾਂਰਿਸ਼ੀਆਂ ਦਾ ਉਚਿਤ ਸਤਿਕਾਰ ਕਰ ਕੇ ਬੋਲੇ- ਸੁਣੋ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ, ਤਾਂ ਫਿਰ ਆਪਣੀ ਇਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁਖੀ ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ- ਆਕਾਸ਼ ਆਦਿ ਮੂਲ ਤਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਅਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖੁਦ ਪ੍ਰਗਟ ਹੋਏ। ਫਿਰ ਉਸ ਪਰਮਾਤਮਾ ਨੇ ਅਨੇਕ ਤਰ੍ਹਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਅਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਵਰਗੇ ਸ਼ੁਧ ਆਂਡੇ ਦਾ ਰੂਪ ਧਾਰਨ ਕਰ ਲਿਆ ਅਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।''

ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸੂਦਰਾਂ ਦਾ ਦਰਜਾ ਦਿਤਾ ਗਿਆ ਹੈ। ਜਿਸ ਦਾ ਖਮਿਆਜਾ ਹੁਣ ਤਕ ਇਸ ਦੇ ਲਿਖੇ ਜਾਣ ਤੋਂ ਹਜਾਰਾਂ ਸਾਲਾਂ ਬਾਅਦ ਵੀ ਮਨੁਖ ਜਾਤੀ ਦਾ ਵਡਾ ਹਿਸਾ ਭੁਗਤ ਰਿਹਾ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਭਾਵ ਮਨ-ਕਲਪਿਤ ਦੇਵੀ-ਦੇਵਤਿਆਂ ਦੀ ਭਗਤੀ ਦੇ ਨਾਂ ਉਤੇ ਅਨੇਕ ਕਿਸਮ ਦੇ ਕਰਮਕਾਂਡ ਦੀ ਜਨਕ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆ ਭਰ ਦੇ ਲਗਪਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ ਪਰ ਜਾਤਪਾਤ ਵਰਗਾ ਚੀੜ੍ਹਾ ਸਮਾਜੀ ਪ੍ਰਬੰਧ ਸਿਰਫ ਸਾਡੇ ਹੀ ਦੇਸ ਵਿਚ ਕਿਉਂ ਮੌਜੂਦ ਹੈ, ਜਿਹੜਾ ਗੁਲਾਮਦਾਰੀ ਯੁਗ ਦੇ ਖਤਮ ਹੋ ਜਾਣ ਦੇ ਬਾਵਜੂਦ ਅਜੇ ਤਕ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਨ੍ਹਾਂ ਨੇ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਨ੍ਹਾਂ ਨੂੰ ਮੰਨਣਾ ਇਕ 'ਰਬੀ' ਆਦੇਸ਼ ਬਣਾ ਦਿਤਾ ਹੈ।

ਮਨੂ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾਂ ਨੇ ਇਸ ਲੋਕ ਦੀ ਰਖਿਆ ਲਈ ਆਪਣੇ ਮੂੰਹ ਬਾਹਾਂ ਜੰਘਾ ਅਤੇ ਪੈਰਾਂ ਵਿਚੋਂ ਕਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨ੍ਹਾਂ ਦੇ ਅਡ-ਅਡ ਕੰਮ ਨਿਸ਼ਚਿਤ ਕਰ ਦਿਤੇ। ਈਸ਼ਵਰ ਨੇ ਸੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸੂਦਰਾਂ ਨੂੰ ਉਨ੍ਹਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਿਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।'' ਇਹੀ ਮਨੂਵਾਦੀ ਸੋਚ ਅਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਹੀ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਖਾਨਿਆਂ ਵਿਚ ਵੰਡ ਦਿਤਾ। ਇਹੀ ਵੰਡ ਸਾਡੇ ਦੇਸ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ੍ਹ ਹੈ। ਇਸ ਵੰਡ ਦੇ ਆਧਾਰ ਉਤੇ ਬਣੀ ਸੋਚ ਅਤੇ ਮਾਨਸਿਕਤਾ ਹੀ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵਡੀ ਰੁਕਾਵਟ ਹੈ।

ਮਨੁੱਖੀ ਸਮਾਜ ਦੇ ਐਨ ਮੁਢ ਵਿਚ ਕੁਦਰਤੀ ਤੌਰ ਉਤੇ ਵਿਕਸਿਤ ਹੋਇਆ ਔਰਤ ਪ੍ਰਧਾਨ ਸਮਾਜ ਭਾਰੂ ਸੀ। ਬਾਅਦ ਵਿਚ ਜਦੋਂ ਨਿਜੀ ਜਾਇਦਾਦ ਉਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਜਾਤਪਾਤੀ ਸਮਾਜ ਦੀ ਜਾਇਜਤਾ ਠਹਿਰਾਉਣ ਲਈ ਕਿਸੇ ਜਾਅਲੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ। ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਸ੍ਰੇਸ਼ਠ ਪੁਜਾਰੀ (ਬ੍ਰਾਹਮਣ) ਵਰਗ ਨੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰਬੀ' ਹਸਤੀ ਦਾ ਮਾਨਸਿਕ ਬਿੰਬ ਘੜ ਲਿਆ। ਹਥੀਂ ਕਿਰਤ ਨਾਲੋਂ ਟੁਟ ਕੇ ਵਿਹਲੜ ਜ਼ਿੰਦਗੀ ਜਿਊਣ ਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਣਨ ਦੀ ਆਪਣੀ ਲਾਲਸਾ ਅਧੀਨ, ਆਮ ਬੌਧਿਕ ਅਤੇ ਮਾਨਸਿਕ ਕੰਗਾਲੀ ਦੇ ਉਸ ਦੌਰ ਵਿਚ, ਆਪਣੇ ਆਪ ਨੂੰ 'ਰਬੋਂ' ਉਚ ਜਾਤੀ ਸਾਬਤ ਕਰਨ ਵਾਸਤੇ, ਸਮਾਜ ਵਿਚ ਕਰਮਕਾਂਡ, ਵਰਣ ਵੰਡ ਅਤੇ ਜਾਤਪਾਤੀ ਕੋਹੜ ਫੈਲਾਉਣ ਦਾ ਧਾਰਮਿਕ ਆਧਾਰ ਤਿਆਰ ਕਰਨ ਲਈ, ਬ੍ਰਹਮਾ ਦੇ ਰੂਪ ਵਿਚ ਘੜੀ ਇਹੀ ਮਾਨਸਿਕ ਕਲਪਨਾ ਅੱਜ ਤਕ ਮਨੁਖ ਜਾਤੀ ਨੂੰ ਉਚ-ਨੀਚ ਵਿਚ ਵੰਡਣ ਅਤੇ ਅਨੇਕ ਕਿਸਮ ਦੇ ਕਰਮਕਾਂਡੀ ਭਰ-ਮਜਾਲ ਫੈਲਾਉਣ ਦਾ ਮੂਲ ਆਧਾਰ ਬਣੀ ਹੋਈ ਹੈ।

ਜੇ ਸਵਰਾਜ ਬੀਰ ਜੀ ਬਾਬਾ ਸਾਹਿਬ ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਵਾਂਗ ਇਸ ਮਨੂਵਾਦੀ ਸੋਚ ਦੀ ਤਹਿ ਵਿਚ ਜਾਂਦੇ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਨੂੰ ਸਿਖਾਂ ਦਾ ਇਕ ਧਾਰਮਿਕ ਗ੍ਰੰਥ ਕਰਾਰ ਨਾ ਦੇ ਕੇ ਇਸ ਨੂੰ ਨਿਠ ਕੇ ਪੜ੍ਹਦੇ, ਤਾਂ ਉਨ੍ਹਾਂ ਨੂੰ ਪਤਾ ਲਗਦਾ ਕਿ ਗੁਰਮਤਿ ਨੇ ਬ੍ਰਹਮ ਅਤੇ ਬ੍ਰਹਮਾ ਵਿਚਕਾਰ ਪਹਿਲਾਂ ਹੀ ਬੜਾ ਸਪਸ਼ਟ ਨਿਖੇੜਾ ਕੀਤਾ ਹੋਇਆ ਹੈ। ਗੁਰਮਤਿ ਬ੍ਰਹਮ ਦੀ ਹੋਂਦ ਨੂੰ ਪ੍ਰਵਾਨ ਕਰਦੀ ਹੈ ਪਰ ਬ੍ਰਹਮਾ ਦੀ ਹੋਂਦ ਨੂੰ ਮੂਲੋਂ ਹੀ ਨਕਾਰ ਦੇਂਦੀ ਹੈ। ਗੁਰਮਤਿ ਮਨੂਵਾਦ ਅਤੇ ਇਸ ਦੇ ਪ੍ਰਗਟ ਰੂਪ ਬ੍ਰਾਹਮਣਵਾਦ ਦੇ ਮੁਢ ਬ੍ਰਹਮਾ ਨੂੰ ਨਕਾਰ ਕੇ ਇਸ ਦੀ ਜੜ੍ਹ ਹੀ ਪੁਟ ਦੇਂਦੀ ਹੈ।

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥ (ਪੰਨਾ ੭੮੨)

ਯਥਾ ਇਹ ਸਾਰਾ ਪਸਾਰਾ ਬ੍ਰਹਮ ਹੈ, ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ, ਸਭ ਪਾਸੇ ਬ੍ਰਹਮ ਹੀ ਨਜ਼ਰ ਆਉਂਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ (ਪੰਨਾ ੧੦੩੫) ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ (ਪੰਨਾ ੫੫੯)

ਯਥਾ ਬ੍ਰਹਮਾ ਬਿਸ਼ਨ ਮਹੇਸ਼ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉਤੇ ਜਿਹੜਾ ਵੇਦਾਂ ਦਾ ਗਿਆਨ ਦਿਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਗੁਰਮਤਿ ਨੇ ਇਹ ਗਿਆਨ ਵੀ ਦਿਤਾ ਹੈ ਕਿ: ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਸਾਰਾ॥

# ਦਸਮੇਸ਼ ਪਿਤਾ ਜੀ ਦੇ 52 ਦਰਬਾਰੀ ਕਵੀ ਅਤੇ ਵਿਦਵਾਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਪੁਰਾਤਨ ਝੂਠੇ ਕਰਮ-ਕਾਂਡਾਂ ਅਤੇ ਰਹੁ-ਰੀਤਾਂ ਵਿਚੋਂ ਕੱਢ ਕੇ ਇਨਕਲਾਬੀ ਸਵੈ-ਮਾਣ ਵਾਲਾ ਜੀਵਨ ਜਿਊਣ ਦੇ ਸਮਰੱਥ ਬਣਾਉਣਾ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿਚ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਹਨਾਂ ਨੂੰ ਦੂਸਰੇ ਧਰਮਾਂ ਦਾ ਗਿਆਨ ਸੀ। ਜਿਸ ਨਾਲ ਉਹ ਆਤਮਕ ਵਿੱਦਿਆ ਵਿਚ ਨਿਪੁੰਨ ਸਨ। ਉਹਨਾਂ ਨੇ ਬਹੁਤ ਸਾਰਾ ਸਮਾਂ ਸੰਤਾਂ, ਫਕੀਰਾਂ ਨਾਲ ਚਰਚਾ ਵਿਚ ਬਿਤਾਇਆ। ਸਿੱਧ ਗੋਸ਼ਟੀ ਵੀ ਉਹਨਾਂ ਦੇ ਇਸ ਹੁਨਰ ਤੇ ਹੀ ਆਧਾਰਿਤ ਸੀ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।। ਅੰਗ 660

ਹੇ ਨਾਨਕ! ਜਦ ਤੱਕ ਦੁਨੀਆਂ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫ਼ਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ, ਕਿਸੇ ਦੀ ਗੱਲ ਸੁਣਨਾ ਤੇ ਆਪਣੀ ਕਹਿਣ ਨਾਲ ਸੁਖ ਮਿਲਦਾ ਹੈ। ਇਕ-ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ, ਸ਼ੰਕੇ ਦੂਰ ਹੁੰਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿਦਿਅਕ, ਰਾਜਨੀਤਿਕ ਪੱਖੋਂ ਜਾਗਰਿਤ ਕਰਨਾ ਚਾਹਿਆ ਸੀ। ਸਿੱਖਾਂ ਨੂੰ ਆਪਣੀ ਬੋਲੀ, ਆਪਣੀ ਲਿੱਪੀ ਵਿਚ ਉਪਦੇਸ਼ ਪੜ੍ਹਨ ਅਤੇ ਸਮਝਣ ਦੇ ਕਾਬਲ ਬਣਾਉਣ ਲਈ ਗ ੁਰਮੁਖੀ ਲਿੱਪੀ ਨੂੰ ਇਜ਼ਾਤ ਕੀਤਾ। ਅੱਗੇ ਜਾ ਕੇ ਗੁਰੂਆਂ ਨੇ ਇਸ ਨੂੰ ਹੋਰ ਬਣਾਇਆ ਸੰਵਾਰਿਆ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖਾਂ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤ ਸਿੱਖ ਬਾਣੀਕਾਰਾਂ ਦੀ ਪਵਿੱਤਰ ਬਾਣੀ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ ਰੂਪ ਵਿਚ ਹੈ। ਪਵਿੱਤਰ ਬਾਣੀ ਦੀ ਰਚਨਾ ਨੂੰ ਸੰਭਾਲਿਆ ਗਿਆ। ਇਸ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਇਸਦੀ ਵਾਰਤਕ ਵਿਆਖਿਆ ਮਨ ਨੂੰ ਢਾਰਸ ਜਾਂ ਧੀਰਜ ਹੀ ਨਹੀਂ ਦਿੰਦੀ ਸਗੋਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਵਿਚ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਵਾਸਤੇ ਹੈ। ਉਪਦੇਸ਼ ਚਹੁੰ ਵਰਨਾ ਕਾਂਝਾ। ਇਹ ਪੰਜਾਬੀ ਸਾਹਿਤ ਦੀ ਸਿਰਮੌਰ ਸਦੀਵੀ ਵੰਨਗੀ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਨੂੰ ਅੱਗੇ ਗੁਰੂਆਂ ਨੇ ਨਿਰੰਤਰ ਤੋਰਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸੇ ਸੰਕਲਪ ਵਿਚ ਕੌਮ ਉਸਾਰੀ ਦੀ ਵਿਉੱਤਬੰਦੀ ਕੀਤੀ। ਜਿਸ ਵਿਚ ਉਹਨਾਂ ਨੇ ਕਵਿਤਾ ਦਾ ਮਾਧਿਅਮ ਚੁਣਿਆ। ਆਪ ਸਾਹਿਤ ਰਚਨਾ ਕੀਤੀ। ਆਪ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਪੁਰਾਣਾਂ, ਰਮ-ਾਇਣ, ਮਹਾਂਭਾਰਤ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਅਨੁਵਾਦ ਕਰਨ ਦਾ ਕਾਰਜ ਆਰੰਭਿਆ। ਦੂਸਰੇ ਰਾਜਿਆਂ ਦੇ ਸਤਾਏ ਹੋਏ ਕਵੀ ਵੀ ਆਪ ਜੀ ਨਾਲ ਆ ਜੁੜੇ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਂਕ ਸੀ। ਆਪ ਜੀ ਨੇ ਅਜਿਹੀ ਮਨੋਹਰ



ਕਵਿਤਾ ਰਚੀ, ਜਿਸ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਬਖ਼ਸ਼ੀ। ਉਹਨਾਂ ਨੇ ਵਿਦਵਾਨਾਂ ਨੂੰ ਬਨਾਰਸ ਭੇਜਿਆ ਕਿ ਸੰ-ਸਕ੍ਰਿਤ ਦਾ ਗਿਆਨ ਪ੍ਰਾਪਤ ਕਰਨ। ਜਿਹਨਾਂ ਨੇ ਦੂਸਰੀਆਂ ਭਾਸ਼ਾਵਾਂ ਦਾ ਅਨੁਵਾਦ ਕਰਕੇ ਗੁਰੂ ਜੀ ਨਾਲ ਧਰਮ ਪ੍ਰਚਾਰ ਵਿਚ ਮਦਦ ਕੀਤੀ। ਇਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਇਸ ਸਾਹਿਤ ਰਚਨਾ ਦਾ ਮਨੋਰਥ ਸੀ ਕਿ ਸਿੱਖਾਂ ਵਿਚ ਬੀਰ ਰਸ ਭਰਿਆ ਜਾਵੇ ਤਾਂ ਜੋ ਉਹ ਜ਼ੁਲਮ ਦੇ ਵਿਰੁੱਧ ਡੱਟਣ ਲਈ ਕੁਰਬਾਨੀ ਤੋਂ ਵੀ ਪਿੱਛੇ ਨਾ ਰਹਿਣ।

ਗੁਰੂ ਜੀ ਦੀ ਲੇਖਣੀ ਦਾ ਸਮਾਂ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਤੋਂ ਵੱਧ ਚੱਲਿਆ। ਗੁਰੂ ਜੀ 1685-1689 ਤੱਕ ਚਾਰ ਸਾਲ ਦਾ ਸਮਾਂ ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਤੇ ਠਹਿਰੇ। ਜਿੱਥੇ ਆਪ ਜੀ ਨੇ ਫੌਜੀ ਛਾਉਣੀਆਂ ਸਥਾਪਤ ਕੀਤੀਆਂ, ਉਥੇ ਪੰਜਾਬੀ ਸਾਹਿਤ ਦਾ ਵੀ ਬਹੁਤ ਕੰਮ ਕੀਤਾ। ਗੁਰਬਾਣੀ ਦੀ ਰਚਨਾ ਕੀਤੀ।ਉਦੋਂ ਗੁਰੂ ਜੀ ਸਾਹਿਤ ਰਚਨਾ ਵਾਸਤੇ ਇਕ ਇਕਾਂਤ ਟਿਕਾਣੇ ਦੀ ਤਲਾਸ਼ ਵਿਚ ਸਨ। ਤਦ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਨ ਪਹੁੰਚ ਗਏ। ਉਥੇ ਰਹਿੰਦਿਆਂ ਗੁਰੂ ਜੀ ਇਲਾਕੇ ਦੀ ਸੈਰ ਕਰਦੇ ਰਹੇ, ਸ਼ਿਕਾਰ ਖੇਡਦੇ ਰਹੇ। ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ ਤੁਸੀਂ ਮੇਰੀ ਰਿਆਸਤ ਵਿਚ ਜੇਕਰ ਟਿਕ ਜਾਵੋ ਤਾਂ ਚੰਗਾ ਹੋਵੇਗਾ। ਗੁਰੂ ਜੀ ਨੇ ਚੰਗੀ ਜਗ੍ਹਾ ਵੇਖ ਕੇ ਇਕ ਕਿਲਾ ਬਣਵਾਇਆ, ਜਿਸਦਾ ਨਾਂ ਆਪਨੇ ਪਾਉਂਟਾ ਰੱਖਿਆ। ਪਾਉਂਟਾ ਸਾਹਿਬ ਟਿਕ ਕੇ ਆਪਣੇ ਗੁਰਬਾਣੀ ਰਚਨਾ ਦਾ ਕਾਰਜ ਜਾਰੀ ਰੱਖਿਆ।

ਉਸ ਸਮੇਂ ਸੰਸਕ੍ਰਿਤ ਜੋ ਧਰਮ ਪ੍ਰਚਾਰ ਦੀ ਵਿਦਿਆ ਸੀ, ਉਪਰ ਬ੍ਰਾਹਮਣਾਂ ਦਾ ਕਬਜ਼ਾ ਸੀ। ਗੁਰੂ ਜੀ ਨੇ ਉਸ ਗਿਆਨ ਨੂੰ ਲੋਕ ਭਾਸ਼ਾ ਵਿਚ ਰਚ ਕੇ ਆਪਣੇ ਢੰਗ ਦਾ ਪ੍ਰਚਾਰ ਕੀਤਾ। ਉਹਨਾਂ ਦੇ ਅਨੂਪਮ ਇਲਾਹੀ ਦਰਬਾਰ ਵਿਚ ਗੁਣੀਆਂ, ਵਿਦਵਾਨਾਂ, ਕਵੀਆਂ, ਕਲਮਕਾਰਾਂ ਅਤੇ ਕਲਾਕਾਰਾਂ ਦਾ ਵੱਡਾ ਸੰਗਠਨ ਹੋ ਗਿਆ। ਜਿਹਨਾਂ ਵਿਚ 52 ਦਰਬਾਰੀ ਰਤਨ ਕਵੀ ਵੀ ਸ਼ਾਮਲ ਸਨ। ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਹੋਰ ਸਾਧਨਾਂ ਵਿਚ ਕਥਾ-ਕੀਰਤਨ, ਬੀਰ ਰਸ ਅਤੇ ਸ਼ਸ਼ਤਰਾਂ ਦਾ ਸਤਿਕਾਰ ਸੰਭਾਲ ਹੁੰਦੀ ਅਤੇ ਵਿਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਕਮਾਲ ਸੀ। ਦੂਰ6ਦੂਰ ਤੋਂ ਗੁਣੀ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ ਸੁਣ ਕੇ ਆਉਂਦੇ ਅਤੇ ਪੂਰਾ ਮਾਣ-ਸਤਿਕਾਰ ਪ੍ਰਾਪਤ ਕਰਦੇ ਸ਼ਾਂਤ ਰਹਿਣ ਲੱਗੇ। ਗੁਰੂ ਜੀ ਸਭ ਦਾ ਬਰਾਬਰ ਸਤਿਕਾਰ ਕਰਦੇ। ਭੱਟ ਵੀ ਆਪਣੀਆਂ ਰਚਨਾਵਾਂ ਦਾ ਗਾਇਨ ਕਰਦੇ ਰਹਿਣੇ ਸਨ। ਮੁਗਲ ਦਰਬਾਰ ਦੇ ਸਤਾਏ ਹੋਏ ਕਵੀ ਜਿਵੇਂ ਪੰਡਤ ਸੁਖਦੇਵ, ਬਰਿੰਡ, ਅਲੀਮ, ਕਨੂੰਵਰੇਸ਼, ਕਾਸ਼ੀ ਰਾਮ ਅਤੇ ਭਾਈ ਨੰਦ ਲਾਲ ਗੋਆ ਵਰਗੇ ਵੀ ਗੁਰੂ ਜੀ ਦੀ ਪ੍ਰਤੀਪਾਲਣਾ ਹੇਠ ਆ ਗਏ ਸਨ।

ਭਾਵੇਂ 52 ਦਰਬਾਰੀ ਰਤਨ ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਰਹੇ, ਪਰ ਸਮੇਂ-ਸਮੇਂ ਵਿਦਵਾਨਾਂ ਦੇ ਆਉਣ ਜਾਣ ਦਾ ਤਾਂਤਾ ਲੱਗਾ ਰਹਿਣਾ ਸੀ। ਸਮੂਹਿਕ ਲੇਖਣੀ ਨਾਲ ਭਾਵੇਂ ਕਿਸੇ ਸਮੇਂ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸਨੂੰ 'ਵਿਦਿਆ ਸਾਗਰ' ਕਿਹਾ ਜਾਂਦਾ ਸੀ। ਪਰ ਅਨੰਦਪੁਰ ਛੱਡਣ ਸਮੇਂ ਖੁਰਦ-ਬੁਰਦ ਹੋ ਗਿਆ। ਸਿਰਫ ਉਹ ਹੀ ਸਾਹਿਤ ਬਚਿਆ ਜੋ ਲੇਖਕਾਂ ਕੋਲ ਸੀ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀਆਂ ਦੀਆਂ ਰਚਨਾਵਾਂ ਵਿਚ ਭਿਆਨਕ ਜੰਗਾਂ ਵਿਚ ਨਗਾਰਿਆਂ ਦੀ ਚੋਟ, ਫੌਜਾਂ ਦੀ ਤਿਆਰੀ, ਰਣਭੂਮੀ ਦੇ ਵੀਰਤਾ ਦ੍ਰਿਸ਼, ਮਹਾਰਾਜ ਦੀ ਸ਼ਖਸੀਅਤ, ਤੀਰ ਅੰਦਾਜ਼ੀ, ਸ਼ਿਕਾਰ, ਗੱਤਕੇ ਦੇ ਕਰਤੱਵ ਆਦਿ ਪ੍ਰਸੰਗਾਂ ਦਾ ਵੇਰਵਾ ਉਹਨਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵੱਡੇ-ਵੱਡੇ ਇਕੱਠ ਦੇ ਸਮੇਂ ਰਚਨਾਵਾਂ ਦੇ ਪਰਚੇ ਸੰਗਤਾਂ ਵਿਚ ਵੰਡੇ ਜਾਂਦੇ। ਦਸਮੇਸ਼ ਪਿਤਾ ਜੀ ਦੀ ਲਾਸਾਨੀ ਸ਼ਖਸੀਅਤ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਦਰਬਾਰੀ ਰਤਨ ਕਵੀਆਂ ਨੇ ਆਪ ਜੀ ਦੀ ਸ਼ਖਸੀਅਤ ਦੇ ਦੀਦਾਰ ਪ੍ਰਾਪਤ ਕੀਤੇ ਸਨ। ਉਹਨਾਂ ਨੇ ਸ਼ਖਸੀਅਤ ਨੂੰ ਬਿਆਨ ਕਰਦਿਆਂ ਉਹਨਾਂ ਦਾ ਸਿਰ ਸਤਿਕਾਰ ਵਿਚ ਝੁਕਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਨੰਦ ਲਾਲ ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਮਹਾਰਾਜ ਦੇ ਗੁਣਾਂ ਦੀ ਉਪਮਾ ਕਰਦਿਆਂ ਲਿਖਦੇ ਹਨ- ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ। ਫਰਕ ਓ ਬਰ ਪਾਇ ਗੁਰੂ ਗੋਬਿੰਦ ਸਿੰਘ। ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ। ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ। 52 ਦਰਬਾਰੀ ਰਤਨ ਕਵੀਆਂ ਅਤੇ ਵਿਦਵਾਨਾਂ ਦੇ ਪੱਖ ਵਿਚ ਇਹ ਗੱਲ ਅਹਿਮ ਹੈ ਕਿ ਗੁਰੂ ਜੀ ਨੂੰ ਖੁਦ ਸ਼ਾਇਰੀ ਦਾ ਬੜਾ ਸ਼ੌਂਕ ਸੀ। ਉਹ ਆਪਣੀ ਨਿਗਰਾਨੀ ਹੇਠ ਕਾਵਿ-ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਨੂੰ ਮਾਣ-ਸਨਮਾਨ ਨਾਲ ਨਿਵਾਜਦੇ। ਅੱਜ ਵੀ ਪਾਉਂਟਾ ਸਾਹਿਬ ਦੀ ਧਰਤੀ ਤੇ ਕਵੀ ਦਰਬਾਰ ਅਸਥਾਨ ਮੌਜੂਦ ਹੈ। ਜਿੱਥੇ ਹਰ ਪੂਰਨਮਾਸ਼ੀ ਦੇ ਦਿਨ ਪ੍ਰਬੰਧਕਾਂ ਵੱਲੋਂ ਕਵੀ ਦਰਬਾਰ ਸਜਾਇਆ ਜਾਂਦਾ ਹੈ।

# ਧਰਮ ਨਿਰਪਖਤਾ, ਖੱਬੇ ਪਖੀ ਤੇ ਹਿੰਦੂ ਰਾਸ਼ਟਰ

(ਸਫਾ 16 ਦੀ ਬਾਕੀ)

ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ।। (ਪੰਨਾ ੧੦੫੩)

ਯਥਾ ਸਿਮ੍ਰਤੀਆਂ ਤੇ ਸਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਮਨ-ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁਖ ਇਨ੍ਹਾਂ ਨੂੰ ਪੜ੍ਹਦਾ ਹੈ ਪਰ ਸਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਆਤਮਿਕ ਗਿਆਨ ਵਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁਖ ਹੀ ਇਸ ਦਾ ਭੇਦ ਪਾ ਸਕਦਾ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ।। ਸਾਂਕਲ ਜੇਵਰੀ ਲੈ ਹੈ ਆਈ।। ਆਪਨ ਨਗਰੁ ਆਪ ਤੇ ਬਾਧਿਆ।। ਮੋਹ ਕੈ ਫਾਧਿ ਕਾਲ ਸਰੁ ਸਾਂਧਿਆ।। ਰਹਾਉ।।

ਕਟੀ ਨ ਕਟੈ ਤੂਟਿ ਨਹ ਜਾਈ।। ਸਾ ਸਾਪਨਿ ਹੋਇ ਜਗੁ ਕਉ ਖਾਈ।। (ਪੰਨਾ ੩੨੯)

ਯਥਾ ਵੇਦ ਹੀ ਸਿਮ੍ਰਤੀਆਂ ਦੇ ਜਨਕ ਹਨ। ਇਨ੍ਹਾਂ ਵਿਚਲਾ ਗਿਆਨ ਮਨੁਖੀ ਮਨ ਨੂੰ ਪਏ ਸੰਗਲ ਤੇ ਜੰਜੀਰਾਂ ਵਾਂਗ ਹਨ। ਇਹ ਇੰਝ ਹੈ ਜਿਵੇਂ ਕੋਈ ਮਨੁਖ ਆਪਣੇ ਆਲੇ-ਦੁਆਲੇ ਆਪ ਹੀ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ। ਸਾਰੇ ਯਤਨਾਂ ਦੇ ਬਾਵਜੂਦ ਜਿਹੜਾ ਜਾਲ ਕਟਿਆ ਨਹੀਂ ਜਾ ਸਕਦਾ ਅਤੇ ਜਿਹੜਾ ਸਪਣੀ ਦਾ ਰੂਪ ਧਾਰ ਕੇ ਜਗਤ ਨੂੰ ਖਾ ਰਿਹਾ ਹੈ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ।। (ਪੰਨਾ ੭੪੭)

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀਂ ਕੀਮਤਿ ਪਾਈ।। (ਪੰਨਾ ੭੪੭)

ਯਥਾ ਵੇਦ ਕਤੇਬ ਸਿਮ੍ਰਿਤੀਆਂ ਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ (ਮਨ ਦੀ) ਮੁਕਤੀ ਨਹੀਂ ਮਿਲਦੀ। ਵੇਦ ਪੜ੍ਹ ਪੜ੍ਹ ਕੇ ਬ੍ਰਹਮੇ ਵਰਗੇ ਅਨੇਕ ਹਾਰ ਹੰਭ ਗਏ ਹਨ ਪਰ ਉਨ੍ਹਾਂ ਨੇ ਉਸ ਇਕੁ (ਏਕੋ) ਦੀ ਰਤੀ ਭਰ ਵੀ ਕੀਮਤ ਨਹੀਂ ਜਾਣੀ। ਤਥਾ ਏਕੋ ਦਾ ਭੇਦ ਨਹੀਂ ਪਾਇਆ।

ਸਵਰਾਜ ਬੀਰ ਨੇ ਖਬੇ ਪਖੀਆਂ ਅਤੇ ਧਰਮ ਨਿਰਪਖਤਾ ਦੇ ਹਾਮੀਆਂ ਬਾਰੇ ਟਿਪਣੀ ਕੀਤੀ ਹੈ, "ਖਬੇ-ਪਖੀਆਂ ਅਤੇ ਧਰਮ ਨਿਰਪਖਤਾ ਦੇ ਹਾਮੀਆਂ ਵਿਚ ਖਾਮੀਆਂ ਹੋ ਸਕਦੀਆਂ ਹਨ, ਉਨ੍ਹਾਂ ਦੇ ਵਿਚਾਰਾਂ ਅਤੇ ਭਾਸ਼ਾ ਵਿਚ ਪੁਖ਼ਤਗੀ ਤੇ ਨਵੀਨਤਾ ਦੀ ਘਾਟ ਹੋ ਸਕਦੀ ਹੈ, ਉਨ੍ਹਾਂ ਦੇ ਵਿਚਾਰਾਂ ਦਾ ਅਸਰ ਘਟਿਆ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ ਉਤੇ ਵੀ ਧਕਿਆ ਗਿਆ ਹੈ, ਪਰ ਉਨ੍ਹਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਅਜਿਹੇ ਧਰਮ-ਅਨੁਸਾਰੀ ਬਣ ਜਾਣ ਜਿਸ ਕਾਰਨ ਰਵਾਇਤੀ ਧਰਮ ਦਾ ਪਾਲਣ ਕਰਨ ਵਾਲੇ ਉਨ੍ਹਾਂ ਦਾ ਸਨਮਾਨ ਕਰਨ ਜਾਂ ਖਬੇ-ਪਖੀ ਅਤੇ ਧਰਮ ਨਿਰਪਖਤਾ ਦੇ ਹਾਮੀ ਧਰਮ ਦੀ ਅਜਿਹੀ ਵਿਆਖਿਆ ਕਰਨ, ਜਿਹੜੀ ਸਭ ਨੂੰ ਪਸੰਦ ਹੋਵੇ। ਲੋਕਾਂ ਦੀ ਵਡੀ ਬਹੁਗਿਣਤੀ ਨੂੰ ਜਾਤੀਵਾਦ, ਨਾਰੀ ਦਾ ਦਮਨ, ਮਰਦ-ਪ੍ਰਧਾਨ ਸੋਚ, ਆਪਣੇ ਧਰਮ ਨੂੰ ਸਭ ਤੋਂ ਉਤਮ ਕਹਿਣਾ ਪਸੰਦ ਹੈ। ਖਬੇ-ਪਖੀ ਅਤੇ ਧਰਮ ਨਿਰਪਖਤਾ ਦੇ ਹਾਮੀਆਂ ਤੋਂ ਅਜਿਹੀ ਉਮੀਦ ਕਰਨੀ ਉਨ੍ਹਾਂ ਨੂੰ ਇਤਿਹਾਸ ਅਤੇ ਸਮਾਜ ਵਿਚਲੀ ਉਨ੍ਹਾਂ ਦੀ ਭੂਮਿਕਾ ਤੋਂ ਵਿਛੁੰਨਿਆ ਕਰਨਾ ਹੋਵੇਗਾ। ਕਬੀਰ ਜੀ ਦਾ ਕਥਨ ਹੈ : "ਟੂਟੀ ਤੰਤੁ ਨ ਬਜੈ ਰਬਾਬੁ।।'' ਤੰਦ ਟੁਟ ਜਾਵੇ ਤਾਂ ਰਬਾਬ ਨਹੀਂ ਵਜਦੀ। ਸਾਡੇ ਸਮਾਜ ਵਿਚ ਭਗਤ ਕਬੀਰ ਅਤੇ ਭਗਤ ਰਵਿਦਾਸ ਜਿਹੀਆਂ ਆਵਾਜ਼ਾਂ ਨੂੰ ਬਹੁਤ ਦੇਰ ਲਈ ਹਾਸ਼ੀਏ ਉਤੇ ਰਖਿਆ ਗਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਅਰਥਾਂ ਤੋਂ ਵਿਰਵੀਆਂ ਹਨ। ਉਨ੍ਹਾਂ ਦੇ ਅਰਥ ਮਨੁਖਤਾਮਈ ਹਨ। ਕੁਝ ਇਸ ਤਰ੍ਹਾਂ ਦੀ ਗੱਲ ਧਰਮ ਨਿਰਪਖਤਾ ਦੇ ਹਾਮੀਆਂ ਅਤੇ ਖੱਬੇ-ਪਖੀਆਂ ਬਾਰੇ ਵੀ ਕਹੀ ਜਾ ਸਕਦੀ ਹੈ।''

ਬਿਨ ਪੜ੍ਹਿਓ ਕੁਝ ਸੁਣੀਆਂ ਸੁਣਾਈਆਂ ਧਾਰਨਾਵਾਂ ਦੇ ਆਧਾਰ ਉਤੇ ਖਬੇ ਪਖੀ ਹੋਣ ਦਾ ਭਰਮ ਪਾਲਣ ਦੀ ਬਜਾਇ ਸਵਰਾਜ ਬੀਰ ਨੂੰ ਮਾਰਕਸ ਅਤੇ ਏਂਗਲਜ ਦੀ ਫਿਲਾਸਫੀ ਖੁਦ ਪੜ੍ਹਨ ਦੀ ਲੋੜ ਹੈ। ਮਾਰਕਸ-ਏਂਗਲਜ ਨੇ ਭੌਤਿਕਵਾਦ ਅਤੇ ਆਦਰਸ਼ਵਾਦ ਵਿਚਕਾਰ ਬੜਾ ਸਪਸ਼ਟ ਨਿਖੇੜਾ ਕੀਤਾ ਹੈ। ਏਂਗਲਜ ਦਾ ਕਥਨ ਹੈ, "ਕੀ ਸੰਸਾਰ ਦੀ ਰਚਨਾ ਰਬ ਨੇ ਬਣਾਈ ਹੈ ਜਾਂ ਅੰਤਹੀਣ ਆਦਿਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ, ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵਡੇ ਧੜਿਆਂ ਵਿਚ ਵੰਡੇ ਹੋਏ ਸਨ। ਜਿਹੜੇ ਫਿਲਾਸਫਰ ਕੁਦਰਤ ਨਾਲੋਂ ਮਨੁਖੀ ਮਨ ਨੂੰ ਸਿਰਮੌਰ ਮੰਨਦੇ ਸਨ ਅਤੇ ਅੰਤਿਮ ਤੌਰ ਉਤੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਉਹ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ ਜਿਹੜੇ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਭੌਤਿਕਵਾਦੀਆਂ ਦੀਆਂ ਅਡ-ਅਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਭੌਤਿਕਵਾਦ _ ਇਹ ਦੋ ਪ੍ਰਪਾਟੀਆਂ ਮੌਲਿਕ ਰੂਪ ਵਿਚ ਇਸ ਤੋਂ ਬਿਨਾਂ ਹੋਰ ਕੋਈ ਅਹਿਮੀਅਤ ਨਹੀਂ ਸਨ ਰਖਦੀਆਂ। ਇਥੇ ਵੀ ਅਸੀਂ ਇਨ੍ਹਾਂ ਦੀ ਵਰਤੋਂ ਇਸ ਤੋਂ ਬਿਨਾਂ ਕਿਸੇ ਵੀ ਹੋਰ ਭਾਵਨਾ ਨਾਲ ਨਹੀਂ ਕਰ ਰਹੇ। ... ਸੋਚ ਵਿਚ ਉਲਝਣਾਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਇਨ੍ਹਾਂ ਪ੍ਰਪਾਟੀਆਂ ਨੂੰ ਕੁਝ ਹੋਰ ਅਰਥ ਦਿਤੇ ਜਾਂਦੇ ਹਨ।'' ਭੌਤਿਕਵਾਦ ਦੀ ਇਹ ਕਿੰਨੀ ਸਪਸ਼ਟ ਵਿਆਖਿਆ ਹੈ। ਕਿਸੇ ਗਲਤ-ਫਹਿਮੀ ਦੀ ਕੋਈ ਗੁੰਜਾਇਸ਼ ਹੀ ਨਹੀਂ।

ਗੁਰਮਤਿ ਦਾ ਮੁਢ ਹੀ ੧ਓ (ਏਕੋ) ਸਤਿ ਤੋਂ ਹੁੰਦਾ ਹੈ। ਭਾਵ ਸਾਡੇ ਚਾਰਚੁਫੇਰੇ ਪਸਰਿਆ ਏਕੋ ਹੈ ਅਤੇ ਇਹ ਸਚ ਹੈ। ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ।। (ਪੰਨਾ ੨੯੨)। ਇਹ ਬ੍ਰਹਿਮੰਡੀ ਹੋਂਦ ਅਸੀਮ ਅਤੇ ਸਦੀਵੀ ਹੈ। ਇਕ ਓਕਾਂਰ ਯਥਾ ੧+ਓਮ+ਆਕਾਰ ਤਥਾ ਵੈਦਿਕ (ਹਿੰਦੂ) ਫਿਲਾਸਫੀ ਦਾ ਪਰਮ ਅਖਰ ਓਮ ਜਮਾ ਇਹ ਬ੍ਰਹਿਮੰਡੀ ਆਕਾਰ ਇਕ ਹੈ। ਵੈਦਿਕ ਫਿਲਾਸਫੀ ਵਿਚ ਬ੍ਰਹਮ ਨੂੰ ਵੀ ਪਰਮ ਅਖਰ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਅਮੂਰਤ ਅਖਰ ਓਮ ਨਾਲ ਆਕਾਰ ਅਤੇ ਇਕ ਲਾ ਕੇ ਇਸ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹੋਂਦ (ਬ੍ਰਹਮ) ਨੂੰ ਸਾਡੀ ਚੇਤਨਾ ਅਤੇ ਸਾਡੇ ਮਨਾਂ ਵਿਚ ਸਾਕਾਰ ਕਰਨ ਦਾ ਕ੍ਰਿਸ਼ਮਾ ਕੀਤਾ ਹੈ। ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।। (ਪੰਨਾ ੧੪੧) ਕੁਦਰਤਿ ਕਾਦਰ ਕਰਣ ਕਰੀਮਾ।। (ਪੰਨਾ ੧੦੮੪)। ਕੁਦਰਤਿ ਕਰਨੈਹਾਰ ਅਪਾਰਾ ਕੀਤੇ ਕਾ ਨਾਹੀ ਕਿਹੁ ਚਾਰਾ।। (ਪੰਨਾ ੧੦੪੨)

ਵੈਦਿਕ ਫਿਲਾਸਫੀ ਬਾਰੇ ਫ੍ਰੈਡਰਿਕ ਏਂਗਲਜ ਦੀ ਧਾਰਨਾ ਹੈ, "ਤੁਲਨਾਤਮਿਕ ਮਿਥਿਹਾਸ ਦੀ ਮੁਢਲੀ ਖੋਜ ਨੇ ਹਿੰਦ-ਯੂਰਪੀਨ ਲੋਕਾਂ ਦੇ ਸਮੁਚੇ ਧਾਰਮਿਕ ਵਰਤਾਰੇ (ਫਿਲਾਸਫੀ) ਦਾ ਮੁਢ ਭਾਰਤੀ ਵੇਦਾਂ ਵਿਚ ਲਭਿਆ ਹੈ। ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤੀ, ਇਰਾਨੀ, ਯੂਨਾਨੀ, ਰੋਮਨ, ਜਰਮਨ ਅਤੇ ਜਿਥੋਂ ਤਕ ਤਥ ਲਭੇ ਹਨ ਕੇਂਦਰੀ ਯੂਰਪ, ਲਿਥੂਨੀਅਨ ਅਤੇ ਸਲਾਵ ਸਾਰੇ ਇਨ੍ਹਾਂ ਹਿੰਦ-ਯੂਰਪੀਨ ਲੋਕਾਂ ਵਿਚ ਸ਼ਾਮਿਲ ਹਨ।''

ਬਿਨਾ ਸ਼ਕ ਭਾਰਤ ਸਮੇਤ ਇਨ੍ਹਾਂ ਸਾਰੇ ਦੇਸਾਂ ਦੀ ਫਿਲਾਸਫੀ ਦਾ ਆਰੰਭ ਵੇਦਾਂ ਨਾਲ ਹੋਇਆ ਹੈ। ਇਸ ਦੀ ਪੁਸ਼ਟੀ ਬਾਬਾ ਸਾਹਿਬ ਅੰਬੇਡਕਰ ਨੇ ਵੀ ਕੀਤੀ ਹੈ। ਵੈਦਿਕ ਫਿਲਾਸਫੀ ਵਿਚ ਭੌਤਿਕਵਾਦ ਅਤੇ ਆਦਰਸ਼ਵਾਦ ਦੀਆਂ ਦੋ ਧਾਰਾਵਾਂ ਮੁਢ ਤੋਂ ਨਾਲੋਂ-ਨਾਲ ਚਲਦੀਆ ਆ ਰਹੀਆ ਹਨ। ਬ੍ਰਹਮ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹਕੀਕਤ ਭਾਵ ਭੌਤਿਕਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ ਤੇ ਇਸ ਦਾ ਮਨ ਕਲਪਿਤ ਰੂਪ ਬ੍ਰਹਮਾ ਆਦਰਸ਼ਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ। ਇਹ ਬ੍ਰਹਮਾ ਦੀ ਮਨ ਕਲਪਿਤ ਹੋਂਦ ਹੀ ਮਨੂਵਾਦ, ਵਰਣ ਵੰਡ, ਜਾਤਪਾਤ, ਬ੍ਰਾਹਮਣੀ ਕਰਮਕਾਂਡ, ਨਰਕ-ਸੁਰਗ, ਪੁਨਰ ਜਨਮ ਤੇ ਬ੍ਰਾਹਮਣੀ ਪਾਪ-ਪੁੰਨ ਦੇ ਭਰਮਜਾਲ ਦੀ ਜਨਕ ਹੈ।

ਸਵਰਾਜ ਬੀਰ ਦੀ ਇਹ ਧਾਰਨਾ ਦਰੁਸਤ ਨਹੀਂ ਕਿ "ਹੋਰ ਵਿਚਾਰਧਾਰਾਵਾਂ ਜਿਵੇਂ ਸਾਂਖ, ਚਾਰਵਾਕ, ਆਜੀਵਕ, ਬੁਧ ਧਰਮ ਆਦਿ ਨੂੰ ਹਾਸ਼ੀਏ ਉਤੇ ਧਕ ਦਿਤਾ ਗਿਆ। ਪ੍ਰਾਚੀਨ ਆਰੀਆ ਲੋਕਾਂ ਦੇ ਗੌਰਵ ਨੂੰ ਪ੍ਰਚਾਰਿਆ ਗਿਆ। ਉਹ ਮਹਾਨ ਇਨਕਲਾਬ, ਜਿਹੜਾ ਮਧਕਾਲੀਨ ਸਮਿਆਂ ਵਿਚ ਬਸੇਸ਼ਰ, ਕਬੀਰ, ਗੁਰੂ ਨਾਨਕ ਦੇਵ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਭਗਤੀ ਲਹਿਰ ਦੇ ਹੋਰ ਰਹਿਬਰਾਂ ਨੇ ਲਿਆਂਦਾ, ਨੂੰ ਬਿਲਕੁਲ ਵਿਸਾਰ ਦਿਤਾ ਗਿਆ। ਇਸੇ ਤਰ੍ਹਾਂ ਇਸਲਾਮ ਤੇ ਸੂਫ਼ੀਆਂ ਦੇ ਯੋਗਦਾਨ ਨੂੰ ਸਵੀਕਾਰਨ ਦੀ ਥਾਂ ਮਧਕਾਲੀਨ ਸਮਿਆਂ ਨੂੰ ਗ਼ੁਲਾਮੀ ਦਾ ਯੁਗ ਗਰਦਾਨਿਆ ਗਿਆ।''

ਗੁਰਮਤਿ ਨੇ ਇਨ੍ਹਾਂ ਸਾਰੀਆਂ ਵਿਚਾਰਧਾਰਾਵਾਂ ਨੂੰ ਆਪਣੇ ਵਿਚ ਆਤਮਸਾਤ ਕੀਤਾ ਹੈ। ਇਸ ਲਿਖਤ ਦੀ ਸੀਮਤਾਈ ਹੋਣ ਕਾਰਨ ਇਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਗੁਰਮਤਿ ਨੇ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਤੇ ਵਿਚਾਰਧਾਰਾਵਾਂ ਦੀ ਪੁਣਛਾਣ ਅਤੇ ਪੜਚੋਲ ਕੀਤੀ ਹੈ। ਕੁਦਰਤੀ ਨੇਮਾਂ ਉਤੇ ਪੂਰੀਆ ਉਤਰਦੀਆਂ ਸਾਰੀਆਂ ਧਾਰਨਾਵਾਂ ਤੇ ਸਦਾਚਾਰ ਨੂੰ ਮਾਨਤਾ ਦਿਤੀ ਹੈ ਅਤੇ ਕੁਦਰਤੀ ਨੇਮਾਂ ਦੇ ਵਿਰੁਧ ਜਾਂਦੀਆਂ ਸਾਰੀਆਂ ਧਾਰਨਾਵਾਂ ਤੇ ਦੁਰਾਚਾਰ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਗੁਰਮਤਿ ਨੇ ਔਰਤ-ਮਰਦ ਦੇ ਰਿਸ਼ਤੇ ਦੀ ਸਭ ਤੋਂ ਖੂਬਸੂਰਤ ਤੇ ਸਮਾਜੀ ਵਿਆਖਿਆ ਕੀਤੀ ਹੈ। ਜੇ ਸਵਰਾਜਬੀਰ ਨੇ ਬੁਲੇ ਸ਼ਾਹ ਤੇ ਵਾਰਿਸ ਸ਼ਾਹ ਦੀ ਹੀਰ ਦੀ ਸੋਚ ਤੋਂ ਪਾਰ ਜਾ ਕੇ ਗੁਰਮਤਿ ਨੂੰ ਪੜ੍ਹਿਆ ਹੁੰਦਾ ਤਾਂ ਉਸ ਨੂੰ ਪਤਾ ਲਗਦਾ ਕਿ ਗੁਰਮਤਿ ਨੇ 'ਨਾ ਹਮ ਹਿੰਦੂ ਨ ਮੁਸਲਮਾਨ।। ਅਲਹ ਰਾਮ ਕੇ ਪਿੰਡ ਪਰਾਨ।।' (ਪੰਨਾ ੧੧੩੬) ਦਾ ਮੌਲਿਕ ਸੰਕਲਪ ਦੇ ਕੇ ਇਸ ਖੇਤਰ ਦੀ ਸਮਾਜੀ ਏਕਤਾ ਦਾ ਸਭ ਤੋਂ ਵਡਾ ਆਧਾਰ ਮੁਹਈਆ ਕੀਤਾ ਹੈ। ਇਹ ਵਖਰੀ ਗੱਲ ਹੈ ਕਿ ਸਿਖਾਂ ਸਮੇਤ ਅਸੀਂ ਪੰਜਾਬੀਆਂ ਨੂੰ ਗੁਰੂ ਸਾਹਿਬ ਵਲੋਂ ਦਿਤੇ ਗਏ ਏਕਤਾ ਦੇ ਆਧਾਰ ਨੂੰ ਅਸਲੋਂ ਹੀ ਅਣਗੌਲਿਆ ਕਰ ਦਿਤਾ ਹੈ।

ਲਿਖਤ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਵੈਦਿਕ ਫਿਲਾਸਫੀ ਵਿਚ ਭੌਤਿਕਵਾਦ ਤੇ ਆਦਰਸ਼ਵਾਦ ਦੀਆਂ ਦੋ ਧਾਰਾਵਾਂ ਨਾਲੋਂ-ਨਾਲ ਚਲਦੀਆਂ ਆ ਰਹੀਆ ਹਨ। ਬਾਬਾ ਸਾਹਿਬ ਅੰਬੇਦਕਰ ਦੇ ਕਥਨ ਅਨੁਸਾਰ ਬ੍ਰਹਮ ਦੇ ਸੰਕਲਪ ਨੂੰ ਆਧਾਰ ਮੰਨ ਕੇ ਚਲਦੀ ਆ ਰਹੀ ਬ੍ਰਹਮਵਾਦੀ ਧਾਰਾ ਭੌਤਿਕਵਾਦੀ ਹੈ, ਗੁਰਮਤਿ ਜਿਸਦਾ ਵਿਸਥਾਰ ਤੇ ਤਤਸਾਰ ਹੈ ਅਤੇ ਮਨ-ਕਲਪਿਤ ਬ੍ਰਹਮਾ ਨੂੰ ਆਧਾਰ ਮੰਨ ਕੇ ਚਲਦੀ ਆ ਰਹੀ ਧਾਰਾ ਬ੍ਰਾਹਮਣਵਾਦੀ ਭਾਵ ਆਦਰਸ਼ਵਾਦੀ ਹੈ। ਹਿੰਦੂ ਰਾਸ਼ਟਰ ਦੇ ਪੈਰੋਕਾਰ ਮਨ-ਕਲਪਿਤ ਬ੍ਰਾਹਮਣਵਾਦੀ ਧਾਰਾ ਦੇ ਪੈਰੋਕਾਰ ਹਨ, ਜਿਨ੍ਹਾਂ ਨੇ ਸਾਮਰਾਜੀ ਪੂੰਜੀ ਨਾਲ ਗਠਜੋੜ ਕਰ ਲਿਆ ਹੈ। ਇਸ ਲਈ ਯੋਗੇਂਦਰ ਯਾਦਵ ਦੀ ਇਹ ਧਾਰਨਾ ਬਿਲਕੁਲ ਸਹੀ ਹੈ ਕਿ ਖਬੇ ਪਖੀਆਂ ਦਾ ਧਰਮ ਨਿਰਪਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿਖਣ ਵਿਚ ਅਸਫ਼ਲ ਰਿਹਾ, ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿਖਣ ਤੇ ਬੋਲਣ ਤੋਂ ਇਨਕਾਰ ਕੀਤਾ ਅਤੇ ਇਸ ਨੇ ਹਿੰਦੂ (ਵੈਦਿਕ) ਧਰਮ ਦੀ ਨਵੀਂ ਵਿਆਖਿਆ ਕਰਨ ਦੀ ਥਾਂ ਹਿੰਦੂ ਧਰਮ ਦਾ ਮਖ਼ੌਲ ਉਡਾਇਆ। ਇਹ ਸਚ ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਦਰਜ ਕੀਤਾ ਹੈ ਕਿ ਕਿਸੇ ਵੀ ਦੇਸ ਦੀ ਕਮਿਊਨਿਸਟ ਲਹਿਰ ਆਪਣੇ ਦੇਸ ਦੀ ਫਿਲਾਸਫੀ ਨੂੰ ਆਤਮਸਾਤ ਕੀਤੇ ਬਿਨਾਂ ਲਹਿਰ ਨੂੰ ਅਗੇ ਨਹੀਂ ਵਧਾ ਸਕਦੀ। ਜਿਡੀ ਵਡੀ ਗਲਤੀ ਹਿੰਦੁਸਤਾਨ ਦੇ ਖਬੇ ਪਖੀਆਂ ਨੇ ਵੈਦਿਕ ਫਿਲਾਸਫੀ ਨੂੰ ਅਣਗੌਲਿਆ ਕਰ ਕੇ ਕੀਤੀ ਹੈ, ਉਸ ਤੋਂ ਵਡੀ ਗਲਤੀ ਪੰਜਾਬ ਦੇ ਖਬੇ ਪਖੀ ਗੁਰਮਤਿ ਨੂੰ ਅਣਗੌਲਿਆ ਕਰ ਕੇ ਕਰ ਰਹੇ ਹਨ।

## ਜਨਮ ਦਿਨ 'ਤੇ ਵਿਸ਼ੇਸ਼

# 'ਮਹਾਨ ਕ੍ਰਾਂਤੀਕਾਰੀ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ'



ਪ੍ਰੋ: ਐਚ. ਐਲ. ਕਪੂਰ

ਭਾਰਤ ਇਕ ਮਹਾਨ ਤੇ ਬੜਾ ਵਿਸ਼ਾਲ ਦੇਸ਼ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਦੇਸ਼ 'ਚ ਹਜ਼ਾਰਾਂ ਲੋਕਾਂ ਨੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ ਤੇ ਜੇਲ੍ਹਾਂ 'ਚ ਉਮਰ ਕੈਦਾਂ ਦੀ ਸਜਾ ਭੁਗਤੀ। ਇਹਨਾਂ ਦੇਸ਼ ਭਗਤ ਕ੍ਰਾਂਤੀਕਾਰੀ ਯੋਧਿਆਂ ਨੇ ਅੰਗਰੇਜ਼ ਸਰਕਾਰ ਦੇ ਜ਼ਬਰ-ਜ਼ੁਲਮ ਦਾ ਸਾਹਮਣਾ ਕੀਤਾ ਪਰ ਉਹ ਅੰਗਰੇਜ਼ ਹਕੂਮਤ ਦੇ ਇਸ ਜਬਰ ਤੋਂ ਡਰੇ ਨਹੀਂ ਸਗੋਂ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲਾਂ 'ਚ ਆਪ ਪਾਇਆ ਤੇ 'ਇਨਕਲਾਬ ਜ਼ਿੰਦਾਬਾਦ' ਦੇ ਜੈਕਾਰੇ ਛੱਡਦੇ ਹੋਏ ਸ਼ਹੀਦੀ ਜਾਮ ਪੀ ਗਏ। ਅਜਿਹੇ ਹੀ ਇਕ ਭਾਰਤੀ ਮਾਂ ਦੇ ਮਹਾਨ ਸਪੂਤ, ਮਹਾਨ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਨ 'ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ'। ਉਹ ਮਹਾਰਾਸ਼ਟਰ ਦੀ ਧਰਤੀ 'ਤੇ ਪੈਦਾ ਹੋਏ ਇਕ ਮਹਾਨ ਇਨਕਲਾਬੀ ਯੋਧੇ ਸਨ, ਜਿਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਸਾਥੀ ਹੋਣ ਕਰਕੇ ਅਤੇ ਇਕ ਬ੍ਰਿਟਿਸ਼ ਪੁਲਿਸ ਅਧਿਕਾਰੀ 'ਸਾਂਡਰਸ' ਦੇ ਕਤਲ ਵਿਚ ਉਸ ਦੀ ਸ਼ਮੂਲੀਅਤ ਲਈ ਮੁੱਖ ਤੌਰ ਤੇ ਜਾਣਿਆ ਜਾਂਦਾ ਹੈ। ਅਸੀਂ ਜਿਸ ਤਰ੍ਹਾਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਮਾਣ ਤੇ ਸਤਿਕਾਰ ਦਿੰਦੇ ਹਾਂ, ਠੀਕ ਇਸੇ ਹੀ ਤਰ੍ਹਾਂ ਮਹਾਰਾਸ਼ਟਰ ਦੇ ਲੋਕ ਵੀ ਆਪਣੇ ਮਹਾਨ ਯੋਧੇ ਕ੍ਰਾਂਤੀਕਾਰੀ 'ਸ਼ਿਵਰਾਮ ਹਰੀ ਰਾਜਗੁਰੂ' ਨੂੰ ਮਾਣ ਸਤਿਕਾਰ ਦਿੰਦੇ ਤੇ ਉਸ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀ ਸ਼ਹਾਦਤ 'ਤੇ ਫ਼ਖ਼ਰ ਮਹਿਸੂਸ ਕਰਦੇ ਹਨ।

ਰਾਜਗੁਰੂ ਦਾ ਪਿਤਾ ਹਰੀ ਨਰਾਇਣ ਕੰਮ ਦੀ ਭਾਲ ਕਰਦਾ-ਕਰਦਾ ਆਪਣੇ ਪਿੰਡ ਚਾਕਨ ਤੋਂ ਜਾ ਕੇ ਪਿੰਡ ਖੇਡ (ਨਜ਼ਦੀਕ ਪੂਣੇ, ਮਹਾਰਾਸ਼ਟਰ) ਵਿਚ ਵੱਸ ਗਿਆ ਸੀ। ਇੱਥੇ ਹੀ ਰਾਜਗੁਰੂ ਦਾ ਜਨਮ 24 ਅਗਸਤ 1908 ਨੂੰ ਹੋਇਆ। ਉਹ ਹਾਲੇ ਛੇ ਵਰ੍ਹਿਆਂ ਦਾ ਹੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਦੀ ਪਰਵਰਿਸ਼ ਉਸ ਦੇ ਵੱਡੇ ਭਰਾ ਨੇ ਕੀਤੀ। ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ 'ਚ ਨਹੀਂ ਲੱਗਦਾ ਸੀ। ਉਹ ਤਾਂ ਹਰ ਸਮੇਂ ਖੇਡਣ 'ਚ ਮਸਤ ਰਹਿੰਦਾ ਸੀ। ਜਦੋਂ ਉਸ ਦੇ ਵੱਡੇ ਭਰਾ ਨੇ ਉਸ 'ਤੇ ਪੜ੍ਹਾਈ ਕਰਨ ਲਈ ਜ਼ੋਰ ਪਾਇਆ ਤਾਂ ਉਹ ਖਾਲੀ ਹੱਥ ਘਰੋਂ ਭੱਜ ਗਿਆ। ਰਾਜਗੁਰੂ ਕਈ ਦਿਨਾਂ ਤੱਕ ਭੁੱਖਾ-ਪਿਆਸਾ ਰਿਹਾ। ਆਖਿਰ ਉਹ ਬਨਾਰਸ ਪਹੁੰਚ ਗਿਆ। ਉਥੇ ਸੰਸਕ੍ਰਿਤ ਦੇ ਇਕ ਅਧਿਆਪਕ ਨੇ ਉਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਹ ਅਧਿਆਪਕ ਉਸ ਨੂੰ ਪੜ੍ਹਾਉਂਦਾ ਘੱਟ ਸੀ, ਘਰ 'ਚ ਨੌਕਰਾਂ ਦੀ ਤਰ੍ਹਾਂ ਕੰਮ ਜ਼ਿਆਦਾ ਲੈਂਦਾ ਸੀ। ਰਾਜਗੁਰੂ ਉਥੇ ਵੀ ਟਿਕ ਨਾ ਸਕਿਆ। ਉਸ ਤੋਂ ਬਾਅਦ ਉਸ ਨੂੰ ਬਨਾਰਸ ਦੇ ਇਕ ਸਕੂਲ ਵਿਚ ਪੀ. ਟੀ. ਮਾਸਟਰ ਦੀ ਨੌਕਰੀ ਮਿਲ ਗਈ। ਇਹ ਨੌਕਰੀ ਉਸ ਦੀ ਮਨਪਸੰਦ ਵੀ ਸੀ। ਵਿਦਿਆਰਥੀਆਂ ਨਾਲ ਰਚ-ਮਿਚ ਗਿਆ।

ਇੱਥੇ ਬਨਾਰਸ 'ਚ ਰਹਿੰਦਿਆਂ ਹੀ ਭਾਰਤ ਦੇ ਮਹਾਨ ਕ੍ਰਾਂਤੀਕਾਰੀ, ਸ਼ਿਵ ਵਰਮਾ ਨੇ ਉਸ ਨਾਲ ਸੰਪਰਕ ਕੀਤਾ ਤੇ ਰਾਜਗੁਰੂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਚੱਲ ਰਹੇ ਸੰਘਰਸ਼ 'ਚ ਸ਼ਾਮਲ ਹੋਣ ਲਈ ਪ੍ਰੇਰਿਆ। ਰਾਜਗੁਰੂ ਆਜ਼ਾਦੀ ਦੇ ਸੰਘਰਸ਼ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਇਆ। ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਝ ਕਰਨਾ ਚਾਹੁੰਦਾ ਸੀ। ਉਸ ਨੇ ਗਰੀਬੀ ਦੀ ਜਹਾਲਤ ਤੇ ਭੁੱਖਮਰੀ ਦੇਖੀ ਸੀ ਤੇ ਉਹ ਭੁੱਖ ਨੂੰ ਬਰਦਾਸ਼ਤ ਕਰਨਾ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਦੇਸ਼ ਦੀ ਇਸ ਤਰ੍ਹਾਂ ਦੀ ਭੈੜੀ ਹਾਲਤ ਦਾ ਕਾਰਨ ਅੰਗਰੇਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਸੀ ਤੇ ਭਾਰਤ ਦਾ ਸਾਰਾ ਸਰਮਾਇਆ ਲੁੱਟ ਕੇ ਉਹ ਇੰਗਲੈਂਡ ਲਿਜਾ ਰਹੇ ਸਨ। ਉਹ ਜਲਦੀ ਹੀ ਕ੍ਰਾਂਤੀਕਾਰੀ ਦਲ ਵਿਚ ਸ਼ਾਮਲ ਹੋ ਗਿਆ ਤੇ ਲਾਹੌਰ ਪਹੁੰਚ ਗਿਆ। ਉਥੇ ਕ੍ਰਾਂਤੀਕਾਰੀ ਲਹਿਰ 'ਚ ਕੰਮ ਕਰਦਿਆਂ ਉਹ ਸਰਦਾਰ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਤੇ ਵਧੀਆ ਦੋਸਤ ਬਣ ਗਿਆ। ਉਹ ਸਰਦਾਰ ਭਗਤ ਸਿੰਘ ਜੀ ਦੀ ਬਹੁਤ ਪ੍ਰਸ਼ੰਸਾ ਕਰਦਾ ਸੀ। ਰਾਜਗੁਰੂ 'ਚ ਸ਼ੌਕ-ਏ-ਸ਼ਹਾਦਤ ਦਾ ਅਥਾਹ ਜਜ਼ਬਾ ਸੀ। ਉਹ ਹਰ ਸਮੇਂ, ਹਰ ਗੱਲ 'ਚ ਆਪਣਾ ਮੁਕਾਬਲਾ ਸਰਦਾਰ ਭਗਤ ਸਿੰਘ ਨਾਲ ਕਰਦਾ ਸੀ। ਉਹ ਚਾਹੁੰਦਾ ਸੀ ਕਿ ਦੇਸ਼ ਹਿਤ ਕੁਰਬਾਨ ਹੋਣ 'ਚ ਜੇ ਉਹ ਸਰਦਾਰ ਭਗਤ ਸਿੰਘ ਤੋਂ ਅੱਗੇ ਨਹੀਂ ਜਾ ਸਕਦਾ ਤਾਂ ਉਸ ਤੋਂ ਕਿਸੇ ਵੀ ਹਾਲਤ ਵਿਚ ਪਿੱਛੇ ਨਾ ਰਹੇ। ਜੋ ਕੰਮ ਭਗਤ ਸਿੰਘ ਕਰਦਾ ਸੀ, ਉਹੀ ਕੰਮ ਰਾਜਗੁਰੂ ਕਰਨਾ ਲੋਚਦਾ ਸੀ।



ਸਰਦਾਰ ਭਗਤ ਸਿੰਘ ਤੇ ਰਾਜਗੁਰੂ ਦੋਵੇਂ ਬਹੁਤ ਪੱਕੇ ਨਿਸ਼ਾਨੇਬਾਜ਼ ਸਨ। ਸੰਨ 1928 'ਚ ਜਦੋਂ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਉਪਰੰਤ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਅੰਗਰੇਜ਼ਾਂ ਤੋਂ ਇਸ ਅਪਮਾਨ ਦਾ ਬਦਲਾ ਲੈਣ ਦਾ ਫੈਸਲਾ ਲਿਆ ਤਾਂ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦੀ ਜ਼ਿੰਮੇਵਾਰੀ ਰਾਜਗੁਰੂ ਤੇ ਭਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਥਾਣੇ 'ਚੋਂ ਮੋਟਰ ਸਾਇਕਲ ਉੱਤੇ ਨਿਕਲ ਰਹੇ ਅੰਗਰੇਜ਼ ਅਫਸਰ ਉੱਤੇ ਰਾਜਗੁਰੂ ਨੇ ਗੋਲੀ ਚਲਾ ਦਿੱਤੀ ਪਰ ਇਹ ਸਕਾਟ ਨਹੀਂ ਸਾਂਡਰਸ ਸੀ। ਉਹ ਮੋਟਰ ਸਾਈਕਲ ਤੋਂ ਡਿੱਗ ਪਿਆ। ਡਿੱਗੇ ਪਏ ਅਫਸਰ ਉੱਤੇ ਦੋ ਗੋਲੀਆਂ ਭਗਤ ਸਿੰਘ ਨੇ ਵੀ ਚਲਾ ਦਿੱਤੀਆਂ। ਉਹ ਸਾਰੇ ਉਥੋਂ ਨਿਕਲ ਗਏ। ਜਦੋਂ ਸਾਰੇ ਇਕ ਥਾਂ ਇਕੱਠੇ ਹੋਏ ਤਾਂ ਸਭ ਰਾਜਗੁਰੂ ਦੀ ਤਾਰੀਫ਼ ਕਰਨ ਲੱਗੇ ਕਿ ਉਸ ਨੇ ਅਫਸਰ ਦੇ ਦਿਲ 'ਚ ਗੋਲੀ ਮਾਰੀ। 'ਨਹੀਂ, ਮੈਂ ਤਾਂ ਪੁੜਪੁੜੀ ਦਾ ਨਿਸ਼ਾਨਾ ਲਿਆ ਸੀ- ਪਿਸਤੌਲ ਹੀ ਨਿਕੰਮਾ ਸੀ- ਜਿਹੜਾ ਹਿੱਲ ਗਿਆ।' ਰਾਜਗੁਰੂ ਨੇ ਕਿਹਾ। ਉਹ ਬਹੁਤ ਹੀ ਸਿੱਧੇ ਸੁਭਾਅ ਦਾ ਪਰ ਮਘਦੇ ਜਜ਼ਬੇ ਵਾਲਾ ਕ੍ਰਾਂਤੀਕਾਰੀ ਸੀ। ਜਦੋਂ ਭਗਤ ਸਿੰਘ ਨੂੰ ਦਿੱਲੀ ਅਸੈਂਬਲੀ 'ਚ ਬੰਬ ਸੁੱਟਣ ਲਈ ਨਾਮਜ਼ਦ ਕੀਤਾ ਗਿਆ ਤਾਂ ਕਮੇਟੀ ਵਿਚ ਰਾਜਗੁਰੂ ਨੇ ਬਹੁਤ ਜ਼ੋਰ ਲਾਇਆ ਸੀ ਕਿ ਇਹ ਡਿਊਟੀ ਭਗਤ ਸਿੰਘ ਦੀ ਥਾਂ ਉਸ ਨੂੰ ਸੌਂਪੀ ਜਾਵੇ ਜਾਂ ਘੱਟੋ-ਘੱਟ ਉਸ ਨੂੰ ਭਗਤ ਸਿੰਘ ਦਾ ਸਾਥੀ ਬਣਾ ਕੇ ਉਥੇ ਭੇਜਿਆ ਜਾਵੇ। ਦੂਜੇ ਕ੍ਰਾਂਤੀਕਾਰੀਆਂ ਨੇ ਕਿਹਾ ਕਿ ਗ੍ਰਿਫਤਾਰੀ ਹੋਣ ਦੀ ਸੂਰਤ ਵਿਚ ਉਹ ਪਾਰਟੀ ਦਾ ਪੱਖ ਪੂਰੀ ਤਰ੍ਹਾਂ ਪੇਸ਼ ਨਹੀਂ ਕਰ ਸਕੇਗਾ ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਆਉਂਦੀ। ਉਹ ਝਾਂਸੀ ਗਿਆ। ਚੰਦਰ ਸ਼ੇਖਰ ਆਜ਼ਾਦ ਨਾਲ ਗੱਲ ਕੀਤੀ, ਮੈਨੂੰ ਅੰਗਰੇਜ਼ੀ ਵਿਚ ਬਿਆਨ ਤਿਆਰ ਕਰ ਦੇਣਾ, ਮੈਂ ਉਸ ਨੂੰ ਰੱਟ ਕੇ ਬੋਲ ਦੇਵਾਂਗਾ।' ਅਕਸਰ ਸੰਸਕ੍ਰਿਤ ਨੂੰ ਵੀ ਮੈਂ ਘੋਟਾ ਹੀ ਲਾਉਂਦਾ ਹਾਂ। ਪਰ ਰਾਜਗੁਰੂ ਦੀ ਇਹ ਮੰਗ ਪ੍ਰਵਾਨ ਨਾ ਹੋਈ। ਮਿਤੀ 6 ਅਪ੍ਰੈਲ 1929 ਨੂੰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਬੰਬ ਸੁੱਟਣ ਦੇ ਨਾਲ-ਨਾਲ ਲਾਹੌਰ ਸਾਜ਼ਿਸ਼ ਕੇਸ ਅਧੀਨ ਸੁਖਦੇਵ, ਭਗਤ ਸਿੰਘ, ਸ਼ਿਵ ਵਰਮਾ, ਗਯਾ ਪ੍ਰਸਾਦ, ਜਤਿੰਦਰਨਾਥ ਦਾਸ, ਜੈਦੇਵ ਕਪੂਰ, ਬਟੁਕੇਸ਼ਵਰ ਦੱਤ, ਕਮਲ-ਨਾਥ, ਭਗਵਾਨ ਦਾਸ ਮਹੌਰ, ਜਤਿੰਦਰ ਨਾਥ ਸਾਨਿਆਲ, ਆਸ਼ਾ ਰਾਮ, ਪ੍ਰੇਮ ਦੱਤ, ਦੇਸ਼ ਰਾਜ, ਮਹਾਂਬੀਰ ਸਿੰਘ, ਸੁਰੇਂਦਰ ਪਾਂਡੇ, ਅਜੇ ਘੋਸ਼ ਅਤੇ ਰਾਜਗੁਰੂ ਖਿਲਾਫ ਮੁਕੱਦਮਾ ਚੱਲਿਆ। ਚੰਦਰ ਸ਼ੇਖਰ ਫਰਾਰ ਆਜ਼ਾਦ ਸਨ। ਇਹ ਮੁਕੱਦਮਾ ਲਾਹੌਰ ਚੱਲਿਆ। ਅਕਤੂਬਰ 1930 ਨੂੰ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਸੁਖਦੇਵ ਅਤੇ ਭਗਤ ਸਿੰਘ ਦੇ ਨਾਲ-ਨਾਲ ਰਾਜਗੁਰੂ ਨੂੰ ਵੀ ਫਾਂਸੀ ਦੀ ਸਜਾ ਸੁਣਾਈ ਗਈ। ਰਾਜਗੁਰੂ ਬੇਹੱਦ ਖੁਸ਼ ਸੀ ਕਿਉਂਕਿ ਉਸ ਦੀ ਭਗਤ ਸਿੰਘ ਨਾਲ ਸ਼ਹੀਦ ਹੋਣ ਦੀ ਸੱਧਰ ਪੂਰੀ ਹੋਣ ਵਾਲੀ ਸੀ। ਲੋਕਾਂ 'ਚ ਇਹਨਾਂ ਸਜ਼ਾਵਾਂ ਵਿਰੁੱਧ ਖਾਰੀ ਰੋਸ ਸੀ। ਉਹਨਾਂ ਨੇ ਜਲਸੇ ਕੀਤੇ, ਜਲੂਸ ਕੱਢੇ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਨਾ ਦਿੱਤੀ ਜਾਵੇ ਪਰ ਪ੍ਰੀਵੀ ਕੌਂਸਲ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਉਨ੍ਹਾਂ ਨੂੰ 23 ਮਾਰਚ 1931 ਨੂੰ ਸ਼ਾਮ ਵੇਲੇ ਲਾਹੌਰ ਜੇਲ੍ਹ ਅੰਦਰ ਫਾਂਸੀ 'ਤੇ ਚੜ੍ਹਾਉਣ ਦੀ ਵਿਉਂਤ ਬਣਾਈ ਗਈ। ਭਾਰਤ ਮਾਂ ਦੇ ਇਹ ਤਿੰਨੋਂ ਲਾਲ ਕਾਲ-ਕੋਠੜੀ ਤੋਂ 'ਇਨਕਬਾ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਫਾਂਸੀ ਘਰ ਵੱਲ ਵਧੇ ਅਤੇ ਉਹਨਾਂ ਨੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ ਤੇ ਦੇਸ਼ ਲਈ ਸ਼ਹੀਦ ਹੋ ਗਏ।

ਫਾਂਸੀ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਮ੍ਰਿਤਕ ਸਰੀਰ ਇਹਨਾਂ ਦੇ ਵਾਰਸਾਂ ਨੂੰ ਨਹੀਂ ਦਿੱਤੇ ਕਿਉਂਕਿ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਜੇਲ੍ਹ ਦਾ ਘਿਰਾਓ ਕੀਤਾ ਹੋਇਆ ਸੀ ਤੇ ਜੇਲ੍ਹ ਦੇ ਬਾਹਰ ਸਰਕਾਰ ਦੇ ਖਿਲਾਫ ਨਾਅਰੇ ਵੱਜ ਰਹੇ ਸਨ ਤੇ ਸਰਕਾਰ ਨੂੰ ਡਰ ਸੀ ਕਿ ਜੇਕਰ ਇਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਗਈਆਂ ਤਾਂ ਲੋਕ ਜ਼ਿਆਦਾ ਭੜਕਣਗੇ ਤੇ ਹੋ ਸਕਦਾ ਹੈ ਕਿ ਸਾਰੇ ਦੇਸ਼ 'ਚ ਅੰਗਰੇਜ਼ ਸਰਕਾਰ ਦੇ ਖਿਲਾਫ ਲੋਕ ਸੜਕਾਂ ਤੇ ਆ ਜਾਣਗੇ ਤੇ ਸਰਕਾਰ ਲਈ ਹਾਲਾਤ 'ਤੇ ਕਾਬੂ ਪਾਉਣਾ ਮੁਸ਼ਕਿਲ ਹੋਵੇਗਾ। ਇਸੇ ਗੱਲੋਂ ਡਰਦਿਆਂ ਸਰਕਾਰ ਨੇ ਫਾਂਸੀ ਦੀ ਅਸਲ ਤਾਰੀਖ ਜਿਹੜੀ ਕਿ 24 ਮਾਰਚ 1931 ਸੀ, ਪਰ ਉਕਤ ਡਰੋਂ, ਉਸਨੇ ਇਕ ਦਿਨ ਪਹਿਲਾਂ ਹੀ 23 ਮਾਰਚ 1931 ਨੂੰ ਇਹਨਾਂ ਤਿੰਨਾਂ ਨੂੰ ਫਾਂਸੀ 'ਤੇ ਚਾੜ੍ਹ ਦਿੱਤਾ ਤੇ ਇਹਨਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ ਤਾਂ ਕਿ ਇਹ ਜਲਦੀ ਜਲ ਜਾਣ, ਬੋਰਿਆਂ 'ਚ ਪਾ ਲਿਆ ਤੇ ਲਾਸ਼ਾਂ ਜੇਲ੍ਹ ਦੇ ਪਿਛਵਾੜਿਉਂ ਦੀ, ਲੋਕਾਂ ਤੋਂ ਅੱਖ ਬਚਾਅ ਕੇ ਕੱਢ ਲਿਆ ਤੇ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਦੇ ਕਿਨਾਰੇ ਤੇਲ ਪਾ ਕੇ ਜਲਾ ਦਿੱਤਾ। ਜਦੋਂ ਉਥੋਂ ਦੇ ਸਥਾਨਕ ਲੋਕਾਂ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖੀ ਤਾਂ ਲੋਕ ਇੱਕਤਰ ਹੋ ਗਏ ਤੇ ਪੁਲਿਸ ਅੱਧ ਜਲੀਆਂ ਲਾਸ਼ਾਂ ਨੂੰ ਦਰਿਆ 'ਚ ਸੁੱਟਣ ਦਾ ਯਤਨ ਕਰਦੀ ਹੋਈ, ਦੌੜ ਗਈ। ਲੋਕਾਂ ਨੇ ਲਾਸ਼ਾਂ ਦੇ ਟੁਕੜੇ ਇਕੱਠੇ ਕਰਕੇ ਤਿੰਨਾਂ ਹੀ ਮਹਾਨ ਕ੍ਰਾਂਤੀਕਾਰੀਆਂ ਦਾ ਅੰਤਿਮ ਸੰਸਕਾਰ ਉਥੇ ਹੀ ਦਰਿਆ ਸਤਲੁਜ ਦੇ ਕਿਨਾਰੇ 'ਤੇ ਕਰ ਦਿੱਤਾ। ਇਸ ਘਟਨਾ ਤੋਂ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੰਗਰੇਜ਼ ਸਰਕਾਰ ਆਜ਼ਾਦੀ ਦੀ ਮੰਗ ਕਰਨ ਵਾਲੇ ਦੇਸ਼ ਭਗਤ, ਕ੍ਰਾਂਤੀਕਾਰੀਆਂ ਪ੍ਰਵਾਨਿਆਂ 'ਤੇ ਕਿੰਨੀ ਬਰਬਰਤਾ ਤੇ ਕਰੂਰ ਵਤੀਰੇ ਨਾਲ ਪੇਸ਼ ਆਉਂਦੀ ਸੀ। ਇਸੇ ਜਗ੍ਹਾ ਤੇ ਇਹਨਾਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਯਾਦ 'ਚ ਇਹਨਾਂ ਤਿੰਨਾਂ ਦੀਆਂ ਸਮਾਧਾਂ, ਇਸ ਗੱਲ ਦਾ ਪ੍ਰਤੀਕ ਹਨ।

# ਪੰਜਾਬ ਵਿਚ ਬਹੁਤ ਤੇਜੀ ਨਾਲ ਵੱਧ ਰਹੀ ਹੈ ਹੈਪੇਟਾਈਟਸ-ਸੀ ਬਿਮਾਰੀ

**ਲੁਧਿਆਣਾ** – ਹਰ ਸਾਲ 28 ਜੁਲਾਈ ਦਾ ਦਿਨ ਸੰਸਾਰ ਭਰ ਵਿਚ ਲੋਕਾਂ ਨੂੰ ਨਾਮੁਰਾਦ ਬਿਮਾਰੀ ਹੈਪੇਟਾਈਟਸ ਤੋਂ ਬਚਾਅ ਲਈ ਜਾਗਰੁਕਤਾ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ। ਕੌਮਾਂਤਰੀ ਹੈਪੇਟਾਈਟਸ ਦਿਵਸ ਮੌਕੇ ਫੋਰਟਿਸ ਹਸਪਤਾਲ ਲੁਧਿਆਣਾ 'ਚ ਕਰਵਾਏ ਗਏ ਸਮਾਗਮ ਦੌਰਾਨ ਪੇਟ ਰੋਗਾਂ ਦੇ ਮਾਹਿਰ ਡਾ: ਨਿਤਿਨ ਬਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਸਿਹਤ ਸੰਗਠਨ ਨੇ ਸੰਸਾਰ ਦੇ ਸਾਰੇ ਗੈਸਟ੍ਰੋਇੰਟਰੋਲੋਜਿਸਟਾਂ ਨੂੰ ਵਾਇਰਲ ਹੈਪਾਟਾਈਟਸ ਨੂੰ ਹਰਾਉਣ ਦਾ ਮਿਸ਼ਨ ਦਿੱਤਾ ਹੈ।

ਇਸ ਮੌਕੇ ਹਸਪਤਾਲ 'ਚ ਕਰਵਾਏ ਗਏ ਵੈਬੀਨਾਰ ਰਾਹੀਂ 100 ਤੋਂ ਵੱਧ ਮਰੀਜ਼ਾਂ ਨਾਲ ਗੱਲਬਾਤ ਕਰਕੇ ਹੈਪਾਟਾਈਟਸ ਦਿਵਸ ਨੂੰ ਮਨਾਇਆ। ਇਸ ਦੌਰਾਨ ਪੇਟ ਅਤੇ ਜਿਗਰ ਦੇ ਇੰਸਟੀਚਿਊਟ ਦੇ ਐਡੀਸ਼ਨਲ ਡਾਇਰੈਕਟਰ ਡਾ. ਨਿਤਿਨ ਬਹਿਲ ਨੇ ਕਿਹਾ ਕਿ ਅਸੁਰ-ਖਿਅਤ ਸਰਜਰੀ ਤੇ ਅਸੁਰੱਖਿਅਤ ਟੀਕਾ ਲਗਾਉਣਾ ਹੈਪਾਟਾਈਟਸ ਨੂੰ ਫ਼ੈਲਾਉਣ ਲਈ ਜ਼ਿੰਮੇਵਾਰ ਹੈ।

ਪੰਜਾਬ 'ਚ ਇਕੋ ਸੂਈ ਦਾ ਵੱਧ ਲੋਕਾਂ ਵਲੋਂ ਇਸਤੇਮਾਲ ਕਰਨਾ ਇਸਦਾ ਕਾਰਨ ਹੈ। ਕਈ ਲੋਕ ਟੈਟੂ ਬਣਵਾਉਂਦੇ ਸਮੇਂ ਹੈਪਾਟਾਈਟਸ-ਸੀ ਦਾ ਸ਼ਿਕਾਰ ਹੋ ਜਾਂਦੇ ਹਨ। ਟੀਕੇ ਨਾਲ ਨਸ਼ਾ ਲੈਣ ਤੇ ਇਕ ਹੀ ਸੂਈ ਨਾਲ ਟੈਟੂ ਬਣਵਾਉਣ ਵਾਲੇ ਲੋਕਾਂ ਵਿਚ ਹੈਪਾਟਾਈਟਸ ਸੀ ਫੈਲਣ ਦਾ ਖ਼ਤਰਾ 7-8 ਗੁਣਾ ਵੱਧ ਹੁੰਦਾ ਹੈ। ਪੰਜਾਬ 'ਚ ਨਸ਼ੇ ਲੈਣ ਅਤੇ ਟੈਟੂ ਬਣਵਾਉਣ ਦਾ ਵੱਧ ਰੁਝਾਨ ਹੋਣ ਕਾਰਣ ਇਸਨੂੰ ਹੈਪਾਟਾਈਟਸ - ਸੀ ਦੀ ਰਾਜਧਾਨੀ ਬਣ ਗਿਆ ਹੈ। ਪੇਟ ਰੋਗਾਂ ਦੇ ਮਾਹਿਰ ਡਾ. ਦੀਪਕ ਨਾਰੰਗ ਨੇ ਕਿਹਾ ਕਿ ਹੈਪਾਟ-ਾਈਟਸ ਸੀ ਨੂੰ ਰੋਕਣ ਲਈ ਫਿਲਹਾਲ ਕੋਈ ਵੈਕਸੀਨ ਨਹੀਂ ਬਣੀ ਹੈ।

ਇਸ ਕਾਰਨ ਇਹ ਬੀਮਾਰੀ ਜਿਗਰ ਦਾ ਕੈਂਸਰ ਦਾ ਕਾਰਨ ਵੀ ਬਣ ਰਹੀ ਹੈ। ਉਨ੍ਹਾਂ ਕਿਹਾ ਹਰ ਸਾਲ ਹੈਪਾਟਾਇਟਸ ਸੀ ਦੇ ਕਾਰਨ ਹੋਣ ਵਾਲੀਆਂ ਜਿਗਰ ਦੀਆਂ ਬੀਮਾਰੀਆਂ ਨਾਲ ਹਰ ਸਾਲ 5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸੰਸਾਰ ਪ੍ਰਸਿੱਧ ਪੇਟ ਰੋਗਾਂ ਦੇ ਮਾਹਿਰ ਡਾ. ਸੰਦੀਪ ਸਿੱਧੂ ਨੇ ਸਿੱਧੂ ਗੈਸਟਰੋ ਕਲੀਨਿਕ ਕਿਚਲੂ ਨਗਰ ਲੁਧਿਆਣਾ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਦੱਸਿਆ ਕਿ ਸੰਸਾਰ ਭਰ 'ਚ ਲਗਭਗ 325 ਮਿਲੀਅਨ ਲੋਕ ਹੈਪੇਟਾਈਟਸ ਬੀ ਅਤੇ ਸੀ ਤੋਂ ਪ੍ਰਭਾਵਿਤ ਹਨ ਅਤੇ ਉਨ੍ਹਾਂ ਵਿਚੋਂ 40 ਮਿਲੀਅਨ ਲੋਕ ਕੇਵਲ ਭਾਰਤ ਵਿਚ ਹਨ। ਉਨ੍ਹਾਂ ਦੱਸਿਆ ਕਿ ਦੋਵੇਂ ਕਿਸਮ ਦੇ ਵਾਇਰਸ ਜਿਗਰ ਕੈਂਸਰ ਨੂੰ ਜਨਮ ਦਿੰਦੇ ਹਨ। ਇਸ ਲਈ ਮੌਕੇ ਸਿਰ ਇਲਾਜ ਕਰਵਾ ਕੇ ਹੈਪੇਟਾਈਟਸ ਬੀ ਅਤੇ ਸੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

# ਹੁਣ ਮਹਾਮਾਰੀ ਦੌਰਾਨ ਖਾਓ ਸਪੈਸ਼ਲ ਕੋਰੋਨਾ ਡਿਸ਼!


ਜੋਧਪੁਰ - ਕੋਰੋਨਾਵਾਇਰਸ ਮਹਾਮਾਰੀ ਦੇ ਦੌਰਾਨ ਬਿਮਾਰੀ ਦੇ ਡਰੋਂ ਲੋਕਾਂ ਨੇ ਅੱਜਕੱਲ੍ਹ ਰੈਸਟੋਰੈਂਟ ਜਾਣਾ ਬਿਲਕੁਲ ਬੰਦ ਕਰ ਦਿੱਤਾ ਹੈ। ਲੌਕਡਾਊਨ ਦੇ ਖੁੱਲ੍ਹ ਜਾਣ ਤੋਂ ਬਾਅਦ ਵੀ ਲੋਕ ਡਰੇ ਹੋਏ ਹਨ ਜਿਸ ਕਰਕੇ ਰੈਸਟੋਰੈਂਟਾਂ ਦੇ ਵਿੱਚ ਗਾਹਕਾਂ ਦੀ ਕੋਈ ਭੀੜ ਨਹੀਂ ਹੈ। ਇਸ ਦੌਰਾਨ ਗਾਹਕਾਂ ਨੂੰ ਲੁਭਾਉਣ ਲਈ ਰੈਸਟੋਰੈਂਟਾਂ ਵਾਲੇ ਨਵੇਂ-ਨਵੇਂ ਆਫਰ ਪੇਸ਼ ਕਰ ਰਹੇ ਹਨ ਅਤੇ ਨਵੇਂ-ਨਵੇਂ ਤਜ਼ਰਬੇ ਕਰ ਰਹੇ ਹਨ। ਇਸੇ ਤਰ੍ਹਾਂ ਰਾਜਸਥਾਨ ਦੇ ਜੋਧਪੁਰ ਵਿੱਚ ਇੱਕ ਰੈਸਟੋਰੈਂਟ ਨੇ ਗਾਹਕਾਂ ਨੂੰ ਆਕਰਸ਼ਤ ਕਰਨ ਦੇ ਲਈ ਕੋਰੋਨਾ ਦੇ ਨਾਮ 'ਤੇ ਇੱਕ ਵਿਸ਼ੇਸ਼ ਮੀਨੂੰ ਤਿਆਰ ਕੀਤਾ ਹੈ ਜਿਸ ਵਿੱਚ ਕੋਵਿਡ ਕਰੀ ਅਤੇ ਮਾਸਕ ਨਾਨ ਨੂੰ ਇੱਕ ਵੱਖਰੇ ਅੰਦਾਜ਼ ਵਿੱਚ ਇੱਕ ਸੁਆਦੀ ਪਕਵਾਨ ਵਜੋਂ ਪਰੋਸਿਆ ਜਾ ਰਿਹਾ ਹੈ। ਖਾਸ ਗੱਲ ਇਹ ਹੈ ਕਿ ਇਸ ਰੈਸਟੋਰੈਂਟ ਦੇ ਸ਼ੈਫ ਨੇ ਕਰੀ ਨੂੰ ਕੋਰੋਨਾ ਵਾਇਰਸ ਦੀ ਇੱਕ ਕਾਲਪਨਿਕ ਤਸਵੀਰ ਵਰਗਾ ਬਣਾਇਆ ਹੈ ਜਦਕਿ ਨਾਨ ਨੂੰ ਮਾਸਕ ਦੀ ਸ਼ਕਲ ਵਰਗਾ ਬਣਾਇਆ ਗਿਆ ਹੈ। ਇਸ ਰੈਸਟੋਰੈਂਟ ਦਾ ਇਹ ਆਈਡੀਆ ਸੋਸ਼ਲ ਮੀਡੀਆ 'ਤੇ ਕਾਫੀ ਹਿੱਟ ਹੋ ਰਿਹਾ ਹੈ ਅਤੇ ਇਸ ਡਿਸ਼ ਦੀਆਂ ਫੋਟੋਆਂ 'ਤੇ ਲੋਕ ਵੱਖਰੇ ਪ੍ਰਤੀਕਰਮ ਦੇ ਰਹੇ ਹਨ। ਜੋਧਪੁਰ ਦੇ ਵੈਦਿਕ ਮਲਟੀ-ਕਿਚਨ ਰੈਸਟੋਰੈਂਟ ਦੇ ਸ਼ੈਫ ਨੇ ਇਸ ਦੀ ਜਾਣਕਾਰੀ ਦਿੰਦਿਆ ਦੱਸਿਆ ਹੈ ਕਿ ਕੋਵਿਡ ਕਰੀ ਦੇ ਤੌਰ 'ਤੇ ਸਾਡੇ ਕੋਲ ਵਿਸ਼ੇਸ਼ ਮਲਾਈ ਕੋਫ਼ਤਾ ਹੈ। ਇਹ ਮਲਾਈ ਕੋਫ਼ਤਾ ਲੌਕੀ, ਮਸਾਲੇ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਤੋਂ ਬਣਾਇਆ ਜਾਂਦਾ ਹੈ ਜਦਕਿ ਇਸ ਦਾ ਆਕਾਰ ਹੀ ਇਸਦਾ ਮੁੱਖ ਆਕਰਸ਼ਣ ਹੈ। ਇਸ ਨੂੰ ਕੋਰੋਨਾ ਵਾਇਰਸ ਦੀ ਦਿੱਖ ਦੇਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸੇ ਸਮੇਂ ਆਮ ਨਾਨ ਨੂੰ ਇਸਦੇ ਨਾਲ ਸੰਪੂਰਨ ਸੰਯੋਗ ਬਣਾਉਣ ਲਈ ਇੱਕ ਮਾਸਕ ਦੀ ਸ਼ਕਲ ਦਿੱਤੀ ਜਾਂਦੀ ਹੈ ਜਿਸ ਨਾਲ ਇਹ ਪਲੇਟ ਦੇ ਵਿੱਚ ਵੱਖਰੇ ਰੂਪ ਦੇ ਵਿੱਚ ਦਿਖਾਈ ਦਿੰਦੇ ਹਨ। ਵੈਦਿਕ ਮਲਟੀ-ਕਿਚਨ ਰੈਸਟੋਰੈਂਟ ਇੱਕ ਸ਼ੁੱਧ ਸ਼ਾਕਾਹਾਰੀ ਜੈਨ ਰੈਸਟੋਰੈਂਟ ਹੈ। ਕੋਵਿਡ ਕਰੀ ਅਸਲ ਵਿੱਚ ਮਲਾਈ ਕੋਫ਼ਤਾ ਕਰੀ ਦਾ ਇੱਕ ਨਵਾਂ ਰੂਪ ਹੈ। ਇਸ ਕੋਵਿਡ ਕਰੀ ਦੀ ਕੀਮਤ 220 ਰੁਪਏ ਹੈ ਜਦੋਂ ਕਿ ਨਾਨ ਦੀ ਕੀਮਤ 40 ਰੁਪਏ ਹੈ। ਇਸ ਡਿਸ਼ ਨੂੰ ਤਿਆਰ ਕਰਨ ਦੇ ਵਿੱਚ ਸ਼ੈਫ ਨੇ ਆਪਣੀ ਕਲਾਤਮਿਕਤਾ ਦਿਖਾਈ ਹੈ ਜੋ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ ਅਤੇ ਲੋਕਾਂ ਦੀ ਵਾਹ-ਵਾਹ ਖੱਟ ਰਹੀ ਹੈ।



# ਮਾਸਟਰ ਕੁੰਦਨ ਲਾਲ ਪਾਲ ਜੀ ਦੀ ਗਜ਼ਲ 'ਤੇਰੇ ਸ਼ਹਿਰ' ਦਾ ਪੰਜਾਬੀ ਸੰਗੀਤ ਜਗਤ ਵਿਚ ਚਰਚਾ



Late Sh. Kundan Lal Pal
June 15th 1950 - July 11th 2019 (69 Years)





15 ਜੂਨ 2020 ਨੂੰ ਮਾਸਟਰ ਕੁੰਦਨ ਲਾਲ ਪਾਲ ਜੀ ਦੀ ਧਰਮ ਪਤਨੀ ਅਤੇ ਉਹਨਾਂ ਦੇ ਬੱਚਿਆਂ ਵੱਲੋਂ ਉਹਨਾਂ ਦੇ 70ਵੇਂ ਜਨਮ ਦਿਨ ਤੇ ਇਸ ਗਜ਼ਲ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਉਸਤੋਂ ਉਪਰੰਤ 11 ਜੁਲਾਈ 2020 ਨੂੰ ਉਹਨਾਂ ਦੀ ਪਹਿਲੀ ਬਰਸੀ ਤੇ ਉਹਨਾਂ ਦੀ ਨਿੱਘੀ ਯਾਦ ਵਿਚ ਇਸ ਗਜ਼ਲ ਨੂੰ ਪੂਰੀ ਦੁਨੀਆਂ ਵਿਚ ਜਪਸ ਮਿਊਜ਼ਿਕ ਪੰਜਾਬ ਅਤੇ ਪਾਲ ਇੰਟਰਟੇਨਮੈਂਟ ਯੂ. ਐਸ. ਏ. ਵੱਲੋਂ ਰਿਲੀਜ਼ ਕੀਤਾ ਗਿਆ।

ਇਸ ਗਜ਼ਲ ਦਾ ਫਿਲਮਾਂਕਣ ਪਾਲ ਫਿਲਮਜ਼ ਯੂ. ਐਸ. ਏ. ਵੱਲੋਂ ਕੀਤਾ ਗਿਆ ਹੈ ਅਤੇ ਪੰਜਾਬੀ ਦੇ ਨਾਮਵਰ ਕਲਾਕਾਰ ਭਾਰਤ ਦੀ ਸ਼ਾਨ ਅਤੇ ਪੰਜਾਬ ਦੀ ਜਾਨ ਦਿਲਜਾਨ ਨੇ ਇਸ ਨੂੰ ਆਪਣੀ ਦਿਲਕਸ਼ ਆਵਾਜ਼ ਵਿਚ ਗਾਇਆ ਹੈ, ਜਿਸਨੂੰ ਬੀਟ ਬ੍ਰੇਕਰਜ਼ ਵੱਲੋਂ ਸੰਗੀਤ ਦਿੱਤਾ ਗਿਆ ਹੈ। ਇਸ ਫਿਲਮਾਂਕਣ ਦੇ ਨਿਰਦੇਸ਼ਕ ਰਿੱਕੀ ਪਾਲ ਅਤੇ ਪ੍ਰੋਡਿਊਸਰ ਸ੍ਰੀਮਤੀ ਗੁਰਬਖਸ਼ ਕੌਰ ਜੀ ਹਨ। ਇਸਦੀ ਪੇਸ਼ਕਸ਼ ਜਾਪਸ ਮਿਊਜ਼ਿਕ ਕੰਪਨੀ ਪੰਜਾਬ ਅਤੇ ਪਾਲ ਇੰਟਰਟੇਨਮੈਂਟ ਯੂ. ਐਸ. ਏ. ਵੱਲੋਂ ਕੀਤੀ ਹੈ।

ਨਿਰਦੇਸ਼ਕ ਰਿੱਕੀ ਪਾਲ ਅਤੇ ਉਹਨਾਂ ਦੀ ਟੀਮ ਦੁਆਰਾ ਇਸ ਗਜ਼ਲ ਨੂੰ ਪੰਜਾਬ ਦੀਆਂ ਵੱਖ-ਵੱਖ ਥਾਵਾਂ ਉਪਰ ਫਿਲਮ-ਾਇਆ ਗਿਆ। ਪਰਦੇ ਉਪਰ ਜਿੱਥੇ ਅਦਾਕਾਰ ਗਗਨ ਅਤੇ ਅਦਾਕਾਰਾ ਗਰਿਮਾ ਨੇ ਆਪਣੀ ਕਲਾ ਨਾਲ ਪੇਸ਼ਕਸ਼ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ, ਉਥੇ ਪੰਜਾਬੀ ਗਾਇਕੀ ਦੇ ਚਮਕਦੇ ਸਿਤਾਰੇ ਦਿਲਜਾਨ ਨੇ ਬਹੁਤ ਘੱਟ ਸਮੇਂ ਵਿਚ ਸਖਤ ਮਿਹਨਤ ਕਰਕੇ ਇਸ ਗਜ਼ਲ ਨੂੰ ਢੁਕਵੀਂ ਆਵਾਜ਼ ਅਤੇ ਤਰਜ਼ ਦਾ ਰੰਗ ਦਿੱਤਾ।

ਹੈਰਾਨੀ ਵਾਲੀ ਗੱਲ ਹੈ ਕਿ ਇਹ ਸਾਰਾ ਪ੍ਰੋਜੈਕਟ ਮਹਿਜ਼ 3 ਦਿਨਾਂ ਵਿਚ ਪੂਰਾ ਕਰ ਦਿੱਤਾ ਗਿਆ, ਜਿਸ ਲਈ ਪੰਜਬੀ ਗਾਇਕ ਦਿਲਜਾਨ, ਵੀਡੀਓ ਨਿਰਦੇਸ਼ਕ ਰਿੱਕੀ ਪਾਲ ਅਤੇ ਪ੍ਰੋਡਿਊਸਰ ਸ੍ਰੀਮਤੀ ਗੁਰਬਖਸ਼ ਕੌਰ ਜੀ ਦੀ ਹਿੰਮਤ ਸ਼ਲਾਘਾਯੋਗ ਹੈ। ਉਥੇ ਹੀ ਨਾਲ ਹੈਪੀ ਸ਼ਰਮਾ, ਵਿੱਕੀ ਪਾਲ, ਨੂਤਨ ਪਾਲ, ਅਮਨਦੀਪ ਪਾਲ, ਹੈਰੀ ਸਿੰਘ, ਸੀਮਾ ਪਾਲ ਅਤੇ ਰਾਜਵੀਰ ਸਿੰਘ ਹੁਰਾਂ ਦੇ ਸਹਯੋਗ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਜਿਹਨਾਂ ਦੇ ਭਰਪੂਰ ਹੁੰਗਾਰੇ ਨਾਲ ਹੀ ਇਹ ਪ੍ਰੋਜੈਕਟ ਆਪਣੇ ਮੁਕਾਮ ਤੇ ਪਹੁੰਚ ਸਕਿਆ।

ਯੂਟਿਊਬ ਉਪਰ ਰਿਲੀਜ਼ ਹੋਣ ਤੋਂ ਬਾਅਦ ਤਿੰਨ ਹਫਤਿਆਂ ਅੰਦਰ ਇਸ ਗਜ਼ਲ ਨੂੰ 11 ਲੱਖ (1.1 ਮਿਲੀਅਨ) ਲੋਕਾਂ ਨੇ ਦੇਖਿਆ ਅਤੇ ਸੁਣਿਆ ਹੈ। ਸਰੋਤਿਆਂ ਦੇ ਇਸ ਹੁੰਗਾਰੇ ਤੋਂ ਇੰਝ ਜਾਪ ਰਿਹਾ ਹੈ ਕਿ ਇਹ ਗਜ਼ਲ ਪੰਜਾਬੀ ਸੰਗੀਤਕ ਦੁਨੀਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਇਸਨੂੰ ਦੇਖਣ-ਸੁਣਨ ਵਾਲੇ ਇਸਦੀ ਬਹੁਤ ਪ੍ਰਸ਼ੰਸਾ ਕਰ ਰਹੇ ਹਨ। ਜਪਸ ਮਿਊਜ਼ਿਕ ਦੇ ਕਹਿਣ ਤੇ ਇਸ ਗਜ਼ਲ ਦੇ ਅੰਗਰੇਜ਼ੀ ਭਾਸ਼ਾ ਵਿਚ ਸਬਟਾਈਟਲ ਰਜਿੰਦਰ ਆਜ਼ਾਦ ਦੁਆਰਾ ਕੀਤੇ ਗਏ ਹਨ।

ਇਹ ਗਜ਼ਲ ਜਨਾਬ ਕੁੰਦਨ ਲਾਲ ਜੀ ਦੀਆਂ ਚੋਣਵੀਆਂ ਗਜ਼ਲਾਂ ਵਿਚੋਂ ਇਕ ਹੈ ਅਤੇ ਇਸਦੀ ਦਿਲ ਖਿੱਚਵੀਂ ਤਰਜ਼ ਵੀ ਉਹਨਾਂ ਦੁਆਰਾ ਹੀ ਤਿਆਰ ਕੀਤੀ ਗਈ ਹੈ। ਉਹ ਇਸ ਗਜ਼ਲ ਨੂੰ ਅਕਸਰ ਸਾਹਿਤਕ ਮਹਿਫਲਾਂ ਅੰਦਰ ਤਰੰਨਮ ਦੇ ਅੰਦਾਜ਼ ਵਿਚ ਸਭ ਦੇ ਰੂਬਰੂ ਕਰਦੇ ਹੁੰਦੇ ਸੀ।

ਅੱਜ ਦੇ ਦੌਰ ਵਿਚ ਇਸ ਗਜ਼ਲ ਦਾ ਆਉਣਾ ਅਤੇ ਸਰੋਤਿਆਂ ਵੱਲੋਂ ਭਰਪੂਰ ਹੁੰਗਾਰਾ ਮਿਲਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗਜ਼ਲ ਅਜੇ ਵੀ ਜ਼ਿੰਦਾ ਹੈ। ਅਜੋਕੇ ਪੰਜਾਬੀ ਸੰਗੀਤ ਵਿਚ ਐਸੀਆਂ ਗਜ਼ਲਾਂ ਦੀ ਘਾਟ ਮਹਿਸੂਸ ਹੁੰਦੀ ਹੈ ਪਰ ਗਾਇਕ ਦਿਲਜਾਨ ਅਤੇ ਨਿਰਦੇਸ਼ਕ ਰਿੱਕੀ ਪਾਲ ਦੇ ਯਤਨਾਂ ਸਦਕਾ ਇਸ ਘਾਟ ਨੂੰ ਪੂਰਾ ਕਰਨ ਦੀ ਜੋ ਸਫਲ ਕੋਸ਼ਿਸ਼ ਹੋਈ ਹੈ, ਉਸਦਾ ਸਵਾਗਤ ਅਤੇ ਸ਼ਲਾਘਾ ਕਰਨੀ ਬਣਦੀ ਹੈ।

ਤੁਸੀਂ ਅਜੇ ਜੇਕਰ ਇਸ ਗਜ਼ਲ ਦਾ ਅਨੰਦ ਨਹੀਂ ਮਾਣਿਆ ਹੈ ਤਾਂ ਤੁਸੀਂ ਇਸਨੂੰ ਯੂਟਿਊਬ, ਜੀਓਸਾਵਨ, ਗਾਨਾ, ਆਈਟਿਊਨਜ਼, ਐਪਲ ਮਿਊਜ਼ਿਕ ਅਤੇ ਸਪੌਟੀਫਾਈ ਉਪਰ ਵੀ ਦੇਖ ਅਤੇ ਸੁਣ ਸਕਦੇ ਹੋ।

**- ਰਾਜਿੰਦਰ ਆਜ਼ਾਦ**
**ਕਲੋਵਸ, ਕੈਲੇਫੋਰਨੀਆ**

## ਜ਼ਿੰਦਗੀ ਦਾ ਸ਼ਾਮ

ਰਾਮ ਜੀ, ਕਈ ਦਿਨ ਇਸ ਪੇੜ ਹੇਠ ਕਈ ਘੰਟੇ ਬੈਠੇ ਰਹਿੰਦੇ ਸਨ।

ਉਨ੍ਹਾਂ ਨੂੰ ਇੱਥੇ ਆਈਆਂ ਬਹੁਤ ਲੰਮਾ ਸਮਾਂ ਹੋ ਗਿਆ ਹੈ, ਪਰ ਉਹ ਇੱਥੇ ਦੇ ਆਲੇ ਦੁਆਲੇ ਦੀ ਸਥਿਤੀ ਨੂੰ ਅੱਗੇ ਵਧਾਉਣ ਦੇ ਯੋਗ ਨਹੀਂ ਹੋਏ ਹਨ, ਇਸ ਯੁਗ ਵਿਚ ਨਵੀਂ ਜਗ੍ਹਾ ਲੱਭਣਾ ਬਹੁਤ ਮੁਸ਼ਕਲ ਹੈ. ਪਰ ਮੈਂ ਬਹੁਤ ਅਸਹਿਜ ਮਹਿਸੂਸ ਕੀਤਾ, ਪਰ ਹੌਲੀ ਹੌਲੀ ਮੈਂ ਆਪਣੀ ਕਿਸਮਤ ਨੂੰ ਸਵੀਕਾਰ ਕਰ ਲਿਆ. ਆਪਣੇ ਪਰਿਵਾਰ ਤੋਂ ਦੂਰ ਰਹਿਣਾ ਕਿੰਨਾ ਮੁਸ਼ਕਲ ਹੈ? ਜਿਸਦੇ ਨਾਲ ਤੁਸੀਂ ਆਪਣਾ ਸਾਰਾ ਜੀਵਨ ਬਤੀਤ ਕੀਤਾ ਹੈ. ਅਤੇ ਬੁੱਢਾਪੇ ਵਿੱਚ ਵਰਿਧ ਆਸ਼ਰਮ ਵਿੱਚ ਛੱਡ ਦੇਣਾ, ਨਾ ਜਾਣ ਦੇ ਬਾਵਜੂਦ, ਮੇਰੇ ਪੈਰ ਰਾਮ ਬਾਬੂ, ਭਾਵ ਵੱਡੇ ਬਾਬੂ ਵੱਲ ਚਲੇ ਗਏ. ਉਸ ਬਾਬੂ ਨੂੰ ਪਿਆਰ ਨਾਲ ਵੱਡੇ ਬਾਬੂ ਜੀ ਕਹਿੰਦੇ ਸਨ. ਉਸਨੇ ਮੈਨੂੰ ਨੇੜੇ ਆਉਂਦੇ ਵੇਖਿਆ ਆਪਣੇ ਚਿਹਰੇ 'ਤੇ ਮੁਸਕਰਾਹਟ ਫੈਲਾਈ. ਉਹ ਆਪਣੇ ਅੰਦਰੂਨੀ ਦਰਦ ਨੂੰ ਸਾਹਮਣੇ ਲੁਕਾਉਂਦੇ ਆਪਣੇ ਚਿਹਰੇ 'ਤੇ ਮਖੌਲ ਵਾਲੇ ਹਾਸੇ ਨੂੰ ਦਿਖਾ ਰਹੇ ਸਨ।

ਤੁਸੀਂ ਕਿਵੇਂ ਹੋ? ਵੱਡੇ ਬਾਬੂ ਜੀ, ਤੁਸੀ ਸਾਰਾ ਦਿਨ ਪੇੜ ਤੇ ਬਣੇ ਆਲ੍ਹਣੇ ਨੂੰ ਨਿਹਾਰਦੇ ਰਹਿੰਦੇ ਹੋ,ਕੁੱਝ ਸਮੇਂ ਬਾਅਦ ਬਾਬੂ ਜੀ ਕਹਿੰਦੇ ਕਿ ਆਲ੍ਹਣੇ ਮੈਨੂੰ ਆਪਣੇ ਵੱਲ ਖਿੱਚ ਲੈਂਦੇ ਹਨ. ਪੰਛੀ, ਆਲ੍ਹਣੇ ਉਨ੍ਹਾਂ ਦੇ ਬੱਚਿਆਂ ਲਈ, ਉਨ੍ਹਾਂ ਦੀ ਰੱਖਿਆ ਲਈ ਬਣਾਉਂਦੇ ਹਨ, ਪਰ ਬੱਚੇ ਕਹਿੰਦੇ ਇਕ ਵਾਰ ਫਿਰ ਚੁੱਪ ਹੋ ਗਏ, ਰਾਮ ਜੀ, ਆਓ ਸੈਰ ਕਰੀਏ, ਸਰੀਰ ਤੰਦਰੁਸਤ ਰਹੇਗਾ। ਅਸੀਂ ਦੋਵੇਂ ਹੌਲੀ-ਹੌਲੀ ਕਦਮ ਚੁੱਕ ਕੇ ਚੱਲ ਰਹੇ ਸੀ। ਲੋਕ ਕਹਿੰਦੇ ਹਨ ਬੁਢਾਪਾ ਸਰਾਪ ਹੈ. ਕੀ ਤੁਸੀਂ ਵੀ ਵਿਸ਼ਵਾਸ ਕਰਦੇ ਹੋ? ਉਹ ਅਜੇ ਵੀ ਚੁੱਪ ਸਨ, ਜਿਵੇਂ ਕਿ ਉਹ ਆਪਣੇ ਪ੍ਰਸ਼ਨਾਂ ਦੇ ਸਹੀ ਜਵਾਬ ਦੀ ਭਾਲ ਕਰ ਰਹੇ ਸਨ।

ਆਖਰਕਾਰ, ਉਸਨੇ ਆਪਣੀ ਚੁੱਪ ਤੋੜ ਦਿੱਤੀ. ਸ਼ਰਮਾ ਜੀ, ਮੈਂ ਆਪਣੇ ਘਰ ਨੂੰ ਬਹੁਤ ਯਾਦ ਕਰਦਾ ਹਾਂ. ਉਸਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ. ਮੈਂ ਆਪਣੀ ਜ਼ਿੰਦਗੀ ਦੀ ਇਸ ਸ਼ਾਮ ਨੂੰ ਆਪਣੇ ਬੱਚਿਆਂ ਨਾਲ ਆਪਣੇ ਘਰ ਵਿੱਚ ਬਤੀਤ ਕਰਨਾ ਚਾਹੁੰਦਾ ਹਾਂ, ਜ਼ਿੰਦਗੀ ਦੇ ਇਸ ਆਖਰੀ ਪੜਾਅ ਨੂੰ ਖੁਸ਼ੀ ਨਾਲ ਲੰਘਣ ਦਿਓ, ਇਹ ਜ਼ਿੰਦਗੀ ਹੈ. ਇਸ ਆਸ਼ਰਮ ਵਿਚ ਕੌਣ ਹੈ ਜੋ



ਆਪਣੀ ਮਰਜ਼ੀ ਨਾਲ ਇਥੇ ਆਇਆ ਹੈ, ਉਸ ਦੇ ਜੀਵਨ ਦੇ ਆਖਰੀ ਪਲ ਯਾਦਾਂ ਨਾਲ ਬਿਤਾਏ ਹਨ? ਕਿਉਂ ਨਾ ਸਾਡਾ ਹਿੱਸਾ ਬਣੋ? ਜ਼ਿੰਦਗੀ ਦੀ ਸ਼ਾਮ ਦਾ।

ਸਾਰੀਆਂ ਦੇ ਚਿਹਰੇ ਚਮਕ ਰਹੇ ਸਨ।ਅਸੀ ਦੋਵੇਂ ਹੌਲੀ ਹੌਲੀ ਆਪਣੇ ਕਦਮਾਂ ਨਾਲ ਆਸ਼ਰਮ ਵੱਲ ਵਧ ਰਹੇ ਸੀ, ਜਦੋਂ ਕਿ ਪੰਛੀ ਵੀ ਆਪਣੇ ਆਲ੍ਹਣੇ ਵੱਲ ਵਧ ਰਹੇ ਸਨ।

**- ਵਿਜੈ ਗਰਗ**

## ਪਰਾਈ ਆਸ ਕਰੇ ਨਿਰਾਸ਼



**ਹਰਕੀਰਤ ਕੌਰ ਸਭਰਾ**

ਫਰੀਦਾ ਬਾਰਿ ਪਰਾਇਐ ਬੈਸਣਾ
ਸਾਈ ਮੁਝੈ ਨ ਦੇਹਿ।।
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ
ਲੇਹਿ।।

ਪੰਜਾਬੀ ਵਿੱਚ ਕਹਾਵਤ ਹੈ ਕਿ, " ਮੰਗਵਾਂ ਗਹਿਣਾ ਪਾਇਆ ਤੇ ਆਪਣਾ ਰੂਪ ਗਵਾਇਆ "। ਇਸੇ ਤਰ੍ਹਾਂ ਪਰਾਈ ਆਸ ਰੱਖਣ ਵਾਲੇ ਮਨੁੱਖ ਕਦੇ ਵੀ ਧੋਖਾ ਖਾ ਸਕਦਾ ਹੈ । ਇੱਕ ਗੱਲ ਬਹੁਤ ਹੀ ਆਮ ਹੈ, ਪਰ ਸਾਡੇ ਸਾਰਿਆਂ ਦੇ ਸਮਝ ਵਿੱਚ ਜਾਂ ਤਾਂ ਆਉਦੀ ਨਹੀ ਜਾਂ ਫਿਰ ਅਸੀਂ ਸਮਝਣਾ ਨਹੀ ਚਾਹੁੰਦੇ, ਉਹ ਇਹ ਕਿ ਸਾਡੇ ਆਪਣੇ ਆਪ ਤੋਂ ਇਲਾਵਾ ਸਾਡਾ ਇਸ ਦੁਨੀਆਂ ਵਿੱਚ ਕੋਈ ਵੀ ਨਹੀਂ ਹੈ। ਸਮਾਂ ਆਉਣ ਤੇ ਹਰ ਕੋਈ ਆਪਣਾ ਰੰਗ ਵਿਖਾ ਹੀ ਜਾਦਾਂ ਹੈ। ਪਰ ਸਾਡੀਆਂ ਆਪਣੀਆਂ ਸ਼ਕਤੀਆ ਸਾਨੂੰ ਕਦੇ ਧੋਖਾ ਨਹੀ ਦਿੰਦੀਆਂ ਹਨ। ਉਹ ਲੋਕ ਬਹੁਤ ਸੁਖੀ ਰਹਿੰਦੇ ਹਨ, ਜੋ ਕਿਸੇ ਉੱਤੇ ਕੋਈ ਆਸ ਨਹੀ ਰੱਖਦੇ।

ਅਸੀਂ ਕਈ ਵਾਰ ਆਪਣੇ ਛੋਟੇ ਛੋਟੇ ਨਿੱਜੀ ਕੰਮਾਂ ਲਈ ਦੂਸਰਿਆਂ ਉੱਪਰ ਨਿਰਭਰ ਹੋ ਜਾਂਦੇ ਹਾਂ। ਰੋਜ਼ਮਰਾ ਦੀ ਜਿੰਦਗੀ ਜਾਂ ਘਰੇਲੂ ਕੰਮਾਂ ਤੋਂ ਸ਼ੁਰੂ ਹੋਇਆ ਏ ਸਫ਼ਰ ਜਿੰਦਗੀ ਦੇ ਵੱਡੇ ਪੱਧਰ ਤੇ ਵੀ ਉਦਾਂ ਹੀ ਚਲਦਾ ਰਹਿੰਦਾ ਹੈ। ਜਿਵੇਂ ਕਹਿਣਾ ਨਹੀ ਚਾਹੀਦਾ ਪਰ ਸਾਡੇ ਪੰਜਾਬੀਆਂ ਵਿੱਚ ਸਭ ਤੋਂ ਵੱਧ ਰੱਖੀ ਜਾਣ ਵਾਲੀ ਪਰਾਈ ਆਸ ਵਿਦੇਸ਼ ਲੈ ਕੇ ਜਾਣ ਦੀ ਹੈ। ਜੇਕਰ ਕੋਈ ਰਿਸ਼ਤੇਦਾਰ ਵਿਦੇਸ਼ ਗਿਆ ਨਹੀ, ਸਾਰੇ ਸਪਾਂਸਰਸ਼ਿਪ ਉਡੀਕਣ ਲੱਗੇ ਜਾਂਦੇ। ਫਿਰ ਜਦੋਂ ਇਹੋ ਜਿਹੀਆਂ ਰੱਖੀਆਂ ਪਰਾਈਆਂ ਆਸਾਂ ਤੇ ਪਾਣੀ ਫਿਰਦਾ ਹੈ ਤਾਂ ਨੋਬਤ ਰਿਸਤਿਆਂ ਵਿੱਚ ਪੈਂਦੀ ਦਰਾੜ ਤੱਕ ਆ ਪਹੁੰਚਦੀ ਹੈ। ਕਿ ਭਲੇਮਾਣਸੋ ਪਹਿਲਾਂ ਹੀ ਕਿਸੇ ਉੱਪਰ ਆਸ ਕਿਉਂ ਰੱਖਣੀ ਜੋ ਬਾਅਦ ਵਿੱਚ ਨਿਰਾਸ਼ ਕਰੇ। ਇਸ ਤੋਂ ਚੰਗਾ ਇਹ ਹੈ ਕਿ ਦੂਸਰਿਆਂ ਉੱਪਰ ਨਿਰਭਰ ਰਹਿਣਾ ਬੰਦ ਕੀਤਾ ਜਾਵੇ। ਕਈ ਵਾਰ ਸਮੇਂ ਸਿਰ ਪੁਟਿਆ ਹੋਇਆ ਕਦਮ ਬੰਦੇ ਨੂੰ ਸਦਾ ਲਈ ਅਮਰ ਕਰ ਦਿੰਦਾ ਹੈ।

ਸਾਨੂੰ ਨਿਰੰਤਰ ਆਪਣੀ ਦਿਸ਼ਾ ਵੱਲ ਚੱਲਦੇ ਰਹਿਣਾ ਚਾਹੀਦਾ ਹੈ। ਕੁਦਰਤ ਹਮੇਸ਼ਾ ਉਨ੍ਹਾਂ ਲੋਕਾਂ ਦਾ ਸਾਥ ਦਿੰਦੀ ਹੈ, ਜੋ ਆਪ ਹਿੰਮਤ ਕਰਦੇ ਹਨ ਅਤੇ ਅੱਗੇ ਵੱਧਦੇ ਹਨ। ਜਿੰਦਗੀ ਦੀ ਜੰਗ ਹਮੇਸ਼ਾ ਹਿੰਮਤ ਅਤੇ ਦਲੇਰੀ ਨਾਲ ਜਿੱਤੀ ਜਾ ਸਕਦੀ ਹੈ। ਸਾਨੂੰ ਆਪਣੇ ਸਰੀਰ ਨਾਲ ਨਾ ਕੇਵਲ ਆਪਣੇ ਘਰੇਲੂ ਕੰਮ ਪੂਰੇ ਕਰਨੇ ਚਾਹੀਦੇ ਹਨ, ਸਗੋਂ ਲੋਕਾਂ ਦੀ ਵੀ ਸੇਵਾ ਕਰਨੀ ਚਾਹੀਦੀ ਹੈ। ਪਰ ਜੇਕਰ ਅਸੀਂ ਆਪਣੇ ਕੰਮ ਹੀ ਆਪ ਨਾ ਕਰ ਸਕਦੇ ਹੋਈਏ ਤਾਂ ਦੂਸਰਿਆਂ ਦੀ ਸੇਵਾ ਦੀ ਗੱਲ ਤਾਂ ਬਹੁਤ ਦੂਰ ਰਹਿ ਜਾਦੀ ਹੈ। ਇੱਕ ਦੂਸਰਾ ਪੱਖ ਇਹ ਵੀ ਹੈ ਕਿ ਅਸੀਂ ਹਮੇਸ਼ਾ ਕਿਸੇ ਨਾ ਕਿਸੇ ਦਾ ਸਹਾਰਾ ਤੱਕਦੇ ਰਹਿੰਦੇ ਹਾਂ, ਹਰ ਕੰਮ ਦੀ ਸੁਰੂਆਤ ਕਰਨ ਤੋਂ ਪਹਿਲਾਂ ਇਹ ਸੋਚਦੇ ਹਾਂ ਕਿ ਇਸ ਕੰਮ ਵਿੱਚ ਮੈ ਕਿਸ ਕਿਸ ਤੋ ਕੰਮ ਲੈ ਸਕਦਾ।

ਕਹਿਣ ਤੋਂ ਭਾਵ ਕਿ ਕੰਮ ਨੂੰ ਸ਼ੁਰੂ ਕਰਨ ਤੋ ਪਹਿਲਾਂ ਹੀ ਸਾਡੇ ਵਿੱਚ ਮੰਗਵੀ ਬਿਰਤੀ ਜਾਂ ਪਰਾਈ ਆਸ ਜਾਗ ਜਾਂਦੀ ਹੈ। ਜਦੋਂ ਕਿ ਹੋਣਾ ਏਦਾ ਚਾਹੀਦਾ ਕਿ ਅਸੀਂ ਉਸ ਪਰਮੇਸ਼ੁਰ ਦਾ ਓਟ ਆਸਰਾ ਤੱਕ ਕੇ ਕੰਮ ਦੀ ਸੁਰੂਆਤ ਕਰੀਏ । ਇਹ ਮੇਰੀ ਜਿੰਦਗੀ ਦਾ ਤਜੁਰਬਾ ਹੈ ਕਿ ਜੇਕਰ ਅਸੀਂ ਪਰਾਈ ਆਸ ਰੱਖਣ ਦੀ ਬਜਾਇ ਪ੍ਰਭੂ ਅਤੇ ਆਪਣੇ ਆਪ ਉੱਪਰ ਆਸ ਰੱਖੀ ਹੋਵੇ ਤਾਂ ਪਰਮੇਸ਼ੁਰ ਆਪ ਸਾਰੇ ਰਾਹ ਖੋਲ੍ਹ ਦਿੰਦਾ ਹੈ। ਗੁਰਬਾਣੀ ਵੀ ਸਾਨੂੰ ਇਹੀ ਉਪਦੇਸ਼ ਦਿੰਦੀ ਹੈ ਕਿ ਸਾਨੂੰ ਪਰਾਈ ਆਸ ਛੱਡ ਕਿ ਪਰਮੇਸ਼ੁਰ ਉੱਪਰ ਆਸ ਰੱਖਣੀ ਚਾਹੀਦੀ ਹੈ। ਸਾਡੇ ਵਿੱਚ ਆਪਣੇ ਆਪ ਉੱਪਰ ਏਨਾ ਵਿਸਵਾਸ ਹੋਣਾ ਚਾਹੀਦਾ ਹੈ ਕਿ ਅਸੀਂ ਕਿਸੇ ਦੇ ਸਹਾਰੇ ਦੀ ਲੋੜ ਹੀ ਨਾ ਮਹਿਸੂਸ ਕਰੀਏ ਖਾਸ ਕਰਕੇ ਉਹ ਸਹਾਰੇ ਜਿੰਨਾ ਤੋ ਸਾਨੂੰ ਨਿਰਾਸ਼ ਹੋਣਾ ਪਵੇ।

# ਦਿੱਤਾ ਕੀ ਸਿਲਾ

ਤੇਰੀ ਦੁਖੀ ਮਾਂ, ਤੇਰੇ ਅੱਗੇ ਹੱਥ ਜੋੜਦੀ
ਪੈਂਦਾ ਕਉਿ ਕੁਰਾਹੇ, ਤੈਨੂੰ ਵਾਰੋ-ਵਾਰੀ ਮੋੜਦੀ
ਬੋਲਦਾ ਤੂੰ ਚੱਕ ਉੱਤੇ, ਚਾੜ੍ਹਿਆ ਪਰਾਇਆਂ ਦਾ।।
ਦੱਤਿਾ ਕੀ ਸਲਿਾ ਤੂੰ, ਮੇਰੇ ਲਾਡਾਂ ਲਡਾਇਆਂ ਦਾ।।

ਜਦੋਂ ਤੇਰਾ ਬਾਪੂ ਤੈਨੂੰ, ਕਸਿ ਗੱਲੋਂ ਘੂਰਦਾ
ਮੇਰਾ ਮਮਤਾਇਆ ਦਲਿ, ਤੇਰਾ ਪੱਖ ਪੂਰਦਾ
ਦੁੱਖ ਬੜਾ ਔਖਾ ਹੁੰਦਾ, ਸਹਣਿਾ ਢਿੱਡੋਂ ਜਾਇਆਂ ਦਾ।।।
ਦੱਤਿਾ ਕੀ ਸਲਿਾ ਤੂੰ, ਮੇਰੇ ਲਾਡਾਂ ਲਡਾਇਆਂ ਦਾ।।

ਮਸਾਂ ਉਡੀਕਦੀ ਨੂੰ ਮੇਰੇ, ਆਹ ਦਨਿ ਆਏ ਨੇ
ਪਰ ਤੂੰ ਅਰਮਾਨ ਸਾਰੇ, ਮੱਟਿੀ ਚ ਰੁਲਾਏ ਨੇ
ਬਣੂਗਾ ਕੀ ਮੇਰੇ ਨੈਣੀ, ਸੁਪਨੇ ਸਜਾਇਆਂ ਦਾ।।।
ਦੱਤਿਾ ਕੀ ਸਲਿਾ ਤੂੰ, ਮੇਰੇ ਲਾਡਾਂ ਲਡਾਇਆਂ ਦਾ।।

ਮੇਰੇ ਸਰਿ ਦੋਸ਼ ਲਾਇਆ, ਸਾਰੇ ਸੰਸਾਰ ਨੇ
'ਔਲਖਾ' ਵਗਾੜਆਿ ਐ, ਤੈਨੂੰ ਮੇਰੇ ਪਆਿਰ ਨੇ
ਮੰਗਾਂ ਤੈਥੋਂ ਮੁੱਲ ਤੇਰੇ, ਸਭ ਐਬਾਂ ਛੁਪਾਇਆਂ ਦਾ।।
ਦੱਤਿਾ ਕੀ ਸਲਿਾ ਤੂੰ, ਮੇਰੇ ਲਾਡਾਂ ਲਡਾਇਆਂ ਦਾ।।



ਚਾਨਣ ਦੀਪ ਸਿੰਘ ਔਲਖ
91-98768-88177

# ਟੇਢੇ ਰੁਖ

ਉਹਨਾਂ ਮਨ ਮਰਜ਼ੀ ਦੀਆਂ
ਪੀਂਘਾਂ ਹੀ ਚੜਾਉਣੀਆਂ
ਜਿਨ੍ਹਾਂ ਦੀ ਜ਼ੁਲਮੀ ਕਾਟੋ
ਮਿਹਨਤੀ ਅਤੇ ਬੇਦੋਸ਼ੇ ਲੋਕਾਂ ਦੇ
ਖੂਨ ਰੂਪੀ ਰੁੱਖ ਉੱਤੇ ਖੇਲਦੀ ਹੈ

ਜਿਨ੍ਹਾਂ ਦੇ ਚੁੱਲ੍ਹੇ ਉਤੇ ਰਿੱਝਦਾ ਹੈ
ਜਾਤੀ ਹੰਕਾਰ ਦਾ ਕਾਹੜਾ
ਸਵੇਰੇ ਦੁਪਹਿਰੇ
ਜਿਨ੍ਹਾਂ ਦੇ ਹੱਕ ਵਿੱਚ ਹੁੰਦੀ ਹੈ
ਉੱਚੇ ਬਨੇਰਿਆਂ ਦੀ ਛਾਂ

ਜਿਨ੍ਹਾਂ ਦੀ ਸੋਚ ਖੁਦ
ਪੱਠੇ ਪਾਉਂਦੀ ਹੋਵੇ ਜ਼ੁਰਤ ਨੂੰ
ਆਪਣੀ ਬੇਵਸੀ ਦੇ
ਉਹਨਾਂ ਸਿਰਾਂ, ਘਰਾਂ ਉਤੇ ਹੀ
ਫੱਟਣੇ ਹੁੰਦੇ ਜ਼ੁਲਮਾਂ ਦੇ ਬੱਦਲ

ਭੰਨਿਆ ਹੋਵੇ ਨੱਕ
ਮਰੋੜਿਆ ਹੋਵੇ ਕੰਨ
ਕਦੇ ਕਿਸੇ ਅੱਗ ਦੇ ਗੋਲੇ ਨੇ
ਦਰਾਂ ਮੂਹਰਿਓ ਲੰਘਦਿਆਂ
ਮਾਰਿਆ ਹੋਵੇ ਖੰਘੂਰਾ
ਗਰੂਰ ਕੀਤਾ ਹੋਵੇ ਚੂਰਾ
ਤਾਂ ਉਹ
ਕਿੰਨੇ ਘਰਾਂ ਮਨਾਂ ਚੋਂ ਸਹਿਮ ਕੱਢ
ਪਾ ਦਿੰਦਾ ਹੈ ਮੁਕਤੀ ਦੇ ਰਾਹ
ਏਨੇ ਚ ਬਦਲ ਜਾਂਦੀ ਹੈ ਹਵਾ।



- ਮਲਕੀਤ ਜੌੜਾ
91-98725-34278

# ਸੌਣ ਮਹੀਨਿਆਂ ਵੇ

ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।
ਭੇਜ ਦੇ ਕਰੋਨਾ ਇਥੋਂ ਲੁਕੇ ਬੈਠੇ ਇਹ ਤੋਂ ਡਰ-ਡਰ ਕੇ।

ਪੀਘਾਂ ਵਾਲੀ ਰੁੱਤ ਵਿੱਚ ਹੁਲਾਰੇ ਕਿੱਦਾਂ ਆਉਣਗੇ,
ਮੀਂਹ ਦੀਆਂ ਫੁਹਾਰਾਂ ਦਾ ਅਨੰਦ ਕਿਵੇਂ ਪਾਉਣਗੇ ।
ਓ ਗਰਜਾਂ ਕਰੀਏ ਪੂਰੀਆਂ ਕਿਸੇ ਕੋਲੋਂ ਫੜ-ਫੜ ਕੇ,
ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।

ਵਹੁਟੀ ਸੌਣ ਰੁੱਤੇ ਨਾ ਹੁਣ ਪੇਕੀਂ ਹੀ ਜਾ ਪਾਏਗੀ,
ਮਾਸਕ ਪਾ ਮੂੰਹ ਉਤੇ ਉਦਾਸ ਘਰ ਬਹਿ ਜਾਏਗੀ।
ਤਿਉਹਾਰ ਤੀਆਂ ਲੰਘ ਗਿਆ ਅੰਦਰ ਸੜ-ਸੜ ਕੇ,
ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।

ਸੁਆਦ ਪੂੜੇ ਖੀਰਾਂ ਦਾ ਬਿਨ ਸਜਨਾਂ ਦੇ ਫਿੱਕਾ ਏ,
ਅੰਬਾਂ ਦਾ ਸੁਆਦ ਵੀ ਬਿਨ ਹਾਣੀਆਂ ਦੇ ਤਿੱਖਾ ਏ।
ਕਰੋਨਾ ਕਾਹੜਾ ਪੀਣ ਸਾਰੇ ਘਰ ਵਿੱਚ ਲੜ-ਲੜ ਕੇ,
ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।

ਮੋਰ,ਕੋਇਲ,ਤੋਤੇ ਬਾਗ਼ਾਂ ਵਿਚ ਲੋਕਾਂ ਨੂੰ ਟੋਲਦੇ ਨੇ,
ਉਜਾੜ ਵੇਖ ਬਾਗਾਂ ਵਿਚ ਹੰਝੂ ਅੱਖਾਂ ਚੋਂ ਡੋਲਦੇ ਨੇ।
ਪਿਆਰ ਵਾਲੀ ਰੁੱਤ ਮਿਲਣ ਪ੍ਰੇਮੀ ਦੂਰ ਖੜ-ਖੜ ਕੇ,
ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।

ਬਦਲਾਂ ਨੇ ਵਿੱਚ ਅਸਮਾਨੀ ਹੋਸ਼ਾਂ ਗੁਆਈਆ ਨੇ,
ਦੋੜ ਕਾਲੀਆਂ ਘਟਾਵਾਂ ਚਲੀਆਂ ਪੁਰਵਾਈਆ ਨੇ ।
ਬਿਜਲੀ ਵੀ ਡਰਾਂਉਦੀ ਪਈ ਏ ਕੜਾਕੇ ਕਰ-ਕਰ ਕੇ,
ਸੌਣ ਮਹੀਨਿਆਂ ਵੇ ਦਿਨ ਲੰਘੇ ਅੰਦਰ ਵੜ-ਵੜ ਕੇ ।



# ਚਾਲ

ਹੌਲੀ-ਹੌਲੀ ਤੁਰਿਆ ਜਾਂਦਾ ਠਿਵਕ ਟੋਏ ਵਿੱਚ ਤੁਰਿਆ ਜਾਂਦਾ ।
ਅੱਤ ਕਹਿਰਾਂ ਦੀ ਗਰਮੀ ਨੂੰ ਸਿਰ ਤੇ ਚੁੱਕੀ ਤੁਰਿਆ ਜਾਂਦਾ ।
ਭੁੱਖੇ ਢਿੱਡ ਦੇ ਝੁਲਕੇ ਖ਼ਾਤਿਰ ਠੰਡੀ ਅੰਬਰੇ ਤੁਰਿਆ ਜਾਂਦਾ ।
ਹੌਲੀ-ਹੌਲੀ ਤੁਰਿਆ ਜਾਂਦਾ ਠਿਵਕ ਟੋਏ ਵਿਚ ਤੁਰਿਆ ਜਾਂਦਾ ।

ਸੁੱਕੇ ਟੁਕੜੇ ਢਿੱਡ ਭਰਨ ਲਈ ਹੱਡ ਭੰਨਵੀ ਮੇਹਨਤ ਕੀਤੀ,
ਕਾਲੇ ਅੰਬਰੋਂ ਚਿੱਟੇ ਤਾਂਈ ਢੱਗਿਆਂ ਨਾਲ ਵਾਹ ਖੇਤੀ ਕੀਤੀ।
ਸਵਰਗ ਦੀ ਹਰ ਆਸ ਨੂੰ ਰੱਖ ਭੁੱਖੀ ਕੁੱਖੋਂ ਤੁਰਿਆ ਜਾਂਦਾ,
ਅੱਖਾਂ ਬੰਨੀ ਬੈਂਲ ਵਾਂਗੂ ਜੁੜ ਕੋਹਲੂ ਮੋਹਰੇ ਤੁਰਿਆ ਜਾਂਦਾ।
ਹੌਲੀ-ਹੌਲੀ ਤੁਰਿਆ ਜਾਂਦਾ-----

ਧਰਮ ਕਰਮ ਦੇ ਵਹਿਮਾਂ ਥੱਲੇ ਲੁੱਟ ਖਸੁੱਟ ਜਗੀਰੂ ਕਰਦੇ,
ਨੁਚੜੇ ਰੱਤ ਦੀ ਮੇਹਨਤ ਤਾਂਈ ਕਬਜ਼ਾ ਆ ਆਪਣਾ ਧਰਦੇ।
ਦੋ ਵੇਲੇ ਦੀ ਰੋਜ਼ੀ ਖ਼ਾਤਿਰ ਕਲਜੁਗ ਨੂੰ ਲਈ ਤੁਰਿਆ ਜਾਂਦਾ,
ਲੁੱਟ ਦਮਨ ਜ਼ੰਜੀਰਾਂ ਨੂੰ ਪਾ ਕੇ ਗ਼ਲਵੱਕੜੀ ਤੁਰਿਆ ਜਾਂਦਾ ।
ਹੌਲੀ-ਹੌਲੀ ਤੁਰਿਆ ਜਾਂਦਾ------

ਕਰੇ ਮਜ਼ਦੂਰੀ ਟੱਬਰ ਖ਼ਾਤਿਰ ਸੇਠਾਂ ਦੇ ਲਈ ਮਹੱਲ ਉਸਾਰੇ,
ਟੱਬਰ ਫਿਰ ਵੀ ਰਹਿੰਦਾ ਭੁੱਖਾ ਦਿਨ ਤਾਂ ਝੁੱਗੀ ਵਿੱਚ ਗੁਜ਼ਾਰੇ।
ਆਦਮਖੋਰਾਂ ਦੇ ਮੱਕੜੀ ਜਾਲ 'ਚ' ਧੌਣ ਝੁਕਾ ਤੁਰਿਆ ਜਾਂਦਾ,
ਪੁਨਰ ਜਨਮ ਵਿਸ਼ਵਾਸੀ ਬਣ ਸ਼ਰਧਾ ਵਿੱਚ ਤੁਰਿਆ ਜਾਂਦਾ
ਹੌਲੀ-ਹੌਲੀ ਤੁਰਿਆ ਜਾਂਦਾ-----

ਲੱਖਾਂ ਕੱਪੜਾ ਆਪ ਬਣਾਵੇ ਤਨ ਤੋਂ ਲੀੜੇ ਪੱਖੋਂ ਆਪ ਹੀਣਾ,
ਲੋਟੂ ਢਾਣੀ ਰੱਜ-ਰੱਜ ਕੇ ਖਾਵੇ ਦੁਰਭਰ ਕਰ ਦਿੱਤਾ ਤੇਰਾ ਜੀਣਾ।
ਮਗਰਮੱਛਾਂ ਦੀ ਭੁੱਖ ਨੂੰ ਸਾਂਭੀ ਆਪ ਔਖਾ ਹੋ ਤੁਰਿਆ ਜਾਂਦਾ,
ਕਬੂਤਰ ਵਾਂਗੂ ਬਿੱਲੀ ਅੱਗੇ ਚੁੱਪ ਅੱਖਾਂ ਮੀਟੀ ਤੁਰਿਆ ਜਾਂਦਾ।
ਹੌਲੀ-ਹੌਲੀ ਤੁਰਿਆ ਜਾਂਦਾ----

ਭੁੱਖੀ ਕੁੱਖੋਂ ਘਿਰਿਓ ਸਾਥੀ ਆ ਕੇ ਮਿਲਣੇ ਤੈਨੂੰ ਕਈ ਹਜ਼ਾਰਾਂ,
ਦੁੱਖਾਂ ਦਾ ਹੈ ਮਿਲਣਾ ਦਾਰੂ ਜਦੋਂ ਬੰਨ ਤੁਰ ਪਏ ਤੁਸੀਂ ਕਤਾਰਾਂ।
ਲੋਟੂ ਢਾਂਚੇ ਤੋਂ ਮੁਕਤੀ ਲਈ ਇਕ+ਦੋ+ਤਿੰਨ ਹੋ ਤੁਰਿਆ ਜਾਂਦਾ,
ਗੁਲਾਮੀ ਵਾਲੀ ਤੁਰੀ ਚਾਲ ਤੋਂ ਮੁਨਕਰ ਹੋ ਜਾ ਤੁਰਿਆ ਜਾਂਦਾ।
ਹੌਲੀ ਤੁਰਿਆ ਜਾਂਦਾ----

- ਰਬਿੰਦਰ ਸ਼ਰਮਾ
91-98146-67682

# ਘਰ ਇੱਟਾਂ ਨਾਲ਼ ਨਹੀਂ ਬਣਦੇ

ਘਰ ਇੱਟਾਂ ਨਾ.ਲ ਨਹੀਂ ਬਣਦੇ, ਘਰਾਂ 'ਚ ਇਤਫ਼ਾਕ ਜ਼ਰੂਰੀ ਐ।
ਸਭ ਜੀਆਂ ਦਾ ਇੱਕ ਦੂਜੇ 'ਤੇ, ਵਿਸ਼ਵਾਸ਼ ਜ਼ਰੂਰੀ ਐ।

ਇੱਕ ਬੰਦਾ ਫ਼ਰਲੇ ਉਡਾਵੇ, ਦੂਜਾ ਜੋੜ ਕੇ ਰੱਖਦਾ ਏ।
ਉਹ ਘਰ ਦਾ ਮੁਖੀ ਨਹੀਂ ਹੁੰਦਾ, ਜਿਹੜਾ ਤੋੜ ਕੇ ਰੱਖਦਾ ਏ।
ਜੇ ਸਾਰੇ ਬੱਚਤ ਕਰਨ ਤਾਂ ਸੱਜਣਾ, ਪੈਂਦੀ ਪੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ...........।

ਬੱਚੇ ਮਾਂ-ਬਾਪ ਦਾ ਘਰ ਵਿੱਚ, ਕਰਦੇ ਹੋਵਣ ਪਾਲਣ।
ਅਣਸੁਣਿਆ ਜਾ ਕਰਕੇ ਨਾ ਕਦੇ, ਗੱਲ ਉਨ੍ਹਾਂ ਦੀ ਟਾਲਣ।
ਝਿੜਕਾਂ ਵੀ ਝੱਲਣੀਆਂ ਪੈਂਦੀਆਂ, ਤੇ ਕਦੇ ਮੰਨਣੀ ਘੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ....................।

ਭੈਣਾਂ ਦਾਗ਼ ਨਾ ਲਾਵਣ ਆਪਣੇ, ਵੀਰ ਦੀ ਰੱਖੜੀ ਨੂੰ।
ਮਾਂ-ਬਾਪ ਦੀ ਯਾਦ ਉਹ ਰੱਖਣ, ਨਿੱਘੀ ਗਲਵੱਕੜੀ ਨੂੰ।
ਨਾ ਹੀਰਾਂ ਵਾਂਗਰ ਰਾਂਝਿਆ ਨੂੰ, ਖਵਾਵਣ ਚੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ ............।

ਮੁੰਡਾ ਵੀ ਨਾ ਲੋਕਾਂ ਤੋਂ, ਕਦੇ ਬੁਰਾ ਭਲਾ ਅਖਵਾਵੇ।
ਨੂੰਹ ਸਹੁਰੇ ਕੋ.ਲੋਂ ਪਰਦਾ ਕਰੇ, ਨਾ ਕੋ.ਲੇ ਮੰਜਾ ਡਾਹਵੇ।
ਨਾ ਜੁੜ-ਜੁੜ ਗੱਲਾਂ ਕਰੀਏ, ਰੱਖੋ ਬਣਾਕੇ ਦੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ ..........।

ਵਿਆਹ ਤੋਂ ਮਗਰੋਂ ਪਿੱਛਾ, ਪੇਕਿਆਂ ਦਾ ਕਰੀਏ ਨਾ।
ਆਂਢ-ਗੁਆਂਢ ਦੇ ਨਾ.ਲ ਕਦੇ, ਭੁੱਲ ਕੇ ਵੀ ਲੜੀਏ ਨਾ।
ਨਾ ਮਾੜਾ ਕਿਸੇ ਨੂੰ ਕਹੀਏ, ਬੇਸ਼ੱਕ ਕਰਦੇ ਮਜ਼ਦੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ.............।

ਸਕਿਆਂ ਭੈਣ-ਭਾਈਆਂ ਦੇ ਵਾਂਗਰ, ਨਾ ਬਾਂਹ ਫੜੇ ਕੋਈ ਦੂਜਾ।
ਪਿਓ ਦਾ ਸਾਇਆ ਰਹੇ ਹਮੇਸ਼ਾ, ਮਾਂ ਵਾਂਗ ਹੈ ਰੱਬ ਦੀ ਪੂਜਾ।
ਫਿਰ ਘਾਟ ਕੋਈ ਰਹਿੰਦੀ ਨਹੀਂ, ਜੇ ਚੜ੍ਹਜੇ ਰੱਬੀ ਸਰੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ..............।

ਮਾਂ-ਬਾਪ ਦੇ ਹੁੰਦੇ ਲੋੜ ਨਹੀਂ, ਕਿਸੇ ਤੀਰਥ ਜਾਣੇ ਦੀ।
ਬ.ਲਦ ਪਛਾਣਿਆ ਜਾਂਦਾ ਲਾਣਿਓਂ, ਧੀ ਘਰਾਣੇ ਦੀ।
'ਗੁਰਵਿੰਦਰਾ' ਖਾ ਕੇ ਰੱਖੀ-ਮਿੱਸੀ, ਰੱਖ ਸਬਰ ਸਬੂਰੀ ਐ।
ਘਰ ਇੱਟਾਂ ਨਾ.ਲ ਨਹੀਂ ਬਣਦੇ........।



ਗੁਰਵਿੰਦਰ ਸਿੰਘ
'ਉੱਪਲ'
91-98411-45000

# ਨਵੀਆਂ ਰਾਹਾਂ ਦਾ ਪਾਂਧੀ : ਡਾ.ਸੁਖਵਿੰਦਰ ਪਰਮਾਰ



ਪ੍ਰੀਤਮ ਲੁਧਿਆਣਵੀ
9876428641

ਡਾ. ਸੁਖਵਿੰਦਰ ਸਿੰਘ ਪਰਮਾਰ ਆਧੁਨਿਕ ਭਾਸ਼ਾ ਵਿਗਿਆਨੀ, ਸੱਭਿਆਚਾਰਕ ਖੋਜੀ, ਉੱਚ-ਪ੍ਰੀਖਿਆਵਾਂ ਦੀਆਂ ਪੁਸਤਕਾਂ ਦੇ ਸੁਲਝੇ ਹੋਏ ਸੰਪਾਦਕ ਹਨ। ਉਨਾਂ ਦਾ ਜਨਮ ਜਿਲਾ ਸੰਗਰੂਰ ਦੀ ਤਹਿ. ਸੁਨਾਮ ਵਿਚ ਪੈਂਦੇ ਪਿੰਡ ਝਾੜ ਵਿਖੇ ਪਿਤਾ ਸ੍ਰ. ਅਜੈਬ ਸਿੰਘ ਅਤੇ ਮਾਤਾ ਸ਼੍ਰੀਮਤੀ ਰਣਜੀਤ ਕੌਰ ਦੇ ਘਰ 17 ਨਵੰਬਰ 1976 ਨੂੰ ਹੋਇਆ। ਉਨਾਂ ਦੀ ਵਿਦਿਆ ਐਮ. ਏ. (ਪੰਜਾਬੀ, ਉਰਦੂ, ਐਜ਼ੂਕੇਸ਼ਨ, ਲਿੰਗੁਇਸਟਿਕ) ਐਮ. ਫਿਲ ਅਤੇ ਪੀ-ਐਚ. ਡੀ. ਹੈ। ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ ਵਿਖੇ ਦਸ ਸਾਲ ਅਧਿਆਪਨ ਕਾਰਜ਼ਸ਼ੀਲ ਰਹਿਣ ਬਾਅਦ ਹੁਣ ਉਹ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ ਪਿਛਲੇ ਦਸ ਸਾਲ ਤੋਂ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਦੇਸ਼-ਵਿਦੇਸ਼ ਦੀਆਂ ਅਨੇਕਾਂ ਅਖਬਾਰਾਂ 'ਚ ਛਪ ਚੁੱਕੇ ਪਰਮਾਰ ਜੀ ਦਸ ਨੈਸ਼ਨਲ ਅਤੇ ਇੰਟਰਨੈਸ਼ਨਲ ਕੱਾਨਫਰੰਸਾਂ ਦੀ ਸ਼ਾਨ ਵੀ





ਰਹੇ ਹਨ। ਉਹ ਜਿੱਥੇ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋ.ਲੀ ਪਾ ਚੁੱਕੇ ਹਨ, ਉਥੇ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਦੀਆਂ ਭੂਮਿਕਾਵਾਂ ਅਤੇ ਰੀਵਿਊ ਲਿਖਣ ਦੇ ਨਾਲ ਦਸ ਰੀਸਰਚ-ਪੱਤਰ ਵੀ ਛਪਵਾ ਚੁੱਕੇ ਹਨ। 'ਪੰਜਾਬੀ ਨਾਵਲ, ਰਿਸ਼ਤਿਆਂ ਦੀ ਪਰਿਭਾਸ਼ਾ' ਉੱਪਰ ਪੀ-ਐਚ. ਡੀ. ਕਰਨ ਤੋਂ ਬਾਅਦ ਉਨਾਂ 'ਪੰਜਾਬੀ ਵਾਕ ਵਿਉਂਤ ਅਤੇ ਬਣਤਰ', 'ਗਿਆਨਪੀਠ ਗੁਰਦਿਆਲ ਸਿੰਘ ਦੀ ਸਾਹਿਤ ਚੇਤਨਾ' ਤੇ 'ਮੈਗਜ਼ੀਨ ਪਹਿਲ' ਆਦਿ ਰਚਨਾਵਾਂ ਦੀ ਰਚਨਾ ਕੀਤੀ। ਸਾਹਿਤ ਸਭਾਵਾਂ, ਕਨਫਰੰਸਾਂ, ਸਾਹਿਤ ਸਮਾਰੋਹਾਂ, ਸਾਹਿਤ ਅਕਾਦ-ਮੀਆਂ ਵਿਚ ਉਹਨਾਂ ਨੇ ਬੇਸ਼ੁਮਾਰ ਪਰਚੇ ਪੜੇ ਹਨ। ਸਾਹਿਤ ਇਤਿਹਾਸ ਦੇ ਕੋਨੇ-ਕੋਨੇ ਦੀ ਯਾਤਰਾ ਕਰਕੇ ਭਾਸ਼ਾ, ਸਾਹਿਤ, ਇਤਿਹਾਸ, ਲੋਕਧਾਰਾ, ਆਲੋਚਨਾ ਤੇ ਖੋਜ ਨੂੰ ਉਨਾਂ ਨੇ ਇਕ-ਤਰ ਕੀਤਾ। ਰਚਨਾਕਾਰ ਦੀ ਰਚਨਾ, ਰਚਨਾ ਦੀ ਪ੍ਰਮਾਣਿਕਤਾ ਤੇ ਤੱਥ ਤਾਰੀਖਾਂ ਨੂੰ ਢੇਰ ਸੂਝ ਨਾਲ ਵਾਚਿਆ। ਉਨਾਂ ਦੇ ਸਿਧਾਂਤਾਂ, ਵਿਧੀਆਂ, ਵਾਰਤਾਵਾਂ ਨੂੰ ਤਰਕ, ਬੁੱਧੀ ਤੇ ਦਲੀਲ ਨਾਲ ਛੋਟੇ-ਛੋਟੇ ਵਾਕਾਂ ਅਤੇ ਵੱਡੇ-ਵੱਡੇ ਪੈਰਿਆਂ ਵਿੱਚ ਵ ਂ ਡ ਿ ਦ ਅ ਾ ਂ ਖੂਬਸੂਰਤ ਰਚਨਾ ਕਰਕੇ ਵੱਡ ਅਕਾਰੀ ਯੂ. ਜੀ. ਸੀ. ਅਤੇ ਹੋਰ ਉੱਚ-ਪ੍ਰੀਖਿਆਵਾਂ ਦੀ ਪੁਸਤਕ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ : ਸੂਖ਼ਮ ਅਧਿਐਨ' ਤਿਆਰ ਕੀਤੀ। ਮਾਣ ਦੀ ਗੱਲ ਹੈ ਕਿ ਯੂ. ਜੀ. ਸੀ. (ਨੈੱਟ) ਪੰਜਾਬੀ ਦੀ ਪ੍ਰੀਖਿਆ ਲਈ ਤਾਂ ਉਨਾਂ ਦੀ ਇਹ ਪੁਸਤਕ ਵਿਸ਼ੇਸ਼ ਲਾਹੇਵੰਦ ਰਹੀ ਹੈ। ਇਸ ਨੂੰ ਪੜ ਕੇ ਵਿਦਿਆਰਥੀ ਉੱਚ-ਪ੍ਰੀਖਿਆਵਾਂ ਪਾਸ ਕਰ ਰਹੇ ਹਨ ਤੇ ਚੰਗੀਆਂ ਨੌਕਰੀਆਂ ਪ੍ਰਾਪਤ ਕਰ ਰਹੇ ਹਨ। ਜਿਨਾਂ ਦਾ ਹਵਾਲਾ ਅਕਸਰ ਉਨਾਂ ਦੀਆਂ ਪੁਸਤਕਾਂ ਦੇ ਪਿੱਛੇ ਦਿੱਤਾ ਹੁੰਦਾ ਹੈ। ਪ੍ਰੋ. ਸਤਗੁਰ ਸਿੰਘ ਦੇ ਕਹਿਣ ਅਨੁਸਾਰ, ''ਉਨਾਂ ਨੇ ਲੋਕਧਾਰਾ ਨੂੰ ਬੇਦੀ ਵਾਂਗ, ਸੱਭਿਆਚਾਰ ਨੂੰ ਸਤਿਆਰਥੀ ਵਾਂਗ, ਆਲੋਚਨਾ ਨੂੰ ਕੇਸਰ ਸਿੰਘ ਵਾਂਗ, ਭਾਸ਼ਾ ਵਿਗਿਆਨ ਨੂੰ ਹਰਕੀਰਤ ਵਾਂਗ, ਇਤਿਹਾਸਕਾਰੀ ਨੂੰ ਜੀਤ ਸਿੰਘ ਸੀਤਲ ਵਾਂਗ ਤੇ ਸਮੁੱਚੇ ਕਿਤਾਬ ਦੀ ਤਰਕ ਤਰਤੀਬ ਨੂੰ ਵਾਰਿਸ ਸ਼ਾਹ ਵਾਂਗ ਗੁੰਦਿਆ ਹੈ।''

ਅਧਿਆਪਨ ਕਾਰਜ ਕਰਦਿਆਂ ਵਿਦਿਆਰਥੀ ਵਰਗ ਲਈ 'ਇੱਕ ਸੰਕਲਪ ਦੀ ਇੱਕ ਹੀ ਪੁਸਤਕ ਵਿੱਚ ਸੰਪੂਰਨ ਵਿਆਖਿਆ ਹੋਵੇ' ਦੇ ਨਜ਼ਰੀਏ ਵਿੱਚੋਂ 'ਪੰਜਾਬੀ ਵਾਕ ਵਿਉਂਤ ਅਤੇ ਬਣਤਰ' ਪੁਸਤਕ ਦਾ ਉਨਾਂ ਆਗਾਜ਼ ਕੀਤਾ। ਪੁਸਤਕ ਰੂਪ-ਰੇਖਾ ਡੌ.ਲਦਿਆਂ ਵਾਕ ਦੇ ਸ਼ਬਦੀ ਅਰਥ, ਪਰਿਭਾਸ਼ਾ ਤੋਂ ਲੈ ਕੇ ਸਮੁੱਚੀ ਵਾਕ ਵਿਉਂਤ ਅਤੇ ਬਣਤਰ ਨੂੰ ਵਿਸਥਾਰ ਸਾਹਿਤ ਚਿੱਤਰਦਿਆਂ ਅਨੇਕਾਂ ਸਥਾਪਤ ਵਿਗਿਆਨੀਆਂ ਦੀਆਂ ਧਾਰਨਾਵਾਂ ਅਤੇ ਸੰਕਲਪਾਂ ਨੂੰ ਅਭਾਰ ਸਹਿਤ ਹੋਰ ਵਿਸਤਾਰਿਆ ਗਿਆ। ਉਨਾਂ ਦਾ ਯਤਨ ਵਿਦਿਆਰਥੀਆਂ ਅਤੇ ਨਵੇਂ ਖੋਜੀਆਂ ਲਈ ਆਧਾਰ ਸਮੱਗਰੀ ਪ੍ਰਦਾਨ ਕਰਕੇ ਉੱਚ ਸਿੱਖਿਆ ਵਿਗਿਆਨ ਨੂੰ ਸੌਖਾ ਅਤੇ ਸਹਿਜ ਬਣਾਉਣਾ ਹੈ।

'ਗਿਆਨਪੀਠ ਗੁਰਦਿਆਲ ਸਿੰਘ ਦੀ ਸਾਹਿਤ ਚੇਤਨਾ' ਪੁਸਤਕ ਵਿੱਚ ਉਨਾਂ ਨੇ ਨਵੀਂ ਬਹਿਸ ਸਬੰਧੀ ਸੱਦਾ ਦੇਣ ਦੀ ਜਗਿਆਸਾ ਜਗਾਉਣ ਲਈ ਪਰਲੋਕ ਵਿੱਚ ਬੈਠੇ ਗੁਰਦਿਆਲ ਸਿੰਘ ਦੀ ਸਰਬਾਂਗੀ ਸਿਰਜਣਾ, ਅਧਿਐਨ ਦੌਰਾਨ ਹਾਸਲ ਹੋਏ ਨਵੇਂ ਗਲਪੀ ਪੈਰਾਡਾਈਮ ਨਵੀਆਂ ਵਿਚਾਰਧਾਰਕ ਸੰਭਾਵਨਾਵਾਂ ਅਤੇ ਨਵੇਂ ਨੁਕਤੇ ਤਲਾਸ਼ਣ ਦੀ ਸਿੱਕ ਪਾ.ਲੀ ਹੈ। ਗੁਰਦਿਆਲ ਸਿੰਘ ਦੀਆਂ ਲਗਭਗ ਸਾਰੀਆਂ ਰਚਨਾਵਾਂ ਉੱਪਰ ਨਵੇਂ ਦ੍ਰਿਸ਼ਟੀਕੋਣ ਤੋਂ ਕੰਮ ਕੀਤਾ ਗਿਆ ਹੈ। ਗੁਰਦਿਆਲ ਸਿੰਘ ਦੀ ਰਚਨ-ਾਵਲੀ ਸਬੰਧੀ ਵਿਸ਼-ਲੇਸ਼ਣਾਤਮਕ ਨਜ਼ਰੀਆ ਉਭਾਰਦਿਆਂ ਡਾ. ਸੁਖਵਿੰਦਰ ਪਰਮਾਰ ਦਾ ਕਹਿਣਾ ਹੈ ਕਿ,'' ਗੁਰਦਿਆਲ ਸਿੰਘ ਦਾ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਤੱਕ ਦੀ ਗੱਲ ਪਰਤਨਾ ਤੋਂ ਇੱਕ ਨਵੀਂ ਦਿਸ਼ਾ ਵੱਲ ਤੁਰਨ ਦਾ ਯਤਨ ਮਿੱਥਿਆ ਗਿਆ ਹੈ।'' ਉਨਾਂ ਨੂੰ ਇਸ ਗੱਲ ਦਾ ਰੰਜ ਵੀ ਹੈ ਕਿ ਭਾਰਤ ਦੇ ਇਸ ਵਿਸ਼ੇਸ਼ ਨਾਵਲਕਾਰ ਨੂੰ ਸਿਰਫ਼ ਯਥਾਰਥਵਾਦੀ ਹੀ ਆਖ ਦਿੱਤਾ ਜਾਂਦਾ ਹੈ। ਉਹ ਕਿਸ ਤਰਾਂ ਦਾ ਯਥਾਰਥਵਾਦੀ ਹੈ, ਇਹ ਕਿਤੇ ਨਹੀਂ ਵਿਚਾਰਿਆ ਜਾਂਦਾ। ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਵਸਤੂ ਵਜੋਂ ਪੇਸ਼ ਹੋਏ ਮਾਨਸਿਕ ਵਿਅਕਤੀਗਤ ਦਵੰਦ, ਅੰਤਰ ਵਿਅਕਤੀਗਤ ਦਵੰਦ, ਸੋਚ ਦਵੰਦ, ਵਿਚਾਰਧਾਰਕ ਦਵੰਦ, ਸਮੇਂ ਤੇ ਸਥਿਤੀ ਦੇ ਦਵੰਦ ਨੂੰ ਵੱਡੀਆਂ ਕਲਮਾਂ ਨੇ ਅੱਖੋਂ ਪਰੋਖੇ ਹੀ ਰੱਖਿਆ ਹੈ। ਨਵੀਂ ਬਹਿਸ ਲਈ ਮਨ ਮਸਤਕ ਵਿੱਚ ਇਹ ਸੋਚ ਰੱਖਦਿਆਂ ਕਿ ਇੱਕੋ ਪੁਸਤਕ ਵਿੱਚ ਇੱਕੋ ਸਾਹਿਤ ਸਿੱਖੀ ਪੁਨਰ ਵਿੱਚ ਰੂਪਮਾਨ ਹੋਵੇ ਦੇ ਨਜ਼ਰੀਏ ਤੋਂ ਇਹ ਪੁਸਤਕ ਰਚੀ ਗਈ। ਪ੍ਰੋ. ਸਤਗੁਰ ਸਿੰਘ ਦੀ ਨਵੀਂ ਆ ਰਹੀ ਪੁਸਤਕ 'ਪੋਥੀ ਪਰਬਤ' ਵਿੱਚ ਨਵੀਂ ਆਲੋਚਨਾ ਵਿਧੀ ਦੀ ਲੰਮੀ ਤੇ ਚਰਚਾਮਈ ਭੂਮਿਕਾ ਉਨਾਂ ਨੇ ਬੰਨੀ ਹੈ। ਆਪਣੀ ਧਰਮ-ਪਤਨੀ ਰਵਿੰਦਰ ਕੌਰ, ਬੇਟਾ ਕੀਰਤ ਗੁਰਸਿਦਕ ਸਿੰਘ ਅਤੇ ਬੇਟੀ ਸੀਰਤ ਗੁਰਨਾਜ਼ ਕੌਰ ਨਾਲ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਦਿਆਂ, ਪੰਜਾਬੀ ਸਾਹਿਤ ਦੀ ਸੇਵਾ ਵਿਚ ਨਵੀਆਂ ਪੈੜਾਂ ਸਿਰਜ ਰਹੇ ਡਾ. ਸੁਖਵਿੰਦਰ ਪਰਮਾਰ ਜੀ ਦੀ ਮਿਹਨਤ ਨੂੰ ਤਾਰਿਆਂ ਦੇ ਭਰਵੇਂ ਅੰਬਰ ਜਿੰਨਾ ਬੂਰ ਪਵੇ ! ਦਿਲੀ ਦੁਆਵਾਂ ਤੇ ਇੱਛਾਵਾਂ ਹਨ, ਇਸ ਨਿਮਾਣੀ ਕਲਮ ਦੀਆਂ!

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:

650-642-0697

**3525 Highway 99, West Corning, CA 96021**

Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service


Car Care You Can Trust

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ

## ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਜਨਮ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



**5 ਸਤੰਬਰ 2020 ਨੂੰ**
**ਵੀਡੀਓ ਕਾਨਫਰੰਸ ਰਾਹੀਂ ਸੰਗਤਾਂ**
**ਨਾਲ ਜੁੜ ਕੇ ਬਾਬਾ ਜੀਵਨ ਸਿੰਘ ਜੀ**
**ਦੇ ਜੀਵਨ ਤੇ ਕੁਰਬਾਨੀਆਂ ਬਾਰੇ**
**ਵਿਚਾਰਾਂ ਕੀਤੀਆਂ ਜਾਣਗੀਆਂ ਜੀ**



### ਸੰਗਤ ਦੇ ਦਾਸ

ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੌਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ),

ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।



## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

## ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991